# ਰੇਤ ਦੇ ਘਰ

**ਏਸੇ ਕਲਮ ਤੋਂ...**

- ਧੁਖਦੀਆਂ ਸਵੇਰਾਂ ਬਲਦੀਆਂ ਸ਼ਾਮਾਂ (ਕਾਵਿ-ਸੰਗ੍ਰਹਿ)
- ਸਾਗਰ ਦੇ ਸਫ਼ੇ 'ਤੇ (ਕਾਵਿ-ਸੰਗ੍ਰਹਿ)
- ਸਮੁੰਦਰ ਦਾ ਆਦਮੀ (ਪੰਜਾਬੀ ਦੋ ਐਡੀਸ਼ਨ) (ਕਹਾਣੀ-ਸੰਗ੍ਰਹਿ)
- ਸਮੁੰਦਰ ਦਾ ਆਦਮੀ (ਹਿੰਦੀ) (ਕਹਾਣੀ-ਸੰਗ੍ਰਹਿ)

# ਰੇਤ ਦੇ ਘਰ

(ਕਹਾਣੀ ਸੰਗ੍ਰਹਿ)

ਪਰਮਜੀਤ ਮਾਨ

Autumn Art

Published by
Autumn Art (India)
V.P.O. Balian, Distt. Sangrur (148001), Mob. 9115872450
E-mail: autumnartpublishers@gmail.com

*all rights reserved.*

Logo of Autumn Art *by* Kafir

© 2019
ISBN 978-1-989310-15-1

Printed & Bound at:
Twentyfirst Century Printing Press, (Patiala)

Rett De Ghar (a book Of Stories)

*by* Paramjit Maan
Handiaya Road, Barnala (148101)
Email: ps.maan@hotmail.com
Mob. 79738-00262

# ਸਮਰਪਣ

ਉਨ੍ਹਾਂ ਸੁਹਿਰਦ ਔਰਤਾਂ ਤੇ ਮਰਦਾਂ ਦੇ ਨਾਂ,
ਜੋ ਸਮਾਜ ਵਿਚਲੇ ਗੰਧਲੇਪਣ ਨੂੰ ਸਾਫ਼ ਕਰਕੇ,
ਇਸ ਨੂੰ ਹੋਰ ਸਾਫ਼, ਸੋਹਣਾ ਤੇ ਪਿਆਰਾ ਬਣਾਉਣ
ਲਈ ਯਤਨਸ਼ੀਲ ਨੇ...

# ਫਿਰ ਹਾਜ਼ਰ ਹਾਂ

ਸਮੁੰਦਰ ਬਾਰੇ ਕਹਾਣੀਆਂ ਦੀ ਮੇਰੀ ਕਿਤਾਬ 'ਸਮੁੰਦਰ ਦਾ ਆਦਮੀ' ਆਉਣ ਤੋਂ ਬਾਅਦ, ਲੰਮਾ ਸਮਾਂ ਮੈਂ ਰਾਜਨੀਤਕ ਸਫ਼ਰ 'ਚ ਉਲਝਿਆ ਰਿਹਾ। ਇਸ ਕਿਤਾਬ ਦੇ ਤਿੰਨ ਐਡੀਸ਼ਨ ਛਪੇ। ਦੋ ਪੰਜਾਬੀ ਵਿੱਚ ਤੇ ਇੱਕ ਹਿੰਦੀ ਵਿੱਚ। ਜਿਨ੍ਹਾਂ ਹੱਥਾਂ 'ਚ ਵੀ ਕਿਤਾਬ ਗਈ ਜਾਂ ਜਿਨ੍ਹਾਂ ਨੇ ਮੈਗ਼ਜ਼ੀਨਾਂ 'ਚੋਂ ਕਹਾਣੀਆਂ ਪੜ੍ਹੀਆਂ, ਕਹਾਣੀਆਂ ਨਵੇਂ ਵਿਸ਼ੇ (ਸਮੁੰਦਰ) ਨਾਲ ਸੰਬੰਧਤ ਹੋਣ ਕਾਰਨ, ਪੰਜਾਬੀ ਲੇਖਕਾਂ\ਪਾਠਕਾਂ ਵੱਲੋਂ ਬਹੁਤ ਵਧੀਆ ਹੁੰਗਾਰਾ ਮਿਲਿਆ। ਹਿੰਦੀ ਐਡੀਸ਼ਨ ਦਾ ਵੀ ਦੇਹਰਾਦੂਨ ਤੇ ਦਿੱਲੀ ਦੇ ਆਲੋਚਕਾਂ\ਪਾਠਕਾਂ ਤੋਂ ਵਧੀਆ ਹੁੰਗਾਰਾ ਮਿਲਿਆ ਤੇ ਮੈਂ ਸੰਤੁਸ਼ਟ ਹਾਂ।

ਮੇਰੇ ਅੰਦਰ, ਲੰਬਾ ਸਮਾਂ ਨੇਵੀ ਦੇ ਜਹਾਜ਼ਾਂ 'ਚ ਨੌਕਰੀ ਕਰਨ ਕਰਕੇ ਅਜੇ ਵੀ ਸਮੁੰਦਰ ਬਾਰੇ ਕਾਫ਼ੀ ਉਥਲ-ਪੁਥਲ ਚੱਲ ਰਹੀ ਸੀ, ਜਿਸ ਨੂੰ ਮੈਂ ਹੁਣ ਬਾਹਰ ਲਿਆਉਣ ਦੀ ਕੋਸ਼ਿਸ਼ ਕੀਤੀ ਤੇ ਇਹ ਦਸ ਕਹਾਣੀਆਂ ਲੈ ਕੇ ਫਿਰ ਹਾਜ਼ਰ ਹਾਂ। ਇਨ੍ਹਾਂ 'ਚ ਵੀ ਸਮੁੰਦਰ ਤੇ ਜਹਾਜ਼ੀ ਜ਼ਿੰਦਗੀ ਨਾਲ ਜੁੜੇ ਲੋਕਾਂ ਬਾਰੇ ਕਾਫੀ ਜਾਣਕਾਰੀ ਹੈ।

ਪੰਜਾਬੀ ਸਾਹਿਤ 'ਚ ਸਮੁੰਦਰ ਬਾਰੇ ਘੱਟ ਹੀ ਕਹਾਣੀਆਂ ਹਨ। ਮੈਂ ਆਪਣੇ ਵੱਲੋ ਭਰਪੂਰ ਯਤਨ ਕੀਤਾ ਹੈ ਕਿ ਪਾਠਕਾਂ ਨੂੰ ਸਮੁੰਦਰੀ ਜੀਵਨ ਦੇ ਰੂਬਰੂ ਕਰਵਾਵਾਂ। ਇਹ ਵੀ ਕੋਸ਼ਿਸ਼ ਕੀਤੀ ਹੈ ਕਿ ਕਹਾਣੀ ਪਾਠਕ ਨੂੰ ਨਾਲ ਲੈ ਕੇ ਤੁਰੇ। ਇੱਕ ਸਕਰੀਨ ਦੀ ਤਰ੍ਹਾਂ ਪਾਠਕ ਦੇ ਮਨ 'ਚ ਚੱਲੇ। ਉਹ ਆਪਣੇ ਆਪ ਨੂੰ ਉਸ ਜਗ੍ਹਾ\ਸਥਿਤੀ 'ਚ ਖੜ੍ਹਾ ਮਹਿਸੂਸ ਕਰੇ। ਮੈਂ ਕਿੰਨਾ ਕਾਮਯਾਬ ਹੋਇਆ ਹਾਂ, ਇਹ ਪਾਠਕਾਂ ਦੇ ਹੁੰਗਾਰੇ ਤੋਂ ਬਾਅਦ ਹੀ ਪਤਾ ਚੱਲੇਗਾ। ਉਮੀਦ ਹੈ ਪੁਸਤਕ 'ਰੇਤ ਦੇ ਘਰ' ਦੀਆਂ ਕਹਾਣੀਆਂ ਰੌਚਿਕਤਾ ਪ੍ਰਦਾਨ ਕਰਨ ਦੇ ਨਾਲ-ਨਾਲ, ਪਾਠਕ ਦੇ ਗਿਆਨ 'ਚ ਵਾਧਾ ਵੀ ਕਰਨਗੀਆਂ।

ਆਲੋਚਕ ਤੇ ਪਾਠਕ 'ਰੇਤ ਦੇ ਘਰ' ਦੀਆਂ ਕਹਾਣੀਆਂ ਨੂੰ 'ਸਮੁੰਦਰ ਦਾ ਆਦਮੀ' ਦੀਆਂ ਕਹਾਣੀਆਂ ਨਾਲ ਨਾਪਣ ਤੇ ਮੇਚਣ ਦਾ ਯਤਨ ਵੀ ਕਰਨਗੇ। ਹੋਣਾ ਵੀ ਚਾਹੀਦਾ ਹੈ ਤਾਂ ਕਿ ਮੈਨੂੰ ਵੀ ਪਤਾ ਲੱਗੇ ਕਿ ਮੈਂ ਦੋ ਕਦਮ ਅਗਾਂਹ ਵੱਲ ਪੁੱਟੇ ਹਨ, ਜਾਂ ਕਿਤੇ ਪਛਾਂਹ ਹੀ ਤਾਂ ਨਹੀ ਪੁੱਟ ਲਏ। ਇਹ ਗੱਲ ਲੇਖਕ ਨੂੰ ਪਾਠਕ ਤੇ ਆਲੋਚਕ ਹੀ ਦੱਸ ਸਕਦੇ ਹਨ।

ਇੱਕ ਗੱਲ ਹੋਰ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ, ਜ਼ਿਆਦਾਤਰ ਕਹਾਣੀ ਖੇਤੀ ਤੇ ਪੇਂਡੂ ਜੀਵਨ ਬਾਰੇ ਲਿਖੀ ਗਈ ਤੇ ਅਜੇ ਵੀ ਲਿਖੀ ਜਾ ਰਹੀ ਹੈ।

ਖੇਤ ਮਜ਼ਦੂਰ, ਮੱਧ ਵਰਗ, ਦਲਿਤ ਤੇ ਪ੍ਰਵਾਸ ਬਾਰੇ ਵੀ ਲਿਖਿਆ ਜਾ ਰਿਹਾ ਹੈ ਤੇ ਸਾਡੇ ਆਲੋਚਕਾਂ ਨੇ ਵੀ ਇਨ੍ਹਾਂ ਵਿਸ਼ਿਆਂ ਨੂੰ ਬੜੀ ਬਾਰੀਕੀ ਨਾਲ ਲਿਆ ਹੈ। ਸਮੁੰਦਰ ਦਾ ਪੰਜਾਬ ਨਾਲ ਵਾਹ-ਵਾਸਤਾ ਨਾ ਹੋਣ ਕਰਕੇ, ਨਾ ਇਸ ਬਾਰੇ ਲਿਖਿਆ ਗਿਆ ਤੇ ਨਾ ਹੀ ਆਲੋਚਕਾਂ ਦਾ ਕੋਈ ਬਹੁਤਾ ਧਿਆਨ ਗਿਆ। ਹਾਂ ਸਮੁੰਦਰ ਬਾਰੇ ਕੁਝ ਅਨੁਵਾਦ ਹੋਇਆ ਸਾਹਿਤ ਪਾਠਕਾਂ ਕੋਲ ਜਰੂਰ ਪਹੁੰਚਿਆ ਤੇ ਪੜ੍ਹਿਆ ਵੀ ਗਿਆ। ਫਿਰ ਵੀ ਮੈਨੂੰ ਖ਼ੁਸ਼ੀ ਹੈ ਕਿ ਚੇਤਨਾ ਪ੍ਰਕਾਸ਼ਨ ਵੱਲੋਂ ਛਾਪੀ ਕਿਤਾਬ 'ਪੰਜਾਬੀ ਕਹਾਣੀ ਸਰੋਕਾਰ ਤੇ ਸੰਰਚਨਾ' 'ਚ ਮੇਰੀ ਕਿਤਾਬ ਤੇ ਡਾ. ਗੁਰਇਕਬਾਲ ਨੇ ਬੜੀ ਬਾਰੀਕੀ ਨਾਲ ਘੋਖ ਕਰਕੇ ਪੂਰੇ ਨੌਂ ਪੇਜ਼ ਦਾ ਸ਼ਾਨਦਾਰ ਚੈਪਟਰ ਲਿਖਿਆ। ਮਨਮੋਹਨ ਬਾਵਾ, ਸੁਖਵੰਤ ਕੌਰ ਮਾਨ, ਅਤਰਜੀਤ, ਕੁਲਦੀਪ ਸਿੰਘ ਬੇਦੀ, ਸੋਮਾ ਸਬਲੋਕ, ਜੋਰਾ ਸਿੰਘ ਸੰਧੂ, ਅਮਨਪਾਲ ਸਾਰਾ, ਕੁਲਜੀਤ ਮਾਨ, ਹਰਪ੍ਰੀਤ ਸੇਖਾ ਤੇ ਬਲਬੀਰ ਕੌਰ ਸੰਘੇੜਾ ਦੇ ਬਰਾਬਰ ਮੇਰੀ ਕਿਤਾਬ ਦਾ ਨੋਟਿਸ ਲਿਆ ਗਿਆ, ਇਹ ਮੇਰੇ ਲਈ ਖ਼ੁਸ਼ੀ ਦੀ ਗੱਲ ਹੈ। ਹੋਰ ਕਈ ਥਾਵਾਂ 'ਤੇ ਵੀ ਕਿਤਾਬ ਦਾ ਜ਼ਿਕਰ ਹੁੰਦਾ ਰਿਹਾ।

ਹੁਣ ਦੁਨੀਆਂ ਇੱਕ ਪਿੰਡ ਬਣ ਚੁੱਕੀ ਹੈ ਤੇ ਹਰ ਵਿਧਾ ਤੇ ਮੌਲਿਕ ਸਾਹਿਤ ਦੀ ਰਚਨਾ ਹੋ ਰਹੀ ਹੈ। 'ਸਮੁੰਦਰ ਦਾ ਆਦਮੀ' ਤੋਂ ਬਾਦ 'ਰੇਤ ਦੇ ਘਰ' ਕਹਾਣੀਆਂ ਦੀ ਮੇਰੀ ਦੂਸਰੀ ਕਿਤਾਬ ਹੈ ਤੇ ਮੈਨੂੰ ਪੂਰੀ ਉਮੀਦ ਹੈ ਕਿ ਇਹ ਆਲੋਚਕਾਂ ਦਾ ਹੋਰ ਧਿਆਨ ਖਿੱਚੇਗੀ। ਆਲੋਚਕ ਸਮੁੰਦਰ ਦੇ ਵਿਸ਼ੇ ਬਾਰੇ ਲਿਖੀ ਜਾ ਰਹੀ ਕਹਾਣੀ ਨੂੰ ਵੀ ਆਪਣੇ ਕਾਲਮਾਂ 'ਚ ਯੋਗ ਸਥਾਨ ਦੇ ਕੇ, ਲੇਖਕ ਤੇ ਪਾਠਕ ਦੋਵਾਂ ਨੂੰ ਇਸ ਵਿਸ਼ੇ ਬਾਰੇ ਲਿਖਣ ਤੇ ਪੜ੍ਹਨ ਲਈ ਉਤਸ਼ਾਹਤ ਕਰਨਗੇ। ਇਹ ਕਿਤਾਬ ਆਪ ਜੀ ਦੇ ਹੱਥਾਂ 'ਚ ਸੌਂਪਣ ਦੀ ਖ਼ੁਸ਼ੀ ਲੈ ਰਿਹਾ ਹਾਂ ਤੇ ਆਪ ਦੇ ਹੁੰਗਾਰੇ ਦੀ ਉਡੀਕ ਰਹੇਗੀ।

*- ਪਰਮਜੀਤ ਮਾਨ*

# ਤਰਤੀਬ


- ਬਰਫ਼ ਦੀ ਡਲੀ 11
- ਕੈਪਟਨ ਉਦਾਸ ਸੀ 26
- ਜੱਸੀ 37
- ਫ਼ੈਸਲੇ ਦੀ ਘੜੀ 49
- ਸੁਪਨੇ ਦੀ ਜ਼ਖ਼ਮੀ ਗਾਥਾ 65
- ਵਰ ਕਿ ਸਰਾਪ 75
- ਨੀਲਮਾ 83
- ਰੇਗਿਸਤਾਨ ਦੇ ਹੰਝੂ 93
- ਰੇਤ ਦੇ ਘਰ 106
- ਗੱਡੀ ਦੌੜੀ ਜਾ ਰਹੀ 117

# ਬਰਫ ਦੀ ਡਲੀ

ਹਵਾਈ ਜਹਾਜ਼ ਨੇ ਅਮਰੀਕਾ ਦੇ ਮਸ਼ਹੂਰ ਸ਼ਹਿਰ 'ਹਿਊਸਟਨ' ਦੇ ਆਕਾਸ਼ ਵਿੱਚ ਚੱਕਰ ਕੱਟਿਆ। ਲੈਂਡਿੰਗ ਲਈ ਆਪਣੀ ਪੁਜੀਸ਼ਨ ਸੈੱਟ ਕੀਤੀ ਤੇ ਦੇਖਦੇ ਹੀ ਦੇਖਦੇ ਹਵਾਈ ਪਟੜੀ 'ਤੇ ਲੈਂਡ ਕਰ ਗਿਆ।

ਵਿਜੈ ਪਹਿਲੀ ਵਾਰ ਹਿਊਸਟਨ ਆਇਆ ਸੀ। ਕੰਪਨੀ ਏਜੰਟ ਹਵਾਈ ਅੱਡੇ 'ਤੇ ਪਹੁੰਚਿਆ ਹੋਇਆ ਸੀ। ਰਸਮੀ ਜਾਣ-ਪਹਿਚਾਣ ਤੋਂ ਬਾਅਦ ਉਹ ਸਿੱਧਾ ਹੋਟਲ ਵੱਲ ਚੱਲ ਪਏ।

ਸਵਾਗਤੀ-ਕਾਊਂਟਰ ਉੱਪਰ ਬਹੁਤ ਹੀ ਸੁੰਦਰ ਦੋ ਲੜਕੀਆਂ ਖੜ੍ਹੀਆਂ ਸਨ। ਦੋਵਾਂ ਨੇ ਖ਼ੁਸ਼ਬੂ ਰੂਪੀ ਮੁਸਕਰਾਹਟ ਬਿਖ਼ੇਰ ਉਨ੍ਹਾਂ ਦਾ ਸਵਾਗਤ ਕੀਤਾ। ਸਾਰੀ ਗੱਲਬਾਤ ਤੇ ਕਾਗ਼ਜ਼ੀ ਕਾਰਵਾਈ ਏਜੰਟ ਨੇ ਕੀਤੀ। ਕੋਲ ਖੜ੍ਹੇ ਵਿਜੈ ਨੇ ਨੋਟ ਕੀਤਾ, ਉਨ੍ਹਾਂ ਦਾ ਗੱਲ ਕਰਨ ਦਾ ਢੰਗ ਬਹੁਤ ਹੀ ਵਧੀਆ ਸੀ। ਹਰ ਗੱਲ 'ਚ ਉਹ 'ਸਰ' ਸ਼ਬਦ ਦੀ ਵਰਤੋਂ ਕਰਦੀਆਂ ਸਨ। 'ਵੈਲਕਮ ਸਰ, ਓ.ਕੇ. ਸਰ, ਥੈਂਕ ਯੂ ਸਰ, ਆਦਿ।

ਝੱਟ ਹੀ ਚੈੱਕ-ਇਨ ਦੀ ਕਾਰਵਾਈ ਪੂਰੀ ਹੋ ਗਈ। ਕਮਰੇ ਦੀ ਚਾਬੀ ਏਜੰਟ ਦੇ ਹੱਥ ਫੜਾ ਉਨ੍ਹਾਂ ਦੱਸਿਆ, "ਸਰ, ਇਹ ਕਮਰਾ ਪਹਿਲੀ ਮੰਜ਼ਿਲ 'ਤੇ ਹੈ। ਤੁਸੀਂ ਸਾਡੇ ਮਹਿਮਾਨ ਹੋ। ਕੋਈ ਤਕਲੀਫ਼ ਹੋਵੇ ਤਾਂ ਸੇਵਾ ਲਈ ਹਾਜ਼ਰ ਹਾਂ। ਹੋਟਲ 'ਚ ਚੈੱਕ-ਇਨ ਕਰਨ ਲਈ ਸ਼ੁਕਰੀਆ।"

ਏਜੰਟ ਨੇ 'ਸ਼ੁਕਰੀਆ' ਕਹਿ ਚਾਬੀ ਫੜੀ ਤੇ ਅੱਗੇ ਵਿਜੈ ਦੇ ਹੱਥ ਫੜਾ ਦਿੱਤੀ, "ਓ.ਕੇ. ਮਿਸਟਰ ਵਿਜੈ, ਹੁਣ ਤੁਸੀਂ ਆਰਾਮ ਕਰੋ। ਜਹਾਜ਼ ਲੇਟ ਹੋ ਗਿਆ ਹੈ ਤੇ 5-6 ਦਿਨ ਤੱਕ ਇੰਤਜ਼ਾਰ ਕਰਨਾ ਪੈ ਸਕਦਾ ਹੈ। ਜਹਾਜ਼ ਦੇ ਬੰਦਰਗਾਹ 'ਚ ਪਹੁੰਚਦੇ ਹੀ ਤੁਹਾਨੂੰ ਜਹਾਜ਼ 'ਚ ਪਹੁੰਚਾ ਦਿੱਤਾ ਜਾਵੇਗਾ। ਤਦ ਤੱਕ ਕਿਧਰੇ ਵੀ ਘੁੰਮ-ਫਿਰ ਸਕਦੇ ਹੋ....ਗੁੱਡ-ਡੇ।" ਕਹਿ ਏਜੰਟ ਹੋਟਲ ਦੇ ਬਾਹਰਲੇ ਦਰਵਾਜ਼ੇ ਵੱਲ ਤੁਰ ਪਿਆ।

'ਕਮਾਲ ਹੈ! ਹਰ ਗੱਲ ਪਰਫੈਕਟ। ਨਾ ਰੱਤੀ ਘੱਟ, ਨਾ ਤੋਲਾ ਵੱਧ। ਇਹ ਲੋਕ ਆਪਣੀ ਡਿਊਟੀ ਪ੍ਰਤੀ ਕਿੰਨਾ ਸਪੱਸ਼ਟ ਹਨ। ਸਾਡਾ ਮੁਲਕ ਹੁੰਦਾ ਏਜੰਟ ਨੇ ਟਾਇਮ 'ਤੇ ਆਉਣਾ ਹੀ ਨਹੀਂ। ਲੇਟ ਆ ਕੇ ਤਰ੍ਹਾਂ-ਤਰ੍ਹਾਂ ਦੇ ਬਹਾਨੇ। ਕਈ ਵਾਰ ਖਾਣ-ਪੀਣ ਦਾ ਲਾਲਚ ਤੱਕ ਕੇ ਕਮਰੇ ਤੱਕ ਆ ਜਾਣਗੇ, ਕੀ

ਮੰਗਾਵਾਂ ਸਰ।'

ਸੋਚਾਂ 'ਚੋਂ ਬਾਹਰ ਆ ਵਿਜੈ ਕਮਰੇ ਦੀ ਚਾਬੀ ਲੈ ਦੱਸੇ ਕਮਰੇ ਵਿਚ ਪਹੁੰਚ ਗਿਆ। ਮੁੰਬਈ, ਲੰਡਨ, ਨਿਊਯਾਰਕ, ਹਿਊਸਟਨ, ਉਹ ਲੰਬੇ ਹਵਾਈ ਸਫ਼ਰ ਤੋਂ ਥੱਕਿਆ ਆਇਆ ਸੀ। ਕਮਰੇ 'ਚ ਪਹੁੰਚਦੇ ਹੀ ਕੱਪੜੇ ਤੇ ਬੂਟ ਉਤਾਰੇ, ਵਾਸ਼-ਰੂਮ ਗਿਆ ਤੇ ਪਾਣੀ ਦੇ ਭਰੇ ਟੱਬ ਵਿੱਚ ਖੁੱਲ੍ਹਾ ਟਾਇਮ ਲਾ ਕੇ ਬਾਹਰ ਆਇਆ।

ਹੁਣ ਉਹ ਤਰੋ-ਤਾਜ਼ਾ ਮਹਿਸੂਸ ਕਰ ਰਿਹਾ ਸੀ ਤੇ ਇਸ ਸ਼ਾਨਦਾਰ ਕਮਰੇ 'ਚ ਬੈਠਾ ਪੂਰਾ ਖ਼ੁਸ਼ ਸੀ। ਉਸਨੂੰ ਆਪਣਾ ਘਰ, ਜੋ ਚਾਰ ਦਿਨ ਪਹਿਲਾਂ ਹੀ ਛੱਡਿਆ ਸੀ, ਯਾਦ ਆਇਆ, 'ਪੰਜਾਬ ਦੇ ਛੋਟੇ ਜਿਹੇ ਪਿੰਡ ਦਾ ਇੱਕ ਸਾਧਾਰਨ ਜਿਹਾ ਘਰ, ਜਿਸ 'ਚ ਹਰੇਕ ਚੀਜ਼ ਦੀ ਤੰਗੀ ਹੀ ਰਹੀ ਤੇ ਅੱਜ ਵੀ ਹੈ। ਜ਼ਿੰਦਗੀ ਤੇ ਪਰਿਵਾਰ ਦੀ ਗੱਡੀ ਬੱਸ ਕਿਵੇਂ ਨਾ ਕਿਵੇਂ ਰੁੜ੍ਹ ਰਹੀ ਹੈ। ਉਸ ਨੂੰ ਰੁੜ੍ਹਦਾ ਰੱਖਣ ਲਈ, ਵਕਤ ਨੂੰ ਧੱਕਾ ਲਾਈ ਜਾ ਰਹੇ ਬੇਬੇ ਤੇ ਬਾਪੂ ਯਾਦ ਆਏ। 'ਕੱਲਾ ਸਾਡਾ ਘਰ ਕੀ, ਕੁੱਝ ਘਰਾਂ ਨੂੰ ਛੱਡ ਕੇ ਪਿੰਡ 'ਚ ਸਭ ਦਾ ਇਹੋ ਹਾਲ ਹੈ। ਥੁੜਾਂ ਨਾਲ ਖਹਿੰਦੇ, ਤੰਗੀਆਂ ਹੰਢਾਉਂਦੇ, ਘਰ-ਪਰਿਵਾਰ ਤੇ ਬੱਚਿਆਂ ਦੀ ਚਿੰਤਾ ਦਾ ਬੋਝ ਚੁੱਕੀ ਫਿਰਦੇ ਲੋਕ। ਬਾਪੂ ਹਮੇਸ਼ਾ ਘਰ ਤੋਂ ਖੇਤ ਤੱਕ ਸੀਮਤ ਰਿਹਾ। ਉਸਦਾ ਸਭ ਤੋਂ ਵੱਡਾ ਤੀਰਥ, ਵਿਸਾਖੀ ਮੌਕੇ ਦਮਦਮਾ ਸਾਹਿਬ ਇਸ਼ਨਾਨ ਕਰਕੇ ਆਉਣਾ। ਉਸਦਾ ਸਭ ਤੋਂ ਵੱਡਾ ਸ਼ੌਂਕ, ਜੋਗੀਪੀਰ ਦੀ ਬਲਿੰਦ 'ਤੇ ਲੱਗਦੇ ਮੇਲੇ 'ਚ 'ਖਾੜਾ ਸੁਣਨਾ। ਆਪਣੀ ਐਡੀ ਕੁ ਸੀਮਤ ਦੁਨੀਆਂ 'ਚ ਰਹਿੰਦੇ ਹੋਏ ਵੀ, ਉਹ ਮੇਰੇ ਲਈ ਵੱਡੇ-ਵੱਡੇ ਸੁਪਨੇ ਦੇਖਦਾ।'

ਇਸ ਵੱਡੇ ਹੋਟਲ ਦੇ ਕਮਰੇ 'ਚ ਬੈਠਾ ਵਿਜੈ ਸੋਚ ਰਿਹਾ ਸੀ, 'ਮੈਂ ਹਵਾਈ ਜਹਾਜ਼ ਵਿੱਚ ਹੀ ਉਡਾਨ ਨਹੀਂ ਭਰੀ, ਜ਼ਿੰਦਗੀ ਵਿੱਚ ਵੀ ਇੱਕ ਨਵੀਂ ਉਡਾਨ ਭਰ ਲਈ ਹੈ। ਵਰਨਾ ਕਿੱਥੇ ਸਾਡਾ ਉਹ ਪਿੰਡ, ਉਹ ਇਲਾਕਾ ਤੇ ਕਿੱਥੇ ਅਮਰੀਕਾ। ਕੀ ਇਹ ਮੇਰੀ ਮਿਹਨਤ ਕਰਕੇ ਹੈ ਜਾਂ ਬਾਪੂ ਦੇ ਸੁਪਨਿਆਂ ਨੂੰ ਫਲ ਲੱਗਾ ਹੈ?' ਸੋਚਦਾ-ਸੋਚਦਾ ਮੁਲਾਇਮ ਗੱਦੇਦਾਰ ਬੈੱਡ ਉੱਪਰ ਲੰਮਾ ਪੈ ਗਿਆ। ਕਦ ਨੀਂਦ ਆ ਗਈ, ਪਤਾ ਹੀ ਨਾ ਲੱਗਾ।

ਤਿੰਨ ਵਜੇ ਹੋਟਲ ਦੀ ਸ਼ਿਫਟ ਬਦਲੀ ਹੋਈ। ਸਵਾਗਤੀ-ਕਾਊਂਟਰ ਉੱਪਰ, ਮੈਰੀ ਤੇ ਇੱਕ ਹੋਰ, ਦੋ ਨਵੀਆਂ ਲੜਕੀਆਂ ਡਿਊਟੀ 'ਤੇ ਆ ਚੁੱਕੀਆਂ ਸਨ। ਜਾਣ ਵਾਲੀ ਸ਼ਿਫਟ ਨੇ ਹੋਰ ਗੱਲਾਂ ਦੇ ਨਾਲ-ਨਾਲ, ਮੈਰੀ ਨੂੰ ਦੱਸਿਆ ਸੀ ਕਿ ਰੂਮ ਨੰ. 102 ਵਿੱਚ ਇੰਡੀਆ ਤੋਂ ਨਵੇਂ ਗੈਸਟ ਨੇ ਚੈੱਕ-ਇਨ ਕੀਤਾ ਹੈ। ਇੰਡੀਆ ਦਾ ਨਾਮ ਸੁਣਦੇ ਸਾਰ ਮੈਰੀ ਦੇ ਦਿਲ ਵਿੱਚ ਕੋਈ ਟੁਣਕਾ ਜਿਹਾ ਵੱਜਿਆ।

ਕੁੱਝ ਚਿਰ ਤੋਂ ਮੈਰੀ ਨੂੰ ਇੰਡੀਆ ਨਾਲ ਖ਼ਾਸ ਲਗਾਅ ਹੋ ਗਿਆ ਸੀ।

ਅੱਜ-ਕੱਲ੍ਹ ਉਹ ਇੰਡੀਆ ਬਾਰੇ ਪੜ੍ਹ ਰਹੀ ਸੀ। ਹੋਰ ਵੀ ਵੱਧ ਤੋਂ ਵੱਧ ਜਾਣਕਾਰੀ ਹਾਸਿਲ ਕਰਨ ਲਈ ਉਹ ਗੰਭੀਰ ਸੀ ਤੇ ਉਸ ਦੀਆਂ ਨਜ਼ਰਾਂ ਹਮੇਸ਼ਾ ਕਿਸੇ ਇੰਡੀਅਨ ਗੈਸਟ ਦੀ ਤਲਾਸ਼ ਕਰਦੀਆਂ ਰਹਿੰਦੀਆਂ।

ਜਾਣ ਵਾਲੀ ਸ਼ਿਫਟ ਚਲੀ ਗਈ। ਮੈਰੀ ਨੇ ਰੂਮ ਨੰ. 102 ਦੇ ਗੈਸਟ ਦੀ ਸਾਰੀ ਐਂਟਰੀ ਗੌਰ ਨਾਲ ਚੈੱਕ ਕੀਤੀ। ਨਾਮ ਦੇ ਕਾਲਮ ਉੱਪਰ ਕਾਫ਼ੀ ਦੇਰ ਤੱਕ ਨਜ਼ਰਾਂ ਜਮਾਈ ਰੱਖੀਆਂ। ‘ਵਿਜੈ’ ਇਸ ਨਾਮ ਨੂੰ ਕਈ ਵਾਰ ਮਨ ਹੀ ਮਨ ਦੁਹਰਾਇਆ, ਜਿਵੇਂ ਰੱਟਾ ਲਾਉਣਾ ਚਾਹੁੰਦੀ ਹੋਵੇ। ਫਿਰ ਮਨ ਹੀ ਮਨ ਵਿਜੈ ਦੇ ਨੈਣ-ਨਕਸ਼ ਘੜਨ ਲੱਗੀ ਤੇ ਮਨ ਹੀ ਮਨ ਵਿਜੈ ਨਾਲ ਇੰਡੀਆ ਬਾਰੇ ਗੱਲਾਂ ਕਰਨ ਲੱਗੀ।

ਬਾਅਦ ਦੁਪਹਿਰ ਚਾਰ ਵਜੇ ਦੇ ਕਰੀਬ ਵਿਜੈ ਦੀ ਨੀਂਦ ਖੁੱਲ੍ਹੀ। ਮੂੰਹ-ਹੱਥ ਧੋਤਾ, ਕੱਪੜੇ ਬਦਲੇ, ਕਮਰਾ ਬੰਦ ਕੀਤਾ ਤੇ ਉਹ ਹੇਠਾਂ ਲਾਬੀ ਵਿੱਚ ਆ ਗਿਆ। ਏਧਰ-ਓਧਰ ਵੇਖਦਾ ਉਹ ਹੌਲੀ-ਹੌਲੀ ਕਾਊਂਟਰ ਵੱਲ ਵਧ ਰਿਹਾ ਸੀ। ਵਿਜੈ ਜਿਉਂ ਹੀ ਲਾਬੀ ਵਿੱਚ ਦਾਖ਼ਲ ਹੋਇਆ ਤਾਂ ਮੈਰੀ ਦੀ ਨਜ਼ਰ ਉਸ ’ਤੇ ਪਈ। ਸ਼ਕਲ, ਸੂਰਤ ਤੇ ਰੰਗ ਤੋਂ ਉਹ ਅੰਦਾਜ਼ਾ ਲਾਉਣ ਲੱਗੀ, ‘ਬੰਦਾ ਤਾਂ ਇੰਡੀਅਨ ਹੀ ਲੱਗਦੈ।’ ਉੱਪਰ ਤੋਂ ਹੇਠਾਂ ਤੱਕ ਨਜ਼ਰਾਂ ਘੁੰਮਾ-ਘੁੰਮਾ ਵੇਖ ਰਹੀ ਮੈਰੀ ਨੂੰ ਯਕੀਨ ਹੋਣ ਲੱਗਾ ਕਿ ਇਹੀ ਮਿਸਟਰ ਵਿਜੈ ਹੈ। ਉਹ ਗੋਰਿਆਂ ਵਰਗਾ ਸੋਹਣਾ ਤਾਂ ਨਹੀਂ ਸੀ ਪਰ ਨੈਣ-ਨਕਸ਼, ਕੱਦ-ਕਾਠ, ਚਿਹਰੇ ਦਾ ਸਾਫ਼ ਰੰਗ, ਚਮਕਦੀਆਂ ਅੱਖਾਂ, ਵੇਖਣ ਵਾਲੇ ਨੂੰ ਖਿੱਚ ਪਾਉਂਦੀਆਂ ਸਨ।

ਕਾਊਂਟਰ ਦੇ ਨਜ਼ਦੀਕ ਆਉਣ ’ਤੇ ਵਿਜੈ ਤੇ ਮੈਰੀ ਦੀਆਂ ਨਜ਼ਰਾਂ ਇੱਕ ਦੂਜੇ ਨਾਲ ਟਕਰਾਈਆਂ। ਵਿਜੈ ਨੂੰ ਚੰਗਾ-ਚੰਗਾ ਲੱਗਿਆ। ਉਸੇ ਤਰ੍ਹਾਂ ਦੇਖਦੇ, ‘ਹੈਲੋ’ ਕਹਿ ਵਿਜੈ ਨੇ ਚਾਬੀ ਜਮ੍ਹਾਂ ਕਰਵਾਉਣ ਦੇ ਮਕਸਦ ਨਾਲ ਆਪਣਾ ਸੱਜਾ ਹੱਥ ਅੱਗੇ ਵਧਾਇਆ।

ਚਿਹਰੇ ’ਤੇ ਮੁਸਕਰਾਹਟ ਲਿਆਉਂਦਿਆਂ ਮੈਰੀ ਨੇ ਚਾਬੀ ਫੜੀ ਤੇ ਰੂਮ ਨੰ. 102 ਪੜ੍ਹਿਆ। ਰੂਮ ਨੰਬਰ ਪੜ੍ਹਦੇ ਸਾਰ ਮੈਰੀ ਦੇ ਦਿਲ ਵਿੱਚ ਘੰਟੀਆਂ ਖੜਕਣ ਲੱਗੀਆਂ। ਚਿਹਰੇ ਦੇ ਹਾਵ-ਭਾਵ ਬਦਲੇ। ਚਾਬੀ ਨੂੰ ਡਰਾਇਰ ’ਚ ਸੰਭਾਲਿਆ ਤੇ ਫਿਰ ਬੜੀ ਪਿਆਰੀ ਆਵਾਜ਼ ਵਿੱਚ ਬੋਲੀ, “ਮਿਸਟਰ ਵਿਜੈ, ਤੁਸੀਂ ਇੰਡੀਆ ਤੋਂ ਆਏ ਹੋ। ਤੁਸੀਂ ਸਾਡੇ ਮਹਿਮਾਨ ਹੋ। ਕੋਈ ਤਕਲੀਫ਼ ਹੋਵੇ ਤਾਂ ਦੱਸਣਾ।”

‘ਵਾਹ! ਯਾਰ ਆਪਾਂ ਤਾਂ ਇੱਥੇ ਹਰ ਇੱਕ ਦੇ ਹੀ ਮਹਿਮਾਨ ਹਾਂ। ਚਾਰ-ਪੰਜ ਦਿਨ ਕੀ ਜਹਾਜ਼ ਦਸ ਦਿਨ ਨਾ ਆਵੇ, ਹੋਰ ਵੀ ਚੰਗਾ।’ ਕੁੜੀ ਦੇ ਮੂੰਹੋਂ ਆਪਣਾ ਨਾਮ ਸੁਣ ਉਸਨੂੰ ਖ਼ੁਸ਼ੀ ਹੋਈ ਤੇ ਹੈਰਾਨੀ ਵੀ। ਉਸਨੇ ਜੀਅ ਭਰ ਕੇ ਉਸ ਵੱਲ ਦੇਖਿਆ। ਗੋਰਾ-ਗੋਰਾ ਰੰਗ, ਚਮਕਦਾ ਚਿਹਰਾ, ਹਲਕਾ ਜਿਹਾ

ਮੇਕ-ਅੱਪ, ਤਿੱਖੇ ਨੈਣ-ਨਕਸ਼, ਤਰਾਸ਼ਿਆ ਬਦਨ, ਸੁੰਦਰ ਵਾਲ ਤੇ ਪਰਫੈਕਟ ਡਰੈੱਸ ਪਹਿਨੀ ਖੜ੍ਹੀ ਉਹ ਤਾਂ ਸਾਰੀ ਦੀ ਸਾਰੀ ਹੀ ਵਿਜੈ ਦੇ ਮਨ 'ਚ ਲਹਿ ਗਈ। ਉਸ 'ਤੇ ਐਸਾ ਜਾਦੂ ਹੋਇਆ ਕਿ ਉਹ ਉਸ ਵੱਲ ਦੇਖਦਾ ਹੀ ਰਹਿ ਗਿਆ।

ਵਿਜੈ ਨੂੰ ਇਸ ਤਰ੍ਹਾਂ ਖੜ੍ਹਾ ਵੇਖ ਮੈਰੀ ਮਨ ਹੀ ਮਨ ਖ਼ੁਸ਼ ਹੋਈ।

"ਮਿਸਟਰ ਵਿਜੈ, ਐਨੀ ਪਰਾਬਲਮ? ਕੀ ਮੈਂ ਕੋਈ ਮੱਦਦ ਕਰ ਸਕਦੀ ਹਾਂ।" ਬੜੇ ਸਲੀਕੇ ਨਾਲ ਉਸ ਪੁੱਛਿਆ।

"ਓ ਨੋ, ਨੋ ਪਰਾਬਲਮ, ਥੈਂਕਸ।" ਉਹ ਇਕਦਮ ਪਰਤਿਆ ਪਰ ਦਿਲ ਦੀ ਧੜਕਣ ਕਹਿ ਰਹੀ ਸੀ ਕੁਛ ਹੋ ਚੁੱਕਾ ਹੈ।

"ਮਿਸ ਕੀ ਮੈਂ ਤੁਹਾਡਾ ਨਾਮ ਜਾਣ ਸਕਦਾ ਹਾਂ?" ਉਹ ਕਾਊਂਟਰ ਦੇ ਨਜ਼ਦੀਕ ਹੋ ਕੇ ਮੱਠੀ ਜਿਹੀ ਆਵਾਜ਼ 'ਚ ਬੋਲਿਆ।

"ਯੈਸ, ਮੇਰਾ ਨਾਮ ਮੈਰੀ ਹੈ।" ਉਹ ਮੁਸਕਰਾਈ ਤੇ ਥੋੜ੍ਹਾ ਚੁੱਪ ਰਹਿਣ ਦਾ ਨਾਟਕ ਜਿਹਾ ਕੀਤਾ।

"ਬਹੁਤ ਛੋਟਾ ਹੈ ਨਾ।" ਨਖ਼ਰਾ ਜਿਹਾ ਕਰਕੇ ਫਿਰ ਬੋਲ ਪਈ।

"ਹਾਂ, ਛੋਟਾ ਹੈ ਪਰ ਬਹੁਤ ਪਿਆਰਾ ਹੈ।" ਵਿਜੈ ਜੋ ਲਗਾਤਾਰ ਉਸ ਵੱਲ ਦੇਖ ਰਿਹਾ ਸੀ, ਮੁਸਕਰਾਇਆ।

"ਪਿਆਰਾ ਹੈ, ਰੀਅਲੀ! ਓ ਥੈਂਕਸ।" ਮੈਰੀ ਦੇ ਚਿਹਰੇ 'ਤੇ ਖ਼ੁਸ਼ੀ ਸਾਫ਼-ਸਾਫ਼ ਝਲਕਣ ਲੱਗੀ।

"ਨਾਮ ਵੀ ਬੜਾ ਪਿਆਰਾ ਹੈ ਤੇ ਤੂੰ ਵੀ ਬਹੁਤ ਪਿਆਰੀ ਲੱਗ ਰਹੀ ਹੈਂ।" ਵਿਜੈ ਹੋਰ ਉਤਸ਼ਾਹਤ ਹੋ ਕੇ ਬੋਲਿਆ।

"ਯੂ ਆਰ ਵੈਰੀ ਕਿਊਟ ਮਿਸਟਰ ਵਿਜੈ।" ਉਹ ਖੁੱਲ੍ਹ ਕੇ ਮੁਸਕਰਾਈ ਤੇ ਨਾਲ ਅੱਖਾਂ ਵੀ ਮਟਕਾਈਆਂ।

"ਮਿਸਟਰ ਵਿਜੈ ਮੈਨੂੰ ਇੰਡੀਆ ਅਤੇ ਇਸਦੇ ਲੋਕ ਬੜੇ ਚੰਗੇ ਲਗਦੇ ਹਨ। ਮੈਂ ਇੰਡੀਆ ਬਾਰੇ ਬਹੁਤ ਕੁੱਝ ਜਾਨਣਾ ਚਾਹੁੰਦੀ ਹਾਂ।"

"ਸਵੇਰੇ ਤਾਂ ਤੂੰ ਏਥੇ ਨਹੀਂ ਸੀ?" - ਵਿਜੈ ਨੇ ਇੱਕਦਮ ਗੱਲ ਪਲਟ ਦਿੱਤੀ। 'ਡਰ ਹੋਇਆ ਕਿਤੇ ਇੰਡੀਆ ਬਾਰੇ ਕੋਈ ਐਸੀ ਗੱਲ ਨਾ ਪੁੱਛ ਲਵੇ, ਜਿਸਦਾ ਮੇਰੇ ਕੋਲ ਜਵਾਬ ਨਾ ਹੋਵੇ। ਇੰਡੀਆ ਤਾਂ ਦੂਰ, ਉਸਨੂੰ ਤਾਂ ਪੰਜਾਬ ਜਾਂ ਇਸਦੇ ਇਤਿਹਾਸ ਬਾਰੇ ਵੀ ਪੂਰਨ ਜਾਣਕਾਰੀ ਨਹੀਂ। ਉਸਨੇ ਤਾਂ ਸਿਰਫ਼ ਸਿਲੇਬਸ ਵਾਲੀ ਕਿਤਾਬੀ ਪੜ੍ਹਾਈ ਪੜ੍ਹੀ ਸੀ। ਬਈ ਚੰਗੇ ਨੰਬਰ ਆ ਜਾਣ ਤੇ ਕੋਈ ਨੌਕਰੀ ਮਿਲ ਜਾਵੇ। ਚੰਗੀ ਕਿਸਮਤ, ਜਹਾਜ਼ਾਂ ਦੀ ਨੌਕਰੀ ਮਿਲ ਗਈ ਤੇ ਡਾਲਰਾਂ ਵਿੱਚ ਤਨਖਾਹ ਮਿਲਣ ਲੱਗ ਪਈ। ਆਪਣੇ ਆਪ ਨੂੰ ਹੋਰ ਖੱਬੀ-ਖਾਨ ਸਮਝਣ ਲੱਗ ਪਏ। ਬਥੇਰੇ ਮੇਰੇ ਸਾਥੀ ਵਿਚਾਰੇ ਅਜੇ ਤੱਕ ਵਿਹਲੇ ਧੱਕੇ

ਖਾਂਦੇ ਫਿਰਦੇ ਨੇ। ਘੁੰਮਣਾ-ਫਿਰਨਾ ਗੋਰੇ ਲੋਕਾਂ ਦੇ ਸ਼ੌਂਕ ਹਨ। ਇਹ ਲੋਕ ਇੰਡੀਆ ਬਾਰੇ ਬਹੁਤ ਦਿਲਚਸਪੀ ਰੱਖਦੇ ਹਨ। ਕਈ ਵਾਰ ਇਹ ਸਾਡੇ ਨਾਲੋਂ ਵੀ ਵੱਧ ਜਾਣਕਾਰੀ ਰੱਖਦੇ ਹਨ।' ਮਨ ਹੀ ਮਨ ਉਹ ਬਹੁਤ ਕੁੱਝ ਸੋਚ ਗਿਆ।

"ਅਸੀਂ ਦੋਵੇਂ ਈਵਨਿੰਗ ਸ਼ਿਫਟ ਲਈ ਡਿਊਟੀ 'ਤੇ ਹਾਂ। ਸ਼ਾਮ ਤਿੰਨ ਵਜੇ ਤੋਂ ਰਾਤ ਗਿਆਰਾਂ ਵਜੇ ਤੱਕ। ਸਵੇਰ ਦੀ ਸ਼ਿਫਟ ਨੇ ਦੱਸਿਆ ਸੀ, ਰੂਮ-ਨੰਬਰ 102 ਵਿੱਚ ਇੰਡੀਆ ਤੋਂ ਨਵੇਂ ਗੈਸਟ ਨੇ ਚੈੱਕ-ਇਨ ਕੀਤਾ ਹੈ।" ਮੈਰੀ ਨੇ ਵਿਜੈ ਦੀ ਗੱਲ ਦਾ ਸਹਿਜ ਨਾਲ ਜਵਾਬ ਦਿੱਤਾ।

"ਖ਼ੂਬ, ਬਹੁਤ ਖ਼ੂਬ। ਇਸੇ ਲਈ ਮੇਰਾ ਨਾਮ ਯਾਦ ਹੈ। ਓ.ਕੇ. ਮੈਰੀ, ਬਾਏ, ਸੀ ਯੂ।" ਐਨਾ ਕਹਿੰਦਾ ਵਿਜੈ ਹੋਟਲ ਦੇ ਬਾਹਰਲੇ ਗੇਟ ਵੱਲ ਚੱਲ ਪਿਆ। ਇੰਡੀਆ ਬਾਰੇ ਕਿਸੇ ਵੀ ਗੱਲ ਤੋਂ ਉਹ ਬਚਣਾ ਚਾਹੁੰਦਾ ਸੀ।

ਉਸਨੇ ਟੈਕਸੀ ਫੜੀ ਤੇ ਬੀਚ ਵੱਲ ਨਿਕਲ ਪਿਆ। ਰਾਹ 'ਚ ਜਾਂਦਿਆਂ ਸੋਚ ਰਿਹਾ ਸੀ, 'ਯਾਰ ਬੜੀਆਂ ਗੱਲਾਂ ਮਾਰਦੀ ਐ। ਹੈ ਵੀ ਸੋਹਣੀ, ਗੋਰੀ-ਗੋਰੀ। ਟਾਇਮ ਪਾਸ ਕਰਨ ਲਈ ਠੀਕ ਹੈ। ਥੋੜ੍ਹੀ ਹੋਰ ਖੁੱਲ੍ਹ ਗਈ ਤਾਂ ਚਾਰ-ਪੰਜ ਦਿਨ ਵਧੀਆ ਲੰਘ ਜਾਣਗੇ ਪਰ ਆਹ ਜਾਣਕਾਰੀ ਵਾਲਾ ਪੰਗੈ, ਚਲੋ ਦੇਖਦੇ ਹਾਂ ਇਹ ਵੀ।' ਮਨ ਅੰਦਰ ਬੈਠਾ ਸ਼ੈਤਾਨ ਉਸਲਵੱਟੇ ਲੈਣ ਲੱਗਾ।

ਸਮੁੰਦਰ ਕਿਨਾਰੇ ਬੈਠਣਾ, ਗਿੱਲੀ ਰੇਤ ਉੱਪਰ ਘੁੰਮਣਾ, ਆ ਰਹੀਆਂ ਲਹਿਰਾਂ ਨੂੰ ਦੇਖਣਾ, ਵਿਜੈ ਨੂੰ ਇਹ ਸ਼ੌਂਕ ਜਹਾਜ਼ੀ ਨੌਕਰੀ 'ਚ ਆਉਣ ਤੋਂ ਬਾਅਦ ਪੈਦਾ ਹੋਇਆ ਸੀ। ਬੀਚ ਦਾ ਵੱਖਰਾ ਹੀ ਨਜ਼ਾਰਾ ਹੁੰਦੈ। ਹਰ ਉਮਰ ਦੇ ਲੋਕ ਤੇ ਬੜੀ ਹੀ ਚਹਿਲ-ਪਹਿਲ। ਕੌਣ ਕੀ ਕਰ ਰਿਹੈ, ਕਿਸੇ ਨੂੰ ਕੋਈ ਮਤਲਬ ਨੀ। ਸਭ ਆਪਣੇ ਆਪ 'ਚ ਮਸਤ। ਏਥੋਂ ਦੇ ਫਾਸਟ-ਫੂਡ ਪਕਵਾਨਾਂ ਦੀ ਵੱਖਰੀ ਹੀ ਖ਼ੂਬੀ ਤੇ ਵੱਖਰਾ ਹੀ ਸੁਆਦ ਹੁੰਦੈ।

ਉਹ ਬੀਚ 'ਤੇ ਘੁੰਮਣ ਲੱਗਾ। ਕੁੱਝ ਚਿਰ ਬਾਅਦ ਉਸਨੇ ਮਹਿਸੂਸ ਕੀਤਾ, ਉਹ ਬੀਚ 'ਤੇ ਹੋ ਕੇ ਵੀ ਬੀਚ 'ਤੇ ਨਹੀਂ। ਉਸਦਾ ਮਨ ਵਾਰ-ਵਾਰ ਹੋਟਲ 'ਚ ਜਾ ਰਿਹਾ ਸੀ। ਹਰ ਵਾਰ ਮੈਰੀ ਦੀ ਸ਼ਕਲ ਅੱਖਾਂ ਸਾਹਮਣੇ ਆ ਰਹੀ ਸੀ। ਭਰਿਆ ਬੀਚ ਸੁੰਨਾ-ਸੁੰਨਾ ਲੱਗ ਰਿਹਾ ਸੀ।

ਮੂਡ ਸੈੱਟ ਕਰਨ ਲਈ ਉਸਨੇ ਬੀਅਰ ਦਾ ਕੇਨ ਲਿਆ। ਇੱਕ ਪਾਸੇ ਕਿਨਾਰੇ ਬੈਠ ਬੀਅਰ ਦੀਆਂ ਚੁਸਕੀਆਂ ਭਰਨ ਲੱਗਾ। ਉਹ ਸਮੁੰਦਰ ਵੱਲ ਦੇਖ ਰਿਹਾ ਸੀ। ਪਾਣੀ ਦੀ ਕੋਈ ਲਹਿਰ ਕਿਨਾਰੇ ਤੱਕ ਆਉਂਦੀ ਤੇ ਰੇਤ 'ਚ ਸਮਾ ਜਾਂਦੀ। ਹੌਲੀ-ਹੌਲੀ ਉਸਨੂੰ ਕੋਈ ਭੁਲੇਖਾ ਜਿਹਾ ਪੈਣ ਲੱਗਾ। ਜਿਵੇਂ ਲਹਿਰ ਨਾ ਹੋ ਕੇ, ਕੋਈ ਸ਼ਖ਼ਸ ਕਿਨਾਰੇ ਵੱਲ ਤੁਰਿਆ ਆ ਰਿਹਾ ਹੋਵੇ। 'ਹੈਂਅ! ਇਹ ਤਾਂ ਮੈਰੀ ਹੈ।' ਉਸਨੇ ਸਿਰ ਝਟਕਿਆ। 'ਕੀ ਇਹ ਬੀਅਰ ਦਾ ਅਸਰ ਹੈ। ਨਹੀਂ, ਬਿਲਕੁਲ ਨਹੀਂ।' ਉਹ ਹੋਰ ਪ੍ਰੇਸ਼ਾਨ ਹੋ ਗਿਆ। ਬੈਠਣਾ ਮੁਸ਼ਕਿਲ ਹੋ ਗਿਆ।

ਝੱਟ ਕੇਨ ਖ਼ਤਮ ਕੀਤਾ ਤੇ ਉਹ ਹੋਟਲ ਲਈ ਵਾਪਸ ਮੁੜ ਪਿਆ। ਲਾਬੀ 'ਚ ਪਹੁੰਚਦੇ ਹੀ ਮੈਰੀ ਨੂੰ ਦੇਖ ਉਸਨੂੰ ਕੋਈ ਸਕੂਨ ਮਿਲਿਆ। ਕੁੱਝ ਚਿਰ ਬੜੀ ਹੀ ਰੀਝ ਭਰੀਆਂ ਨਿਗਾਹਾਂ ਨਾਲ ਮੈਰੀ ਨੂੰ ਦੇਖਦਾ ਰਿਹਾ। ਫਿਰ ਕਾਊਂਟਰ ਵੱਲ ਚੱਲ ਪਿਆ ਤੇ ਨਜ਼ਦੀਕ ਜਾ ਕੇ ਕਮਰੇ ਦੀ ਚਾਬੀ ਮੰਗੀ।

"ਕੀ ਸ਼ਾਪਿੰਗ ਕੀਤੀ ਮਿਸਟਰ ਵਿਜੈ।" ਡਰਾਇਰ 'ਚੋਂ ਚਾਬੀ ਕੱਢਦਿਆਂ ਮੈਰੀ ਨੇ ਪੁੱਛਿਆ।

"ਮੈਂ ਤਾਂ ਸਿਰਫ਼ ਘੁੰਮਣ ਲਈ ਹੀ ਗਿਆ ਸੀ।"

"ਓ, ਕਿੱਥੇ ਘੁੰਮ ਕੇ ਆਏ, ਏਥੇ ਘੁੰਮਣ ਲਈ ਬਹੁਤ ਸੁੰਦਰ ਥਾਵਾਂ ਹਨ।" ਮੈਰੀ ਨੇ ਫਿਰ ਸਵਾਲ ਕੀਤਾ।

"ਬੀਚ ਉੱਪਰ ਗਿਆ ਸੀ।" ਉਸ ਛੋਟਾ ਜਵਾਬ ਦਿੱਤਾ।

"ਵੋਹ, ਉੱਥੇ ਤਾਂ ਬਹੁਤ ਰੌਣਕ ਹੁੰਦੀ ਹੈ, ਫਿਰ ਤਾਂ ਖ਼ੂਬ ਮਜ਼ਾ ਕੀਤਾ ਹੋਵੇਗਾ।" ਮੈਰੀ ਨੇ ਚਹਿਕ ਕੇ ਪੁੱਛਿਆ।

"ਨਹੀਂ। ਮਨ ਨਹੀਂ ਲੱਗਾ, ਥੋੜ੍ਹਾ ਘੁੰਮ ਕੇ ਹੀ ਵਾਪਸ ਆ ਗਿਆ।"

"ਹੈਂਅ! ਬੀਚ ਉੱਪਰ ਮਨ ਨਹੀਂ ਲੱਗਾ, ਇਹ ਕਿਵੇਂ ਹੋ ਸਕਦਾ ਹੈ?" ਮੈਰੀ ਹੈਰਾਨ ਹੋਈ।

"ਪਤਾ ਨਹੀਂ ਪਰ ਅੱਜ ਮੇਰੇ ਨਾਲ ਕੁੱਝ ਐਸਾ ਹੀ ਹੋਇਆ।"

"ਇਹ ਤਾਂ ਬੜੀ ਮਸ਼ਹੂਰ ਬੀਚ ਹੈ, ਦੂਰ-ਦੂਰ ਤੋਂ ਲੋਕ ਘੁੰਮਣ ਆਉਂਦੇ ਹਨ।" ਮੈਰੀ ਗੱਲਬਾਤ ਜਾਰੀ ਰੱਖਣਾ ਚਾਹੁੰਦੀ ਸੀ ਜਾਂ ਆਪਣੇ ਸ਼ਹਿਰ ਦੀ ਮਹੱਤਤਾ ਦਰਸਾਉਣਾ ਚਾਹੁੰਦੀ ਸੀ, ਇਹ ਸਪੱਸ਼ਟ ਨਹੀਂ ਪਰ ਉਹ ਸਵਾਲ 'ਤੇ ਸਵਾਲ ਕਰੀ ਜਾ ਰਹੀ ਸੀ।

"ਸ਼ਾਇਦ ਮੇਰਾ ਮਨ ਪਿੱਛੇ ਹੋਟਲ 'ਚ ਰਹਿ ਗਿਆ, ਇਸ ਲਈ ਜਲਦੀ ਵਾਪਸ ਆ ਗਿਆ।" ਵਿਜੈ ਨੇ ਜੁਆਬ ਦਿੱਤਾ।

"ਕੀ, ਕੋਈ ਖ਼ਾਸ ਚੀਜ਼ ਇੱਥੇ ਭੁੱਲ ਗਏ?" ਮੈਰੀ ਕੁੱਝ ਉਲਝੀ।

"ਨਹੀਂ, ਭੁੱਲਿਆ ਕੁੱਝ ਨਹੀਂ, ਬੱਸ ਕਿਸੇ ਨੇ ਮੇਰਾ ਮਨ ਕਾਬੂ ਕਰ ਲਿਆ ਤੇ ਆਪਣੇ ਕੋਲ ਰੱਖ ਲਿਆ।"

"ਬੜੇ ਦਿਲਚਸਪ ਆਦਮੀ ਹੋ। ਜਿਸ ਕੋਲ ਮਨ ਰਹਿ ਗਿਆ ਸੀ, ਉਸਨੂੰ ਨਾਲ ਹੀ ਲੈ ਜਾਂਦੇ।"

"ਜੇ ਮੈਂ ਤੁਹਾਨੂੰ ਨਾਲ ਚੱਲਣ ਲਈ ਕਹਿੰਦਾ, ਕੀ ਤੁਸੀਂ ਮੇਰੇ ਨਾਲ ਘੁੰਮਣ ਚੱਲ ਪੈਂਦੇ?"

"ਵੱਟ! ਆਰ ਯੂ ਕਰੇਜ਼ੀ ਮਿਸਟਰ ਵਿਜੈ।" ਮੈਰੀ ਇਕਦਮ ਚੌਂਕੀ। ਸੁਣ ਕੇ ਹੈਰਾਨ ਹੋ ਗਈ। ਉਸਦੇ ਚਿਹਰੇ 'ਤੇ ਪ੍ਰੇਸ਼ਾਨੀ ਸਾਫ਼ ਵੇਖੀ ਜਾ ਸਕਦੀ ਸੀ। ਵਿਜੈ ਅਚਾਨਕ ਇਸ ਤਰ੍ਹਾਂ ਦੀ ਗੱਲ ਕਰੇਗਾ, ਉਹ ਸੋਚ ਹੀ ਨਹੀਂ ਸੀ ਸਕਦੀ।

"ਯੈਸ ਮੈਰੀ, ਮੈਂ ਠੀਕ ਕਹਿੰਦਾ ਹਾਂ। ਜਦ ਮੈਂ ਬੀਚ 'ਤੇ ਪਹੁੰਚਿਆ, ਤਦ ਮੈਨੂੰ ਅਹਿਸਾਸ ਹੋਇਆ ਕਿ ਮੇਰਾ ਮਨ ਤਾਂ ਮੇਰੇ ਪਾਸ ਹੈ ਹੀ ਨਹੀਂ। ਕਿੱਧਰ ਗੁਆਚ ਗਿਆ। ਧਿਆਨ ਕੀਤਾ, ਉਹ ਤੇਰੇ ਕੋਲ ਹੀ ਰੁਕ ਗਿਆ। ਮੇਰੇ ਨਾਲ ਗਿਆ ਹੀ ਨਹੀਂ।" ਵਿਜੈ ਨੇ ਸਿੱਧੀ ਤੇ ਸਪੱਸ਼ਟ ਗੱਲ ਕੀਤੀ। ਘੁੰਮਾ-ਫਿਰਾ ਕੇ ਗੱਲ ਕਰਨਾ ਨਾ ਉਸਦਾ ਇਰਾਦਾ ਸੀ ਤੇ ਨਾ ਹੀ ਉਸ ਕੋਸ਼ਿਸ਼ ਕੀਤੀ।

ਮੈਰੀ ਦਾ ਚਿਹਰਾ ਗੰਭੀਰ ਸੀ। ਗੋਰੇ ਕਲਚਰ ਵਿੱਚ ਪਲੀ ਉਹ ਇੱਕ ਸਮਝਦਾਰ ਲੜਕੀ ਸੀ। ਏਥੇ ਪਹਿਲਾਂ ਜਾਣ-ਪਹਿਚਾਣ ਹੁੰਦੀ ਹੈ, ਫਿਰ ਮੁਲਾਕਾਤਾਂ ਦਾ ਸਿਲਸਿਲਾ, ਫਿਰ ਡੇਟ 'ਤੇ ਜਾਣਾ ਤੇ ਫਿਰ ਪਿਆਰ ਦਾ ਇਜ਼ਹਾਰ ਪਰ ਆਹ ਕੀ, ਉਹ ਸੋਚ ਰਹੀ ਸੀ, ਕਿਸ ਤਰ੍ਹਾਂ ਦਾ ਇਨਸਾਨ ਹੈ। ਇਸ ਸਭ ਕੁੱਝ ਦੇ ਬਾਵਜੂਦ ਵੀ ਮੈਰੀ ਅੰਦਰ ਕੋਈ ਕਸ਼ਿਸ਼ ਸੀ ਤੇ ਉਸਨੂੰ ਇਹ ਸਭ ਦਿਲਚਸਪ ਲੱਗ ਰਿਹਾ ਸੀ। ਸ਼ਾਇਦ ਵਿਜੈ ਦੀ ਸਾਦਗੀ ਉਸਨੂੰ ਚੰਗੀ ਲੱਗੀ ਸੀ, ਜਿਸ 'ਚ ਕੁੱਝ ਵੀ ਬਨਾਵਟੀ ਨਹੀਂ ਸੀ।

ਉਹ ਵਿਜੈ ਵੱਲ ਮੁੜੀ ਤੇ ਬੜੇ ਪਿਆਰ ਨਾਲ ਬੋਲੀ, "ਮਿਸਟਰ ਵਿਜੈ, ਮੈਂ ਦੱਸਿਆ ਸੀ ਨਾ ਮੈਨੂੰ ਇੰਡੀਆ ਤੇ ਇਸਦੇ ਲੋਕ ਬੜੇ ਚੰਗੇ ਲੱਗਦੇ ਹਨ। ਇੰਡੀਆ ਬਾਰੇ ਬਹੁਤ ਪੜ੍ਹਿਆ ਹੈ। ਤੁਹਾਥੋਂ ਹੋਰ ਵੀ ਬਹੁਤ ਕੁੱਝ ਜਾਨਣਾ ਚਾਹੁੰਦੀ ਹਾਂ ਪਰ ਅਜੇ ਥੋੜ੍ਹਾ ਕੰਮ ਦਾ ਰੁਝੇਵਾਂ ਹੈ, ਸੋ ਤੁਸੀਂ ਵੀ ਆਰਾਮ ਕਰ ਲਵੋ। ਅਗਰ ਕੋਈ ਇਤਰਾਜ਼ ਨਾ ਹੋਵੇ ਤਾਂ ਆਪਾਂ ਬਾਅਦ 'ਚ ਖੁੱਲ੍ਹ ਕੇ ਗੱਲਾਂ ਕਰ ਸਕਦੇ ਹਾਂ, ਠੀਕ।" ਬੜੀ ਹੀ ਸੰਜੀਦਾ ਸੁਰ ਵਿੱਚ ਉਹ ਬਹੁਤ ਕੁੱਝ ਕਹਿ ਗਈ। ਵੈਸੇ ਵੀ ਹੋਟਲ ਗੈਸਟ ਨੂੰ ਉਹ ਕਿਵੇਂ ਵੀ ਨਾਰਾਜ਼ ਨਹੀਂ ਸੀ ਕਰ ਸਕਦੀ।

"ਠੀਕ, ਬਿਲਕੁਲ ਠੀਕ, ਨੋ ਪਰਾਬਲਮ, ਸੀ ਯੂ ਲੇਟਰ।" ਕਹਿੰਦਾ ਹੋਇਆ ਵਿਜੈ ਆਪਣੇ ਕਮਰੇ ਵਿੱਚ ਚਲਾ ਗਿਆ।

ਬਾਹਰ ਹਨ੍ਹੇਰਾ ਪੈਰ ਪਸਾਰਨ ਲੱਗਾ ਸੀ। ਵਿਜੈ ਦੇ ਮਨ 'ਚ ਅਜੀਬ ਬੇਚੈਨੀ ਸੀ। ਉਹ ਉੱਠਿਆ ਤੇ ਕਮਰੇ ਤੋਂ ਬਾਹਰ ਆ ਗਿਆ। ਰਾਤ ਦੇ ਖਾਣੇ ਲਈ ਨਜ਼ਦੀਕ ਹੀ ਇੱਕ ਰੈਸਟੋਰੈਂਟ 'ਤੇ ਗਿਆ ਤੇ ਖਾਣੇ ਤੋਂ ਬਾਅਦ ਕਾਫ਼ੀ ਦੇਰ ਸੜਕ ਕਿਨਾਰੇ ਟਹਿਲਦਾ ਰਿਹਾ।

'ਸ਼ਾਮੀਂ ਬੀਚ ਤੋਂ ਆ ਕੇ ਮੈਨੂੰ ਕੀ ਹੋ ਗਿਆ ਸੀ? ਮੈਰੀ ਨਾਲ ਇਸ ਤਰ੍ਹਾਂ ਦੀਆਂ ਗੱਲਾਂ ਕਿਉਂ ਕੀਤੀਆਂ? ਇਹ ਤਾਂ ਜ਼ਿਆਦਤੀ ਸੀ। ਠੀਕ ਹੈ ਉਹ ਗੁੱਸੇ ਨਹੀਂ ਹੋਈ ਪਰ ਉਸਨੂੰ ਬੁਰਾ ਤਾਂ ਲੱਗਾ ਹੀ ਹੋਵੇਗਾ।' ਸੋਚਦਿਆਂ ਤੇ ਸੜਕ 'ਤੇ ਘੁੰਮਦਿਆਂ ਰਾਤ ਦੇ ਦਸ ਵੱਜ ਗਏ। ਉਹ ਹੋਟਲ 'ਚ ਵਾਪਸ ਆਇਆ। ਦੇਖਿਆ ਮੈਰੀ ਬਿਲਕੁਲ ਵਿਹਲੀ ਖੜ੍ਹੀ ਸੀ। ਉਹ ਸਿੱਧਾ ਕਾਊਂਟਰ 'ਤੇ ਗਿਆ।

"ਮੈਰੀ, ਅੱਜ ਸ਼ਾਮੀਂ ਮੈਂ ਜੋ ਕੁਝ ਵੀ ਕਿਹਾ, ਉਸ ਲਈ ਮਾਫ਼ੀ ਮੰਗਦਾ

ਹਾਂ। ਸ਼ਾਇਦ ਮੈਂ ਬਹੁਤ ਜ਼ਿਆਦਾ ਬੋਲ ਗਿਆ। ਕਮਰੇ 'ਚ ਜਾ ਕੇ ਪ੍ਰੇਸ਼ਾਨ ਰਿਹਾ ਤੇ ਹੁਣ ਵੀ ਹਾਂ ਪਰ ਇਹ ਵੀ ਸੱਚ ਹੈ ਕਿ ਜਦ ਤੋਂ ਤੈਨੂੰ ਦੇਖਿਐ, ਤੇਰੇ ਬਾਰੇ ਹੀ ਸੋਚੀ ਜਾ ਰਿਹਾਂ। ਹੋਰ ਕੁਝ ਸੁੱਝ ਹੀ ਨਹੀਂ ਰਿਹਾ।" ਬਿਨਾਂ ਰੁਕੇ ਇੱਕੋ ਸਾਹੇ ਉਸਨੇ ਸਾਰੀ ਗੱਲ ਕਹਿ ਦਿੱਤੀ।

ਮੈਰੀ ਨੇ ਗੌਰ ਨਾਲ ਵਿਜੈ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਿਆ। ਉਸਦੇ ਚਿਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ। ਦੇਖਦੀ ਹੀ ਰਹੀ। ਵਿਜੈ ਦੇ ਚਿਹਰੇ 'ਤੇ ਸਾਦਗੀ ਸੀ। ਨਜ਼ਰਾਂ ਵਿੱਚ ਮੋਹ ਸੀ। ਉਹ ਥੋੜ੍ਹਾ ਮੁਸਕਰਾਈ ਤੇ ਵਿਜੈ ਨੂੰ ਪੁੱਛਿਆ, "ਕੀ ਤੁਹਾਡੀ ਸ਼ਾਦੀ ਹੋ ਚੁੱਕੀ ਹੈ?"

"ਨਹੀਂ।" ਵਿਜੈ ਨੇ ਝੱਟ ਹੀ ਜੁਆਬ ਦਿੱਤਾ। ਵਿਜੈ ਨੇ ਝੂਠ ਬੋਲਿਆ। ਉਸਨੇ "ਨਹੀਂ" ਕਹਿ ਤਾਂ ਦਿੱਤਾ ਪਰ ਨਾਲ ਹੀ ਸੋਚਿਆ 'ਪਤੰਦਰਾ ਹੁਣੇ ਤਾਂ ਸ਼ਾਦੀ ਕਰਵਾ ਕੇ ਆਇਐਂ।'

ਇੱਕ ਵਾਰ ਮਨ 'ਚ ਆਇਆ, 'ਉਸਨੇ ਝੂਠ ਬੋਲ ਕੇ ਠੀਕ ਨਹੀਂ ਕੀਤਾ।' ਪਰ ਅੰਦਰਲੇ ਸ਼ੈਤਾਨ ਨੇ ਝੱਟ ਅੰਗੜਾਈ ਲਈ ਤੇ ਮਨ ਹਰਾਮੀ ਹੋ ਗਿਆ। 'ਛੱਡ ਪਰੇ ਐਵੇਂ ਨੀ ਬਾਹਲਾ ਸੋਚੀਦਾ। ਹੁਣ ਪਲਟਣਾ ਠੀਕ ਨੀ। ਇਹ ਗੋਰੀ ਨੂੰ ਕੀ ਫ਼ਰਕ ਪੈਂਦੈ। ਸਭ ਚਲਦੈ, ਲੈ ਨਜ਼ਾਰੇ।' ਫੇਰ ਗੱਲਾਂ ਕਰਦੇ-ਕਰਦੇ ਰਾਤ ਦੇ ਗਿਆਰਾਂ ਵੱਜ ਗਏ। ਮੈਰੀ ਦੀ ਸ਼ਿਫਟ ਖ਼ਤਮ ਹੋ ਰਹੀ ਸੀ। ਵਿਜੈ ਦਾ ਮਨ ਪੂਰਾ ਸ਼ਾਂਤ ਸੀ ਤੇ ਖ਼ੁਸ਼ ਵੀ।

ਉਸਨੂੰ ਪਤਾ ਹੀ ਨਾ ਲੱਗਾ ਕਦੋਂ ਉਹ ਕਮਰੇ 'ਚ ਗਿਆ ਤੇ ਸੌਂ ਗਿਆ। ਜਦੋਂ ਜਾਗ ਆਈ ਤਾਂ ਦਿਨ ਪੂਰਾ ਚੜ੍ਹ ਚੁੱਕਾ ਸੀ।

ਦੁਪਹਿਰ ਦਾ ਖਾਣਾ ਲੈਣ ਤੋਂ ਬਾਅਦ ਜਦ ਉਹ ਲਾਬੀ 'ਚ ਗਿਆ ਤਾਂ ਮੈਰੀ ਡਿਊਟੀ 'ਤੇ ਆ ਚੁੱਕੀ ਸੀ। ਅੱਜ ਉਹ ਹੋਰ ਵੀ ਸੋਹਣੀ ਲੱਗ ਰਹੀ ਸੀ। ਵਿਜੈ ਨੂੰ ਵੇਖ ਉਹ ਮੁਸਕਰਾਈ, "ਹੈਲੋ ਮਿਸਟਰ ਵਿਜੈ।"

ਵਿਜੈ ਨੂੰ ਖ਼ੁਸ਼ੀ ਹੋਈ ਤੇ ਯਕੀਨ ਹੋ ਗਿਆ ਕਿ ਮੈਰੀ ਦੇ ਮਨ 'ਚ ਕੱਲ੍ਹ ਵਾਲੀਆਂ ਗੱਲਾਂ ਦਾ ਕੋਈ ਸ਼ਿਕਵਾ ਨਹੀਂ, ਸਗੋਂ ਉਹ ਤਾਂ ਹੋਰ ਗੱਲਾਂ ਕਰਨਾ ਚਾਹੁੰਦੀ ਹੈ। ਉਹ ਨਜ਼ਦੀਕ ਚਲਾ ਗਿਆ ਤੇ ਗੱਲਾਂ ਕਰਨ ਲੱਗ ਪਏ। ਕੁੱਝ ਚਿਰ ਬਾਅਦ ਹੀ ਉਹ ਤਾਂ ਇੰਝ ਗੱਲਾਂ ਕਰ ਰਹੇ ਸੀ, ਜਿਵੇਂ ਚਿਰਾਂ ਤੋਂ ਇੱਕ-ਦੂਜੇ ਨੂੰ ਜਾਣਦੇ ਹੋਣ। ਮੈਰੀ ਆਪਣਾ ਕੰਮ ਵੀ ਕਰਦੀ ਰਹੀ ਤੇ ਗੱਲਾਂ ਵੀ ਕਰਦੀ ਰਹੀ। ਉਹ ਪਿਆਰ, ਸੈਕਸ, ਸ਼ਾਦੀ, ਘਰ-ਪਰਿਵਾਰ, ਅਧਿਆਤਮ, ਹਰੇਕ ਵਿਸ਼ੇ 'ਤੇ ਖੁੱਲ੍ਹ ਕੇ ਗੱਲਾਂ ਕਰਦੇ ਰਹੇ। ਸੈਕਸ ਬਾਰੇ ਗੱਲ ਕਰਦਿਆਂ ਮੈਰੀ ਬੇ-ਝਿਜਕ ਬੋਲਦੀ ਰਹੀ। ਹਾਲਾਂਕਿ ਵਿਜੈ ਝਿਜਕ ਮਹਿਸੂਸ ਕਰਦਾ ਰਿਹਾ।

ਹੌਲੀ-ਹੌਲੀ ਗੱਲਾਂ ਦਾ ਕੇਂਦਰ ਬਿੰਦੂ ਇੰਡੀਆ ਤੇ ਅਮਰੀਕਾ ਦਾ ਪਰਿਵਾਰਕ ਸਿਸਟਮ ਬਣ ਗਿਆ। ਵਿਜੈ ਦਾ ਤਰਕ ਸੀ, "ਤੁਸੀਂ ਲੋਕ ਜ਼ਿੰਦਗੀ

ਨੂੰ ਜਿਉਂਦੇ ਵੀ ਹੋ ਤੇ ਮਾਣਦੇ ਵੀ। ਏਥੇ ਪਿਆਰ ਤੇ ਸੈਕਸ ਦੀ ਖੁੱਲ੍ਹ ਹੈ। ਪਿਆਰ ਕਰੋ, ਸ਼ਾਦੀ ਕਰੋ, ਬਿਨਾਂ ਸ਼ਾਦੀ ਇਕੱਠੇ ਰਹੋ, ਤਲਾਕ ਲਵੋ, ਤੁਹਾਡਾ ਸਿਸਟਮ ਇਨ੍ਹਾਂ ਗੱਲਾਂ ਨੂੰ ਆਰਾਮ ਨਾਲ ਸਵੀਕਾਰ ਕਰਦਾ ਹੈ। ਇੰਡੀਆ ਵਿੱਚ ਅਜਿਹਾ ਨਹੀਂ ਹੈ। ਉੱਥੇ ਸ਼ਾਦੀ ਤੋਂ ਪਹਿਲਾਂ ਮੇਲ-ਜੋਲ ਵੀ ਗੁਨਾਹ, ਪਿਆਰ ਕਰਨਾ ਵੀ ਗੁਨਾਹ, ਬਿਨਾਂ ਸ਼ਾਦੀ ਇਕੱਠੇ ਰਹਿਣਾ ਵੀ ਗੁਨਾਹ, ਤਲਾਕ ਦੀ ਗੱਲ ਵੀ ਗੁਨਾਹ। ਸਾਡੇ ਲਈ ਸ਼ਾਦੀ ਜ਼ਿੰਦਗੀ ਭਰ ਨਿਭਾਉਣ ਦਾ ਰਿਸ਼ਤਾ ਹੈ। ਕਈ ਵਾਰ ਇਹ ਬੰਧਨ, ਨਾ ਚਾਹੁੰਦੇ ਹੋਏ ਵੀ ਨਿਭਾਉਣਾ ਪੈਂਦਾ ਹੈ।"

ਮੈਰੀ ਇਸ ਗੱਲ ਨਾਲ ਸਹਿਮਤ ਨਹੀਂ ਸੀ। ਉਹ ਸ਼ਾਦੀ, ਪਰਿਵਾਰ, ਅਧਿਆਤਮ ਦੇ ਸਬੰਧ 'ਚ ਇੰਡੀਆ ਨੂੰ ਮਹਾਨ ਦੱਸ ਰਹੀ ਸੀ। ਉਸਦਾ ਕਹਿਣਾ ਸੀ, "ਸੈਕਸ ਦੀ ਖੁੱਲ੍ਹ ਮਿਲਣ ਨਾਲ ਜੀਵਨ ਵਧੀਆ ਤੇ ਸੌਖਾ ਹੋ ਜਾਂਦਾ ਹੈ, ਇਹ ਗਲਤ-ਫਹਿਮੀ ਹੈ, ਵਿਜੈ। ਮੰਨਿਆ ਏਥੇ ਬਹੁਤ ਖੁੱਲ੍ਹ ਹੈ ਪਰ ਇਹ ਖੁੱਲ੍ਹ ਲੈ ਕੇ ਵੀ ਅਸੀਂ ਸੰਤੁਸ਼ਟ ਨਹੀਂ। ਸੈਕਸ ਖੁੱਲ੍ਹ ਦੀ ਆੜ ਵਿੱਚ ਕਈ ਵਾਰ ਅਸੀਂ ਇੱਕ-ਦੂਜੇ ਨੂੰ ਸਿਰਫ਼ ਭੋਗਦੇ ਹਾਂ, ਜਾਂ ਚੁੱਪ-ਚਾਪ ਰੇਪ ਕਰਦੇ ਹਾਂ। ਸੈਕਸ ਨੂੰ ਮਾਨਣਾ ਤੇ ਸੈਕਸ ਨੂੰ ਭੋਗਣਾ ਇਸ ਵਿੱਚ ਫ਼ਰਕ ਹੈ ਵਿਜੈ।"

ਵਿਜੈ ਉਲਝਣ ਵਿੱਚ ਪੈ ਗਿਆ, 'ਯਾਰ ਇਹ ਮੈਰੀ ਦਾ ਟਾਪਿਕ ਹੋ ਸਕਦਾ ਹੈ, ਏਨ੍ਹਾਂ ਗੱਲਾਂ ਉੱਪਰ ਮੈਂ ਕਿਉਂ ਮੱਥਾ ਮਾਰ ਰਿਹਾਂ। ਮੇਰੇ ਕਹਿਣ ਨਾਲ ਕੁੱਝ ਬਦਲਣ ਵੀ ਨਹੀਂ ਲੱਗਾ। ਸੱਚੀ ਗੱਲ, ਮੈਂ ਤਾਂ ਮੈਰੀ ਨਾਲ ਠਰਕ ਭੋਰਨੀ ਚਾਹੁੰਦਾ ਹਾਂ। ਜੇ ਕੁੱਝ ਹੋਰ ਵੀ ਹੋ ਜਾਵੇ ਤਾਂ ਸੋਨੇ 'ਤੇ ਸੁਹਾਗਾ। ਹੋਰ ਚਾਰ ਦਿਨਾਂ ਨੂੰ ਜਹਾਜ਼ 'ਚ ਚਲੇ ਜਾਣੈ। ਇਹ ਤਾਂ ਬਹੁਤ ਡੂੰਘੀਆਂ ਗੱਲਾਂ ਕਰਨ ਲੱਗ ਪਈ। ਇੰਡੀਆ ਦੀ ਬੜੀ ਤਾਰੀਫ਼ ਕਰ ਰਹੀ ਹੈ। ਇਹ ਕਿਤੇ ਇੰਡੀਆ ਤੋਂ ਕੋਈ ਬੱਚਾ ਗੋਦ ਲੈਣ ਦੇ ਚੱਕਰ 'ਚ ਨਾ ਹੋਵੇ। ਇਹ ਲੋਕ ਰੈਡੀਮੇਡ ਦੇ ਬਹੁਤ ਸ਼ੌਕੀਨ ਨੇ। ਬੱਚਾ ਵੀ ਰੈਡੀਮੇਡ ਮਿਲਜੇ ਕੀ ਮਾੜਾ। ਨੌਂ ਮਹੀਨੇ ਪੇਟ 'ਚ ਰੱਖਣ ਤੇ ਨਾਲੇ ਜੰਮਣ ਦਾ, ਦੋਵੇਂ ਝੰਜਟ ਹੀ ਖ਼ਤਮ। ਇਨ੍ਹਾਂ ਨੂੰ ਫਿੱਗਰ ਦੀ ਵੀ ਜ਼ਿਆਦਾ ਫ਼ਿਕਰ ਰਹਿੰਦੀ ਹੈ।'

'ਖ਼ੈਰ, ਆਪਾਂ ਨੂੰ ਕੀ। ਗੱਲਾਂ ਖੁੱਲ੍ਹ ਗਈਆਂ, ਹੌਲੀ-ਹੌਲੀ ਹੋਰ ਖੁੱਲ੍ਹ ਜਾਣਗੀਆਂ। ਕੁੜੀ ਦਲੇਰ ਲੱਗਦੀ ਐ ਪਰ ਇੱਕ ਗੱਲ ਜ਼ਰੂਰ, ਇਨਸਾਨ ਕਿਤੇ ਵੀ ਖ਼ੁਸ਼ ਨਹੀਂ। ਇੱਥੇ ਹਰ ਤਰ੍ਹਾਂ ਦੀਆਂ ਖੁੱਲ੍ਹਾਂ ਨੇ, ਮੈਰੀ ਫਿਰ ਵੀ ਖ਼ੁਸ਼ ਨਹੀਂ। ਸਾਡੇ ਉੱਥੇ ਬੰਦਸ਼ਾਂ ਹੀ ਬੰਦਸ਼ਾਂ ਨੇ, ਅਸੀਂ ਵੀ ਖ਼ੁਸ਼ ਨਹੀਂ।' ਇਹ ਤਾਂ ਉਹੀ ਗੱਲ ਹੋਈ, 'ਨਾਨਕ ਦੁਖੀਆ ਸਭ ਸੰਸਾਰ।'

ਅੱਜ ਹੋਟਲ ਵਿੱਚ ਵਿਜੈ ਦਾ ਚੌਥਾ ਦਿਨ ਸੀ। ਉਹ ਤੇ ਮੈਰੀ ਰੋਜ਼ ਮਿਲਦੇ ਤੇ ਗੱਲਾਂ ਕਰਦੇ ਰਹਿੰਦੇ। ਮੈਰੀ ਨਾਲ ਉਸਦੀ ਨੇੜਤਾ ਬਹੁਤ ਵਧ ਚੁੱਕੀ ਸੀ। ਕੰਪਨੀ-ਏਜੰਟ ਦਾ ਫੋਨ ਆਇਆ ਕਿ ਪਰਸੋਂ ਸ਼ਾਮ ਤੱਕ ਜਹਾਜ਼ ਬੰਦਰਗਾਹ

ਵਿੱਚ ਆ ਜਾਏਗਾ। ਵਿਜੈ ਨੂੰ ਝਟਕਾ ਲੱਗਿਆ, 'ਹੈਂਅ....ਪਰਸੋਂ ਸ਼ਾਮ ਨੂੰ ਉਹ ਜਹਾਜ਼ ਵਿੱਚ ਚਲਾ ਜਾਏਗਾ।' ਉਸਨੂੰ ਮੈਰੀ ਦੀ ਯਾਦ ਆਈ। ਸੋਚਣ ਲੱਗਾ ਕਿ ਇਸਤੋਂ ਬਾਅਦ ਮੈਰੀ ਨਾਲ ਕਦੀ ਵੀ ਮੁਲਾਕਾਤ ਨਹੀਂ ਹੋਵੇਗੀ। ਉਸਦਾ ਮਨ ਉਦਾਸ ਹੋ ਗਿਆ।

'ਕੀ ਮੇਰੇ ਜਾਣ 'ਤੇ ਮੈਰੀ ਦਾ ਮਨ ਵੀ ਉਦਾਸ ਹੋਵੇਗਾ? ਸ਼ਾਇਦ ਨਹੀਂ।'

'ਹੋਟਲ ਵਿੱਚ ਤਾਂ ਹਰ ਰੋਜ਼ ਗੈਸਟ ਆਉਂਦੇ-ਜਾਂਦੇ ਹਨ, ਇਹ ਕਿਸ-ਕਿਸ ਨੂੰ ਯਾਦ ਕਰਨਗੀਆਂ।'

'ਨਾਲੇ ਉਹ ਮੇਰੇ ਲਈ ਉਦਾਸ ਕਿਉਂ ਹੋਵੇਗੀ, ਮੈਂ ਵੀ ਤਾਂ ਇੱਕ ਗੈਸਟ ਹਾਂ।'

'ਨਹੀਂ, ਹੋਰ ਗੈਸਟਾਂ ਦੀ ਹੋਰ ਗੱਲ, ਮੇਰੇ ਲਈ ਉਹ ਜ਼ਰੂਰ ਉਦਾਸ ਹੋਵੇਗੀ।'

'ਨਹੀਂ ਹੋਵੇਗੀ....ਜ਼ਰੂਰ ਹੋਵੇਗੀ....ਨਹੀਂ ਹੋਵੇਗੀ।' ਮਨ 'ਚ ਬੜੇ ਖ਼ਿਆਲ ਆ ਰਹੇ ਸਨ। ਬੜਾ ਪ੍ਰੇਸ਼ਾਨ।

ਫੇਰ ਮਨ 'ਚ ਆਇਆ, 'ਜੇ ਮੈਰੀ ਇੱਕ ਦਿਨ ਦੀ ਛੁੱਟੀ ਲੈ ਕੇ ਸਾਰਾ ਦਿਨ ਮੇਰੇ ਨਾਲ ਘੁੰਮੇ ਤਾਂ ਨਜ਼ਾਰਾ ਆ ਜੇ।'

ਗੱਲਾਂ ਕਰ-ਕਰ ਕੇ ਅਜੇ ਵੀ ਉਸਦੀ ਰੂਹ ਨਹੀਂ ਸੀ ਭਰੀ ਤੇ ਉਹ ਮੈਰੀ ਦਾ ਹੋਰ ਸਾਥ ਮਾਨਣਾ ਚਾਹੁੰਦਾ ਸੀ। ਖ਼ਿਆਲਾਂ ਵਿੱਚ ਹੀ ਉਸਨੇ ਮੈਰੀ ਨੂੰ ਘੁੱਟ ਕੇ ਜੱਫੀ ਪਾਈ ਤੇ ਉਸਦੇ ਹੋਠਾਂ ਨੂੰ ਚੁੰਮਿਆ।

'ਕਾਸ਼, ਮੈਂ ਸੱਚਮੁੱਚ ਮੈਰੀ ਦੇ ਹੋਠਾਂ ਨੂੰ ਚੁੰਮਾਂ।' ਤੇ ਉਹ ਤਿੰਨ ਵਜੇ ਦਾ ਇੰਤਜ਼ਾਰ ਕਰਨ ਲੱਗਾ।

ਸਹੀ ਤਿੰਨ ਵਜੇ ਮੈਰੀ ਡਿਊਟੀ 'ਤੇ ਆ ਗਈ। ਮੌਕਾ ਦੇਖਦੇ ਹੀ ਵਿਜੈ ਉਸ ਨਾਲ ਗੱਲਾਂ ਕਰਨ ਲੱਗਾ। ਗੱਲਾਂ-ਗੱਲਾਂ 'ਚ ਵਿਜੈ ਨੇ ਸੁਝਾਅ ਦਿੱਤਾ, "ਮੈਰੀ ਅਗਰ ਤੂੰ ਕੱਲ੍ਹ ਨੂੰ ਛੁੱਟੀ ਲੈ ਲਵੇਂ ਤੇ ਮੇਰੇ ਨਾਲ ਘੁੰਮਣ ਚੱਲੇਂ, ਮਜ਼ਾ ਆ ਜਾਵੇ। ਮੈਂ ਤੇਰੇ ਨਾਲ ਘੁੰਮਣਾ ਚਾਹੁੰਦਾ ਹਾਂ।"

"ਨਹੀਂ ਵਿਜੈ, ਮੈਨੂੰ ਫਾਲਤੂ ਘੁੰਮਣਾ ਚੰਗਾ ਨਹੀਂ ਲੱਗਦਾ।"

"ਮੈਰੀ ਤੂੰ ਕਿਹਾ ਸੀ ਇੱਥੇ ਦੇਖਣ ਵਾਲੀਆਂ ਬਹੁਤ ਥਾਵਾਂ ਹਨ।"

"ਠੀਕ ਹੈ ਪਰ ਵਿਜੈ ਤੂੰ ਸਭ ਦੇਖ ਚੁੱਕਾ ਹੈਂ, ਹੋਰ ਦਿਲ ਕਰਦੈ ਹੋਰ ਘੁੰਮ ਲਵੋ।"

"ਮੈਰੀ ਤੇਰੇ ਨਾਲ ਘੁੰਮਣ ਦੀ ਅਲੱਗ ਗੱਲ ਹੈ। ਉਨ੍ਹਾਂ ਥਾਵਾਂ ਨੂੰ ਦੇਖਣ ਦਾ ਮਜ਼ਾ ਹੀ ਹੋਰ ਹੋਵੇਗਾ।"

"ਵਾਹ, ਕਿਆ ਦਲੀਲ ਹੈ।"

"ਕੁੱਝ ਵੀ ਕਹਿ, ਤੇਰੇ ਨਾਲ ਬਿਤਾਏ ਪਲਾਂ ਦੀਆਂ ਕੁੱਝ ਮਿੱਠੀਆਂ ਯਾਦਾਂ ਮੈਂ ਆਪਣੇ ਨਾਲ ਲੈ ਕੇ ਜਾਣਾ ਚਾਹੁੰਦਾ ਹਾਂ।"

ਮੈਰੀ ਤਿਆਰ ਹੋ ਗਈ ਤੇ ਅਗਲੇ ਦਿਨ ਦੀ ਛੁੱਟੀ ਲੈ ਲਈ। ਅਗਲੇ ਦਿਨ ਦੋਵੇਂ ਮਿਲ ਕੇ ਘੁੰਮਣ ਨਿਕਲੇ। ਗੱਲਾਂ ਕਰਦਿਆਂ, ਘੁੰਮਦਿਆਂ-ਫਿਰਦਿਆਂ, ਹੱਸਦਿਆਂ-ਖੇਡਦਿਆਂ, ਕਦ ਸ਼ਾਮ ਢਲ ਗਈ ਪਤਾ ਹੀ ਨਾ ਲੱਗਾ।

"ਬਹੁਤ ਘੁੰਮ ਲਿਆ ਵਿਜੈ, ਚਲੋ ਹੁਣ ਵਾਪਸ ਚੱਲੀਏ।" ਮੈਰੀ ਨੇ ਉਬਾਸੀ ਲਈ। ਸ਼ਾਇਦ ਥਕਾਵਟ ਮਹਿਸੂਸ ਹੋਣ ਲੱਗੀ ਸੀ ਪਰ ਮੈਰੀ ਨੂੰ ਝੱਟ ਅਹਿਸਾਸ ਹੋਇਆ 'ਜੋ ਗੱਲ ਕਰਨ ਲਈ ਉਸਨੇ ਛੁੱਟੀ ਲਈ ਤੇ ਨਾਲ ਆਈ, ਉਹ ਗੱਲ ਤਾਂ ਹੋਈ ਹੀ ਨਹੀਂ।'

ਮੈਰੀ ਦੀ ਉਬਾਸੀ ਥਕਾਵਟ ਸੀ ਜਾਂ ਬੋਰੀਅਤ, ਵਿਜੈ ਨੂੰ ਸਮਝ ਨਾ ਆਇਆ ਪਰ ਉਸਨੇ ਮਨ ਬਣਾ ਲਿਆ ਕਿ ਉਹ ਹੋਰ ਨਹੀਂ ਘੁੰਮਣਗੇ ਤੇ ਹੁਣ ਬੈਠ ਕੇ ਗੱਲਾਂ ਕਰਨਗੇ। ਉਸਨੇ ਰੀਝ ਨਾਲ ਮੈਰੀ ਵੱਲ ਦੇਖਿਆ ਤੇ ਮੈਰੀ ਨੂੰ ਛੇੜਿਆ ਵੀ, "ਐਨੀ ਜਲਦੀ, ਅਜੇ ਤਾਂ ਰਾਤ ਦਾ ਖਾਣਾ ਲੈਣਾ ਹੈ, ਬੀਚ 'ਤੇ ਘੁੰਮਣਾ ਹੈ, ਢੇਰ ਸਾਰੀਆਂ ਹੋਰ ਗੱਲਾਂ ਕਰਨੀਆਂ ਨੇ, ਤੇ......ਤੇ....ਤੇ....।" ਲਮਕਾ ਕੇ ਗੱਲ ਵਿੱਚੇ ਛੱਡਦਿਆਂ ਵਿਜੈ ਨੇ ਉਸਦੇ ਲੱਕ ਦੁਆਲੇ ਬਾਂਹ ਪਾ ਲਈ ਤੇ ਥੋੜ੍ਹੀ ਸ਼ਰਾਰਤ ਵੀ ਕੀਤੀ।

"ਓ ਵਿਜੈ" ਮੈਰੀ ਥੋੜ੍ਹਾ ਚਹਿਕੀ, "ਬਹੁਤ ਘੁੰਮ ਲਿਆ ਯਾਰ, ਮੈਂ ਸੱਚ-ਮੁੱਚ ਥੱਕ ਚੁੱਕੀ ਹਾਂ।" ਉਸ ਨੇ ਵਿਜੈ ਵੱਲ ਦੇਖਿਆ।

"ਠੀਕ ਹੈ, ਇੱਕ-ਇੱਕ ਬੀਅਰ ਪੀਂਦੇ ਹਾਂ, ਸਾਰੀ ਥਕਾਵਟ ਦੂਰ।" ਮੈਰੀ ਨੂੰ ਹੋਰ ਨਜ਼ਦੀਕ ਕਰਦਿਆਂ ਉਹ ਬੀਚ ਵੱਲ ਨੂੰ ਚੱਲਣ ਲੱਗਾ।

ਬੀਚ 'ਤੇ ਪਹੁੰਚ ਕੇ ਸਨੈਕਸ ਲਏ ਤੇ ਬੀਅਰ ਦਾ ਇੱਕ-ਇੱਕ ਕੇਨ ਲੈ, ਸਮੁੰਦਰ ਵੱਲ ਮੂੰਹ ਕਰਕੇ ਉਹ ਰੇਤ ਉੱਪਰ ਬੈਠ ਗਏ। ਸੂਰਜ ਛਿਪ ਚੁੱਕਾ ਸੀ। ਠੰਡੀ-ਠੰਡੀ ਹਵਾ ਚੱਲ ਰਹੀ ਸੀ। ਮੈਰੀ ਤੇ ਵਿਜੈ ਪੂਰੀ ਤਰ੍ਹਾਂ ਰੀਲੈਕਸ, ਠੰਡੀ ਬੀਅਰ ਦੀਆਂ ਚੁਸਕੀਆਂ ਦਾ ਆਨੰਦ ਲੈ ਰਹੇ ਸਨ।

'ਔਰਤ ਦੇ ਸਾਥ ਦਾ ਨਿੱਘ ਤੇ ਆਨੰਦ ਹੀ ਵੱਖਰਾ ਹੈ' ਵਿਜੈ ਨੇ ਮਨ 'ਚ ਸੋਚਿਆ ਕਿ ਪਹਿਲੇ ਦਿਨ ਇਹੀ ਬੀਚ ਕਿੰਨਾ ਸੁੰਨਾ ਲੱਗਾ ਸੀ।

ਓਧਰ ਮੈਰੀ ਵੀ ਆਪਣੇ ਖ਼ਿਆਲਾਂ 'ਚ ਗੁਆਚੀ ਬੈਠੀ ਸੀ। ਸੋਚ ਰਹੀ ਸੀ, 'ਬੱਚਾ ਗੋਦ ਲੈਣ ਦੀ ਗੱਲ ਕਿਸ ਤਰ੍ਹਾਂ ਸ਼ੁਰੂ ਕਰਾਂ। ਵਿਜੈ ਹੋਰ ਮੂਡ ਵਿੱਚ ਹੈ, ਕਿਤੇ ਇਹ ਨਾ ਸੋਚੇ ਕਿ ਮਜ਼ਾ ਕਿਰਕਿਰਾ ਕਰ ਦਿੱਤਾ।'

ਹਨ੍ਹੇਰੇ ਦੀ ਪਰਤ, ਪਲ-ਦਰ-ਪਲ ਗਹਿਰੀ ਹੋ ਰਹੀ ਸੀ। ਉੱਪਰ ਤਾਰਿਆਂ ਦੀ ਛੱਤ, ਸਾਹਮਣੇ ਸਾਗਰ ਦੀਆਂ ਛੱਲਾਂ ਦਾ ਸੰਗੀਤ, ਆਲੇ-ਦੁਆਲੇ ਮਸਤੀ ਦੇ ਆਲਮ 'ਚ ਘੁੰਮਦੇ ਲੋਕ। ਵਿਜੈ ਦਾ ਮੂਡ ਵੀ ਰੁਮਾਂਟਿਕ

ਹੋ ਰਿਹਾ ਸੀ। ਉਨ੍ਹਾਂ ਨੇ ਆਪਣੀ-ਆਪਣੀ ਬੀਅਰ ਖ਼ਤਮ ਕਰ ਲਈ ਸੀ। ਮਨ ਅੰਦਰ ਤਰੰਗਾਂ ਉੱਠਣ ਲੱਗੀਆਂ ਸਨ। ਵਿਜੈ ਮੈਰੀ ਦੇ ਹੋਰ ਨਜ਼ਦੀਕ ਹੋ ਗਿਆ ਤੇ ਆਪਣੀ ਬਾਂਹ ਮੈਰੀ ਦੇ ਮੋਢਿਆਂ 'ਤੇ ਰੱਖ ਲਈ। ਮੈਰੀ ਨੇ ਕੋਈ ਉਜ਼ਰ ਨਾ ਕੀਤਾ, ਸਗੋਂ ਆਪਣਾ ਸਿਰ ਵਿਜੈ ਦੇ ਮੋਢੇ 'ਤੇ ਥੋੜ੍ਹਾ ਟੇਢਾ ਕਰ ਦਿੱਤਾ। ਦੋਵੇਂ ਕਾਫ਼ੀ ਦੇਰ ਚੁੱਪ-ਚਾਪ ਸ਼ਾਂਤ ਬੈਠੇ ਇਨ੍ਹਾਂ ਪਲਾਂ ਦਾ ਆਨੰਦ ਲੈਂਦੇ ਰਹੇ।

"ਵਿਜੈ, ਮੈਂ ਸੁਣਿਆ ਹੈ ਇੰਡੀਆ ਦੀਆਂ ਔਰਤਾਂ ਬੜੀ ਖ਼ੁਸ਼ੀ-ਖ਼ੁਸ਼ੀ, ਕਈ ਬੱਚੇ ਜੰਮ ਲੈਂਦੀਆਂ ਹਨ।" ਨਾਲ ਬੈਠੀ ਮੈਰੀ ਦੀ ਆਵਾਜ਼ ਜਿਵੇਂ ਕਿਸੇ ਖੂਹ ਵਿੱਚੋਂ ਆਈ। 'ਮੈਰੀ ਮਨ ਹੀ ਮਨ ਸੋਚ ਚੁੱਕੀ ਸੀ, ਹੁਣ ਗੱਲ ਕਰ ਹੀ ਲੈਣੀ ਚਾਹੀਦੀ ਹੈ।'

"ਹਾਂ ਮੈਰੀ, ਇਹ ਸੱਚ ਹੈ ਪਰ ਅੱਜ-ਕੱਲ੍ਹ ਪੜ੍ਹੇ-ਲਿਖੇ ਲੋਕ ਜ਼ਿਆਦਾ ਬੱਚੇ ਪੈਦਾ ਨਹੀਂ ਕਰਦੇ ਪਰ ਹਰ ਭਾਰਤੀ ਔਰਤ ਦਾ ਇੱਕ ਸੁਪਨਾ ਹੈ ਤੇ ਉਹ ਮਾਂ ਜ਼ਰੂਰ ਬਣਨਾ ਚਾਹੁੰਦੀ ਹੈ।"

"ਮੈਨੂੰ ਤਾਂ ਬੱਚਾ ਜੰਮਣ ਤੋਂ ਬਹੁਤ ਡਰ ਲੱਗਦਾ ਹੈ ਵਿਜੈ।" ਉਹ ਇੱਕ ਮਾਸੂਮ ਲੜਕੀ ਦੀ ਤਰ੍ਹਾਂ ਬੋਲੀ।

ਵਿਜੈ ਮੰਤਰ-ਮੁਗਧ ਹੋਇਆ ਉਸਦੀਆਂ ਗੱਲਾਂ ਸੁਣ ਰਿਹਾ ਸੀ। ਉਸਦਾ ਹੱਥ ਕਦੀ ਵਾਲਾਂ ਵਿੱਚ ਘੁੰਮਣ ਲੱਗਦਾ, ਕਦੀ ਕੋਮਲ ਗੱਲ੍ਹਾਂ ਨੂੰ ਪਲੋਸਣ ਲੱਗਦਾ। ਕਦੀ ਗੋਲਾਈਆਂ ਨੂੰ ਮਾਪਣ ਲੱਗਦਾ ਤੇ ਕਦੀ ਪਤਲੀ ਜਿਹੀ ਨਾਜ਼ੁਕ ਕਮਰ ਨੂੰ ਸਹਿਲਾਉਣ ਲੱਗਦਾ। ਕਦੀ ਬਾਹਾਂ ਨੂੰ ਹੋਰ ਕਸ ਲੈਂਦਾ ਤੇ ਕਦੀ ਢਿੱਲੀਆਂ ਛੱਡ ਦਿੰਦਾ। ਵਿਜੈ ਹੁਣ ਪੂਰੀ ਤਰ੍ਹਾਂ ਨਾਲ ਮਨ ਅੰਦਰ ਜਾਗ ਚੁੱਕੇ ਸ਼ੈਤਾਨ ਦਾ ਮੋਹਰਾ ਬਣਦਾ ਜਾ ਰਿਹਾ ਸੀ। ਉਸਦੀ ਆਵਾਜ਼ ਭਾਰੀ-ਭਾਰੀ ਹੁੰਦੀ ਜਾ ਰਹੀ ਸੀ। ਬੱਚਾ ਤੇ ਮਾਂ ਵਾਲੀ ਗੱਲ 'ਚ ਉਸ ਨੂੰ ਕੋਈ ਦਿਲਚਸਪੀ ਨਹੀਂ ਸੀ। ਮੈਰੀ ਦੀ ਗੱਲ ਦਾ ਜਵਾਬ ਦੇ ਰਿਹਾ ਸੀ।

"ਮੈਰੀ, ਮਾਂ ਬਣਨਾ ਔਰਤ ਦੀ ਸਭ ਤੋਂ ਵੱਡੀ ਖ਼ੁਸ਼ੀ ਹੈ। ਕਿਸੇ ਵਜ੍ਹਾ ਕਰਕੇ ਕੋਈ ਭਾਰਤੀ ਔਰਤ ਮਾਂ ਨਹੀਂ ਬਣ ਪਾਉਂਦੀ ਤਾਂ ਉਹ ਲੱਖ ਦੌਲਤਾਂ ਪਾ ਕੇ ਵੀ ਖ਼ੁਸ਼ ਨਹੀਂ। ਉਹ ਸਾਰੀ ਉਮਰ ਬਾਂਝਪਣ ਦਾ ਭਾਰ ਢੋਂਦੀ ਹੈ। ਦੂਸਰੀ ਔਰਤ ਦੀ ਗੋਦ ਵਿੱਚ ਖੇਡ ਰਹੇ ਬੱਚੇ ਨੂੰ ਦੇਖ, ਮਨ ਹੀ ਮਨ ਖ਼ੁਦ ਮਾਂ ਨਾ ਬਣ ਸਕਣ ਦੀ ਪੀੜਾ ਭੋਗਦੀ ਹੈ। ਆਪਣੀ ਕੁੱਖ ਵਿੱਚੋ ਬੱਚੇ ਨੂੰ ਜਨਮ ਦੇਣਾ ਤਾਂ ਸ੍ਰਿਸ਼ਟੀ ਰਚਣਾ ਹੈ।"

"ਵਿਜੈ, ਮੈਂ ਤੇਰੀ ਗੱਲ ਨਾਲ ਸਹਿਮਤ ਹਾਂ। ਤੁਹਾਡੇ ਤੇ ਸਾਡੇ ਸਿਸਟਮ 'ਚ ਬਹੁਤ ਫ਼ਰਕ ਹੈ। ਤੁਹਾਡੇ ਪਾਸ ਪਰਿਵਾਰ ਹੈ, ਅਸੀਂ ਇਕੱਲੇ ਹਾਂ। ਤੁਹਾਡਾ ਪਰਿਵਾਰਕ ਸਿਸਟਮ ਬੜਾ ਮਜ਼ਬੂਤ ਹੈ। ਉੱਥੇ ਔਰਤ ਕੋਲ ਇੱਕ ਨਹੀਂ, ਦੋ-ਦੋ ਪਰਿਵਾਰ ਹਨ। ਬੱਚਾ ਪੈਦਾ ਹੋਣ ਦੀ ਸੂਰਤ ਵਿੱਚ ਦੋਵੇਂ ਪਰਿਵਾਰ ਔਰਤ

ਦੀ ਮੱਦਦ ਕਰਦੇ ਹਨ। ਉਸਨੂੰ ਸਰੀਰਕ ਕਸ਼ਟ ਹੋ ਸਕਦਾ ਹੈ ਪਰ ਮਾਨਸਿਕ ਪ੍ਰੇਸ਼ਾਨੀ ਨਹੀਂ। ਸਾਡਾ ਸਿਸਟਮ ਹੋਰ ਹੈ। ਪਤੀ-ਪਤਨੀ 'ਚ ਮਾਮੂਲੀ ਤਕਰਾਰ ਤਲਾਕ ਦਾ ਕਾਰਨ ਬਣ ਜਾਂਦਾ ਹੈ। ਇਹ ਵੀ ਨਹੀਂ ਪਤਾ ਕਿ ਔਰਤ ਡਲਿਵਰੀ ਲਈ ਹਸਪਤਾਲ ਜਾਵੇ ਤੇ ਉੱਥੇ ਪਤੀ ਦੀ ਜਗ੍ਹਾ ਉਸਦਾ ਵਕੀਲ ਤਲਾਕ ਦੇ ਪੇਪਰ ਲੈ ਕੇ ਆ ਜਾਵੇ। ਉਸ ਵਕਤ ਔਰਤ 'ਤੇ ਕੀ ਬੀਤਦੀ ਹੈ, ਜ਼ਰਾ ਅੰਦਾਜ਼ਾ ਲਾਓ ਵਿਜੈ।"

ਇਹ ਗੱਲ ਸੁਣ ਕੇ ਵਿਜੈ ਸੁੰਨ ਹੋ ਗਿਆ। ਉਹ ਚੁੱਪ ਕਰ ਗਿਆ। ਮਜ਼ਾ ਕਿਰਕਰਾ ਹੋ ਰਿਹਾ ਸੀ, ਕੀ ਅੰਦਾਜ਼ਾ ਲਾਵੇ?

ਮੈਰੀ ਫਿਰ ਬੋਲੀ, "ਦੂਸਰੀ ਗੱਲ ਇੱਥੇ ਫਿਗਰ ਦੀ ਹੈ। ਤੁਸੀਂ ਲੋਕ ਔਰਤ ਨੂੰ ਆਪਣੀ ਪਤਨੀ ਵੀ ਸਮਝਦੇ ਹੋ ਤੇ ਆਪਣੇ ਬੱਚਿਆਂ ਦੀ ਮਾਂ ਦੇ ਰੂਪ 'ਚ ਦੇਖ ਕੇ ਵੀ ਖ਼ੁਸ਼ ਹੋ। ਤੁਹਾਡਾ ਸਿਸਟਮ ਇੱਕ ਕੁੜੀ ਤੇ ਇੱਕ ਮਾਂ ਦੇ ਫਿੱਗਰ ਵਿਚਲੇ ਫ਼ਰਕ ਨੂੰ ਸਮਝਦਾ ਵੀ ਹੈ ਤੇ ਸਵੀਕਾਰਦਾ ਵੀ। ਸਾਡੇ ਇੱਥੇ ਫਿੱਗਰ ਦੀ ਹੀ ਅਹਿਮੀਅਤ ਹੈ। ਮੇਰਾ ਹੁਣ ਵਾਲਾ ਫਿੱਗਰ ਦੇਖ ਰਿਹਾ ਹੈਂ। ਮੈਨੂੰ ਵੀ ਆਪਣਾ ਫਿੱਗਰ ਬੜਾ ਸੋਹਣਾ ਲੱਗਦਾ ਹੈ। ਡੇਵਿਡ ਵੀ ਮੇਰੇ ਫਿੱਗਰ 'ਤੇ ਮਰਦਾ ਹੈ। ਇਸੇ ਲਈ ਮੈਨੂੰ ਬਹੁਤ ਪਿਆਰ ਕਰਦਾ ਹੈ। ਸੈਮ ਵੀ ਮੇਰੇ ਫਿੱਗਰ 'ਤੇ ਮਰਦਾ ਸੀ। ਜੇ ਮੈਂ ਦੁਬਾਰਾ ਪਰੈਗਨੈਂਟ ਹੋ ਗਈ, ਮੇਰਾ ਫਿੱਗਰ ਹੋਰ ਬਦਲ ਜਾਏਗਾ। ਮੈਨੂੰ ਇਸ ਗੱਲ ਦੀ ਵੀ ਚਿੰਤਾ ਹੈ।"

'ਡੇਵਿਡ, ਸੈਮ, ਦੁਬਾਰਾ ਪਰੈਗਨੈਂਟ!' ਇਹ ਗੱਲਾਂ ਸੁਣ ਵਿਜੈ ਨੂੰ ਝਟਕਾ ਲੱਗਾ ਤੇ ਮੂਡ ਹੋਰ ਖ਼ਰਾਬ ਹੋ ਗਿਆ।

'ਇਹ ਡੇਵਿਡ ਤੇ ਸੈਮ ਦੋ ਪਤੰਦਰ ਕਿੱਧਰੋਂ ਆ ਗਏ। ਕੌਣ ਪਹਿਲਾਂ ਪਰੈਗਨੈਂਟ ਕਰ ਚੁੱਕਾ ਹੈ, ਕੌਣ ਦੁਬਾਰਾ ਪਰੈਗਨੈਂਟ ਕਰ ਰਿਹਾ ਹੈ, ਇਹ ਕੀ ਮਾਜ਼ਰਾ ਹੋਇਆ। ਕੀ ਇਹ ਪਹਿਲਾਂ ਵੀ ਮਾਂ ਬਣ ਚੁੱਕੀ ਹੈ? ਵਿਜੈ ਅੰਦਰ ਹੀ ਅੰਦਰ ਪ੍ਰੇਸ਼ਾਨ ਹੋ ਗਿਆ।

ਉਹ ਸਿੱਧਾ ਹੋ ਕੇ ਬੈਠ ਗਿਆ। ਸੋਚਣ ਲੱਗਾ, ਕੀ ਸੋਚ ਕੇ ਆਏ ਸੀ ਤੇ ਗੱਲ ਹੋਰ ਹੀ ਬਣਦੀ ਜਾ ਰਹੀ ਹੈ। ਅੰਦਰਲਾ ਸ਼ੈਤਾਨ ਫਿਰ ਬੋਲ ਪਿਆ, 'ਕੌਣ ਡੇਵਿਡ, ਕੌਣ ਸੈਮ, ਤੂੰ ਕਿਸੇ ਤੋਂ ਕੀ ਲੈਣੈ, ਤੈਨੂੰ ਕਿਸੇ ਨਾਲ ਕੀ ਮਤਲਬ, ਐਨੀ ਸੋਹਣੀ ਕੁੜੀ ਦੇ ਹੋਰ ਪ੍ਰੇਮੀ ਵੀ ਹੋਣਗੇ। ਪਹਿਲਾਂ ਵੀ ਰਹੇ ਹੀ ਹੋਣਗੇ। ਤੂੰ ਕੱਲ੍ਹ ਨੂੰ ਜਹਾਜ਼ 'ਚ ਚਲੇ ਜਾਣਾ ਹੈ। ਫੇਰ ਤੂੰ ਕੌਣ ਤੇ ਮੈਂ ਕੌਣ। ਟਾਇਮ ਨਿਕਲਦਾ ਜਾਂਦੈ। ਤੂੰ ਆਪਣਾ ਮਕਸਦ ਪੂਰਾ ਕਰਨ ਬਾਰੇ ਸੋਚ। ਹੁਣ ਦਾ, ਹੁਣ ਦਾ ਆਨੰਦ ਲੈ।'

ਉਹ ਫਿਰ ਚੁਕੰਨਾ ਤੇ ਰੁਮਾਂਟਿਕ ਹੋ ਗਿਆ। ਉਸਨੇ ਮੈਰੀ ਨੂੰ ਫਿਰ ਬਾਹਾਂ 'ਚ ਘੁੱਟ ਲਿਆ ਤੇ ਮੱਥਾ ਚੁੰਮ ਕੇ ਬੋਲਿਆ, "ਮੈਰੀ, ਤੁਸੀਂ ਇਨ੍ਹਾਂ ਗੱਲਾਂ

ਵਿੱਚ ਜ਼ਿਆਦਾ ਆਜ਼ਾਦ ਹੋ, ਮੈਂ ਕੀ ਕਹਿ ਸਕਦਾ ਹਾਂ। ਹੁਣ ਤਾਂ ਏਹੋ ਕਹਿਣਾ ਹੈ ਡਾਰਲਿੰਗ ਤੂੰ ਬਹੁਤ ਪਿਆਰੀ ਲੱਗ ਰਹੀ ਹੈਂ ਤੇ ਤੈਥੋਂ ਦੂਰ ਹੋਣ ਨੂੰ ਜੀਅ ਨਹੀਂ ਕਰਦਾ।"

"ਸਵੇਰ ਦੇ ਇਕੱਠੇ ਘੁੰਮ ਰਹੇ ਹਾਂ, ਇਕੱਠੇ ਬੈਠੇ ਹਾਂ, ਜੀਅ ਨਹੀਂ ਭਰਿਆ?" ਮੈਰੀ ਕੁੱਝ ਸੁੰਗੜੀ ਤੇ ਵਿਜੈ ਦੀ ਗਰਦਨ ਨੂੰ ਚੁੰਮਿਆ।

"ਮੈਰੀ, ਇੱਕ ਗੱਲ ਹੋਰ ਕਹਾਂ, ਮਨ ਦੀ ਇੱਛਾ ਹੈ ਬੀਚ ਦੇ ਨਜ਼ਦੀਕ ਹੋਟਲ ਦਾ ਇੱਕ ਕਮਰਾ ਲਈਏ। ਉਸ ਕਮਰੇ 'ਚ ਆਪਾਂ ਦੋਵੇਂ ਹੋਈਏ ਤੇ ਰੱਜ-ਰੱਜ ਕੇ ਪਿਆਰ ਕਰੀਏ। ਤੇਰੇ ਸੰਗ ਉਨ੍ਹਾਂ ਪਲਾਂ ਦਾ ਵੱਖਰਾ ਆਨੰਦ ਮਾਣਨਾ ਚਾਹੁੰਦਾ ਹਾਂ।" ਮਨ ਅੰਦਰਲਾ ਸ਼ੈਤਾਨ ਬੇ-ਸਬਰਾ ਹੋ ਰਿਹਾ ਸੀ ਤੇ ਜਲਦੀ ਤੋਂ ਜਲਦੀ ਮੈਰੀ ਨੂੰ ਨੋਚਣਾ ਚਾਹੁੰਦਾ ਸੀ। ਸੋ ਉਸਨੇ ਨਵੀਂ ਚਾਲ ਚੱਲ ਦਿੱਤੀ ਸੀ।

ਮੈਰੀ ਨੇ ਵਿਜੈ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਿਆ, "ਵਿਜੈ, ਤੈਨੂੰ ਇੱਕ ਦੋਸਤ ਸਮਝਿਆ ਤੇ ਦੋਸਤ ਦੇ ਨਾਤੇ ਤੇਰੇ ਨਾਲ ਘੁੰਮਣ ਆਈ। ਆਪਾਂ ਖ਼ੂਬ ਘੁੰਮੇ ਤੇ ਆਨੰਦ ਲਿਆ। ਤੈਨੂੰ ਪਿਆਰਾ ਤੇ ਵਧੀਆ ਦੋਸਤ ਮੰਨ ਕੇ ਹੀ ਮੈਂ ਏਥੇ ਤੱਕ ਪਹੁੰਚੀ ਹਾਂ ਤੇ ਇਹ ਇੱਥੋਂ ਤੱਕ ਹੀ ਰਹਿਣਾ ਚਾਹੀਦਾ ਹੈ। ਕੋਈ ਹੋਰ ਹੁੰਦਾ, ਮੈਂ ਕਦੇ ਇੱਥੋਂ ਤੱਕ ਦੀ ਇਜਾਜ਼ਤ ਵੀ ਨਾ ਦੇਂਦੀ। ਇਸ ਤੋਂ ਅੱਗੇ ਜੋ ਤੂੰ ਕਹਿ ਤੇ ਸੋਚ ਰਿਹੈਂ, ਉਹ ਦੋਸਤੀ ਦੀ ਹੱਦ ਤੋਂ ਬਾਹਰ ਦੀ ਗੱਲ ਹੈ। ਮੈਂ ਉਹ ਪਿਆਰ, ਉਹ ਗੱਲ, ਆਪਣੇ ਲਵਰ ਤੇ ਹਸਬੈਂਡ ਨਾਲ ਹੀ ਕਰ ਸਕਦੀ ਹਾਂ।" ਬੜੀ ਸਪੱਸ਼ਟ ਹੋ ਕੇ ਮੈਰੀ ਬੋਲੀ।

ਇਹ ਸੁਣ ਵਿਜੈ ਸ਼ਰਮ ਨਾਲ ਪਾਣੀ-ਪਾਣੀ ਹੋ ਗਿਆ। ਆਪਣੀ ਘਟੀਆ ਸੋਚ 'ਤੇ ਅਫ਼ਸੋਸ ਹੋਇਆ। ਘਸੀ-ਪਿਟੀ ਪੇਂਡੂ ਮਾਨਸਿਕਤਾ ਜਿੱਥੇ ਹਰ ਬੁਝੜ, ਗੋਰੀਆਂ ਬਾਰੇ ਤੇ ਸ਼ਹਿਰੀ ਕੁੜੀਆਂ ਬਾਰੇ, ਆਪਣੀ ਰੂੜੀ ਮਾਰਕਾ ਪੀ.ਐੱਚ.ਡੀ. ਦਾ ਖ਼ੂਬ ਚੌੜਾ ਹੋ-ਹੋ ਵਿਖਾਵਾ ਕਰਦਾ ਹੈ, 'ਤੇ ਨਿਰਾਸ਼ਾ ਹੋਈ। ਜ਼ਿੰਮੇਵਾਰੀ ਦਾ ਅਹਿਸਾਸ ਪਰਤਿਆ ਤੇ ਉਹ ਝੱਟ ਬੋਲਿਆ, "ਆਈ ਐਮ ਸੌਰੀ ਮੈਰੀ, ਸ਼ਾਇਦ ਮੈਂ ਬਹਿਕ ਗਿਆ ਸੀ। ਆਈ ਐਮ ਵੈਰੀ ਸੌਰੀ।"

'ਸੌਰੀ' ਸ਼ਬਦ ਸੁਣ ਕੇ ਮੈਰੀ ਖ਼ੁਸ਼ ਹੋਈ ਤੇ ਦੱਸਿਆ, "ਵਿਜੈ, ਮੈਂ ਸ਼ਾਦੀ-ਸ਼ੁਦਾ ਹਾਂ। ਡੇਵਿਡ ਮੇਰਾ ਪਤੀ ਹੈ। ਇਹ ਮੇਰੀ ਦੂਸਰੀ ਸ਼ਾਦੀ ਹੈ ਤੇ ਸਾਡੇ ਇੱਥੇ ਇਹ ਆਮ ਗੱਲ ਹੈ। ਪਹਿਲੀ ਸ਼ਾਦੀ ਸੈਮ ਨਾਲ ਹੋਈ ਸੀ। ਦਸ ਮਹੀਨੇ ਬਾਅਦ ਹੀ ਉਹ ਟੁੱਟ ਗਈ ਤੇ ਸਾਡਾ ਤਲਾਕ ਹੋ ਗਿਆ।" ਬਿਨਾਂ ਝਿਜਕ ਪੂਰੇ ਧੜੱਲੇ ਨਾਲ ਮੈਰੀ ਨੇ ਸਭ ਕੁੱਝ ਸੱਚੋ-ਸੱਚ ਦੱਸ ਦਿੱਤਾ।

'ਸ਼ਾਦੀ, ਤਲਾਕ, ਦੂਸਰੀ ਸ਼ਾਦੀ, ਮਾਈ ਗਾਡ ਤੇ ਮੈਂ?....ਮੈਂ ਤਾਂ ਕੁੱਝ ਹੋਰ ਹੀ ਗੱਲ ਸਮਝ ਰਿਹਾ ਸੀ।' ਵਿਜੈ ਸੋਚੀਂ ਪੈ ਗਿਆ।

ਵਿਜੈ ਨੂੰ ਚੁੱਪ ਵੇਖ ਉਹ ਅੱਗੇ ਦੱਸਣ ਲੱਗੀ, "ਵਿਜੈ, ਮੇਰਾ ਪਤੀ ਡੇਵਿਡ ਮੈਨੂੰ ਬਹੁਤ ਪਿਆਰ ਕਰਦਾ ਹੈ। ਉਹ ਚਾਹੁੰਦਾ ਹੈ ਮੈਂ ਉਸਦੇ ਬੱਚੇ ਦੀ ਮਾਂ ਬਣਾਂ। ਉਸ ਲਈ ਬੱਚਾ ਪੈਦਾ ਕਰਾਂ। ਇਸੇ ਲਈ ਉਹ ਜ਼ੋਰ ਪਾਉਂਦਾ ਹੈ, ਗੈਟ ਪਰੇਗਨੈਂਟ-ਗੈਟ ਪਰੇਗਨੈਂਟ। ਇਸ ਗੱਲ 'ਤੇ ਸਾਡੇ ਵਿੱਚ ਕਈ ਵਾਰ ਤਕਰਾਰ ਵੀ ਹੋ ਜਾਂਦਾ ਹੈ। ਮੈਂ ਬੱਚਾ ਪੈਦਾ ਕਰਨ ਤੋਂ ਬਹੁਤ ਡਰਦੀ ਹਾਂ ਪਰ ਉਹ ਮੇਰੀ ਗੱਲ ਨਹੀਂ ਸੁਣਦਾ। ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦਾ। ਆਪਣੀ ਹੀ ਗੱਲ 'ਤੇ ਅੜਿਆ ਹੋਇਆ ਹੈ। ਮੈਂ ਵੀ ਪਰਿਵਾਰ ਤਾਂ ਚਾਹੁੰਦੀ ਹਾਂ ਪਰ ਬੱਚਾ ਪੈਦਾ ਕਰਨਾ ਨਹੀਂ। ਇਸ ਗੱਲ 'ਤੇ ਮੇਰੇ ਹੱਥ ਖੜ੍ਹੇ ਹਨ। ਮੈਨੂੰ ਡਰ ਲੱਗਦਾ ਹੈ।"

"ਮੈਂ ਸੈਮ ਵਾਲਾ ਕਿੱਸਾ ਕਦੇ ਨਹੀਂ ਭੁੱਲ ਸਕਦੀ। ਮੈਂ ਪਰੈਗਨੈਂਟ ਸੀ ਤੇ ਸਭ ਠੀਕ-ਠਾਕ ਚੱਲ ਰਿਹਾ ਸੀ। ਬਹੁਤ ਖ਼ੁਸ਼ ਸਾਂ। ਅਚਾਨਕ ਇੱਕ ਗੱਲ 'ਤੇ ਤਕਰਾਰ ਹੋ ਗਿਆ ਤੇ ਸੈਮ ਨੇ ਸਖ਼ਤ ਸਟੈਂਡ ਲੈ ਲਿਆ। ਐਨਾ ਸਖ਼ਤ ਕਿ ਜਦ ਹਸਪਤਾਲ ਵਿੱਚ ਮੈਨੂੰ ਸੈਮ ਦੀ ਬਹੁਤ ਜ਼ਰੂਰਤ ਸੀ, ਉਹ ਮੇਰੇ ਕੋਲ ਨਹੀਂ ਸੀ। ਉਸਦਾ ਵਕੀਲ ਮੇਰੇ ਕੋਲ ਤਲਾਕ ਦੇ ਪੇਪਰ ਲੈ ਕੇ ਆਇਆ ਸੀ। ਨਤੀਜਾ ਨਾ ਬੱਚਾ ਰਿਹਾ, ਨਾ ਸੈਮ ਰਿਹਾ। ਮੈਂ ਸੈਮ ਤੇ ਆਪਣੇ ਬੱਚੇ, ਦੋਵਾਂ ਤੋਂ ਵਾਂਝੀ ਹੋ ਗਈ। ਉਸ ਵਕਤ ਮੇਰੇ 'ਤੇ ਕੀ ਬੀਤੀ ਤੇ ਕਿਵੇਂ ਮੈਂ ਆਪਣੇ ਆਪ ਨੂੰ ਸੰਭਾਲਿਆ, ਇਹ ਮੈਂ ਹੀ ਜਾਣਦੀ ਹਾਂ। ਉਸ ਗ਼ਮ ਵਿੱਚੋਂ ਮੈਂ ਅਜੇ ਤੱਕ ਵੀ ਬਾਹਰ ਨਹੀਂ ਆ ਸਕੀ। ਇਸੇ ਲਈ ਮੈਨੂੰ ਬੱਚਾ ਪੈਦਾ ਕਰਨ ਤੋਂ ਵੀ ਤੇ ਸਾਡੇ ਸਿਸਟਮ ਤੋਂ ਵੀ, ਦੋਵਾਂ ਤੋਂ ਡਰ ਲੱਗਣ ਲੱਗਾ ਹੈ। ਵਿਜੈ, ਮੈਂ ਇੰਡੀਆ ਜਾਣਾ ਚਾਹੁੰਦੀ ਹਾਂ ਤੇ ਇੱਕ ਬੱਚਾ ਗੋਦ ਲੈਣਾ ਚਾਹੁੰਦੀ ਹਾਂ।"

ਐਨਾ ਕਹਿੰਦੀ-ਕਹਿੰਦੀ ਮੈਰੀ ਦਾ ਗਲਾ ਭਰ ਆਇਆ। ਉਸਤੋਂ ਹੋਰ ਗੱਲ ਨਾ ਹੋਈ। ਉਹ ਵਿਜੈ ਦੀਆਂ ਬਾਂਹਾ ਵਿੱਚ ਹੋਰ ਸੁੰਗੜ ਗਈ। ਹੋਰ ਘੁੱਟ ਕੇ ਜੱਫੀ ਪਾ ਲਈ, ਜਿਵੇਂ ਵਿਜੈ 'ਚੋਂ ਕੋਈ ਸਹਾਰਾ ਲੱਭਦੀ ਹੋਵੇ।

ਵਿਜੈ ਨੂੰ ਲੱਗਿਆ, ਮੈਰੀ ਤਾਂ ਜਿਵੇਂ ਕੋਈ ਬਰਫ਼ ਦੀ ਡਲੀ ਸੀ। ਉਹ ਤਾਂ ਸਾਰੀ ਦੀ ਸਾਰੀ ਹੀ ਪਿਘਲ ਗਈ। ਉਸਨੂੰ ਆਪਣੇ ਕੱਪੜੇ ਗਿੱਲੇ-ਗਿੱਲੇ ਲੱਗੇ।

# ਕੈਪਟਨ ਉਦਾਸ ਸੀ

ਪੱਛਮ ਵਾਲੇ ਪਾਸੇ ਇੱਕ ਵੱਡਾ ਲਾਲ ਗੋਲ ਆਕਾਰ, ਸਮੁੰਦਰ ਦੀ ਸਤਹਿ ਵੱਲ ਵਧ ਰਿਹਾ ਸੀ। ਹੌਲੀ-ਹੌਲੀ ਉਸ ਲਾਲ ਅੱਗ ਦੇ ਗੋਲੇ ਨੇ ਸਤਹਿ ਨੂੰ ਛੂਹਿਆ। ਥੋੜ੍ਹਾ-ਥੋੜ੍ਹਾ ਕਰਕੇ ਪਾਣੀ ਅੰਦਰ ਡੁਬਦਾ ਗਿਆ ਤੇ ਦੇਖਦੇ ਹੀ ਦੇਖਦੇ ਪੂਰਾ ਸਮੁੰਦਰ ਵਿੱਚ ਸਮਾ ਗਿਆ। ਬੜਾ ਹੀ ਸੁਹਾਵਣਾ ਦ੍ਰਿਸ਼ ਅਚਾਨਕ ਗਾਇਬ ਹੋ ਗਿਆ। ਆਸ-ਪਾਸ ਆਕਾਸ਼ ਉੱਪਰ ਛਾਈ ਲਾਲੀ ਮੱਧਮ ਪੈਣ ਲੱਗੀ। ਹੌਲੀ-ਹੌਲੀ ਹਨੇਰੇ ਨੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣਾ ਸ਼ੁਰੂ ਕਰ ਦਿੱਤਾ, ਜੋ ਆਉਣ ਵਾਲੀ ਰਾਤ ਦਾ ਸੰਕੇਤ ਸੀ।

ਜਹਾਜ਼ ਦੇ ਬਰਿੱਜ਼ ਅੰਦਰ ਖੜ੍ਹਾ ਕੈਪਟਨ, ਇਸ ਡੁਬਦੇ ਸੂਰਜ ਦੇ ਦ੍ਰਿਸ਼ ਨੂੰ ਗੌਰ ਨਾਲ ਦੇਖਦਾ ਰਿਹਾ। ਉਸਨੇ ਆਪਣੀ ਠੋਡੀ ਤੇ ਗੱਲ੍ਹਾਂ ਨੂੰ ਦੋਵਾਂ ਹੱਥਾਂ ਦਾ ਸਹਾਰਾ ਦਿੱਤਾ ਹੋਇਆ ਸੀ। ਦੋਵੇਂ ਕੂਹਣੀਆਂ ਇੱਕ ਟੇਬਲ-ਨੁਮਾ ਸਹਾਰੇ ’ਤੇ ਟਿਕਾਈਆਂ ਹੋਈਆਂ ਸਨ। ਅੱਖਾਂ ’ਚ ਕੋਈ ਸੁੰਨਾਪਨ ਸੀ। ਚਿਹਰਾ ਖਾਲੀ-ਖਾਲੀ। ਮਨ ਸ਼ਾਂਤ ਸੀ ਜਾਂ ਅਸ਼ਾਂਤ, ਕਹਿਣਾ ਮੁਸ਼ਕਿਲ ਸੀ। ਉਹ ਸਹਿਜ ਸੀ ਜਾਂ ਅਸਹਿਜ, ਅੰਦਾਜ਼ਾ ਲਾਉਣਾ ਔਖਾ ਹੋ ਰਿਹਾ ਸੀ। ਦੇਖਣ ਵਾਲੇ ਨੂੰ ਉਹ ਕਿਸੇ ਗਹਿਰੀ ਸੋਚ ਵਿੱਚ ਲੱਗਦਾ ਸੀ।

ਪਲ-ਦਰ-ਪਲ ਹਨ੍ਹੇਰਾ ਹੋਰ ਗਹਿਰਾ ਹੁੰਦਾ ਗਿਆ। ਸਟਾਫ਼ ਦੇ ਚਿਹਰਿਆਂ ਉੱਪਰ ਛਾਈ ਅਜੀਬ ਜਿਹੀ ਚੁੱਪ ਤੇ ਉਦਾਸੀ ਦੀ ਪਰਤ ਵੀ ਗਹਿਰੀ ਹੁੰਦੀ ਗਈ। ਜਹਾਜ਼ ‘ਡੇਂਜਰ-ਏਰੀਏ’ ’ਚ ਦਾਖ਼ਲ ਹੋਣ ਜਾ ਰਿਹਾ ਸੀ। ਸਭ ਨੂੰ ਪਤਾ ਸੀ। ਸਭ ਚਿਹਰਿਆਂ ’ਤੇ ਤਣਾਅ ਸਾਫ਼ ਝਲਕਦਾ ਸੀ।

ਆਉਣ ਵਾਲੀ ਰਾਤ ਨੂੰ ਕਿਸੇ ਵੀ ਅਣ-ਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ, ਕੈਪਟਨ ਨੇ ਆਪਣੇ ਅਫ਼ਸਰਾਂ ਨਾਲ ਮੀਟਿੰਗ ਕੀਤੀ। ਜਹਾਜ਼ ਦਾ ਚੀਫ਼-ਅਫਸਰ ਆਸਟ੍ਰੇਲੀਅਨ ਗੋਰਾ ਸੀ ਤੇ ਸਾਰੇ ਦਿਨ ਦੀ ਕੰਮ ਦੀ ਥਕਾਵਟ ਚਿਹਰੇ ’ਤੇ ਝਲਕਦੀ ਸੀ। ਫਿਰ ਵੀ ਉਹ ਆਤਮ ਵਿਸ਼ਵਾਸ ਨਾਲ ਭਰੀਆਂ ਅੱਖਾਂ ਨਾਲ ਕੈਪਟਨ ਨੂੰ ਦੱਸ ਰਿਹਾ ਸੀ, “ਸਰ ਅੱਗੇ ਤੋਂ ਪਿੱਛੇ ਤੱਕ ਜਹਾਜ਼ ਦੇ ਦੋਵੇਂ ਪਾਸੇ ਵੱਡੀਆਂ ਫਲੱਡ-ਲਾਈਟਾਂ ਲਾ ਦਿਤੀਆਂ ਹਨ ਤਾਂ ਕਿ ਕੋਈ ਕਿਸ਼ਤੀ ਰਾਤ ਸਮੇਂ ਜਹਾਜ਼ ਵੱਲ ਆਵੇ ਤਾਂ ਦੂਰੋਂ ਨਜ਼ਰ ਪੈ ਜਾਵੇ। ਚਾਰ-ਚੁਫ਼ੇਰੇ ਵਾਟਰ-ਗੰਨ ਵੀ ਫਿੱਟ ਕਰ ਦਿੱਤੀਆਂ ਹਨ ਕਿ ਅਗਰ ਕੋਈ ਸ਼ੱਕੀ ਕਿਸ਼ਤੀ

ਨਜ਼ਦੀਕ ਆਉਣ ਦੀ ਕੋਸ਼ਿਸ਼ ਕਰੇ ਤਾਂ ਪਾਣੀ ਦੀ ਬੁਛਾੜ ਕਰਕੇ ਉਨ੍ਹਾਂ ਬੰਦਿਆਂ ਨੂੰ ਵਾਪਸ ਜਾਣ ਲਈ ਮਜ਼ਬੂਰ ਕੀਤਾ ਜਾ ਸਕੇ।"

ਕੈਪਟਨ ਨੇ ਤਸੱਲੀ ਪ੍ਰਗਟ ਕੀਤੀ ਤੇ ਕਿਹਾ, "ਗੁੱਡ-ਗੁੱਡ।"

ਚੀਫ-ਇੰਜਨੀਅਰ ਮਦਰਾਸ ਦਾ ਰਹਿਣ ਵਾਲਾ ਇੰਡੀਅਨ ਸੀ। ਕੱਦ ਦਾ ਮਧਰਾ ਪਰ ਦਿਮਾਗ ਕੰਪਿਊਟਰ ਵਰਗਾ। ਉਸਨੇ ਆਪਣੀ ਗੱਲ ਕਰਦਿਆਂ ਕਿਹਾ, "ਅਗਰ ਜਹਾਜ਼ ਨੂੰ ਐਮਰਜੈਂਸੀ ਫੁੱਲ-ਸਪੀਡ ਭੱਜਣਾ ਪਵੇ ਜਾਂ ਬਚਾਅ ਲਈ ਖੱਬੇ-ਸੱਜੇ ਘੁੰਮਦਿਆਂ ਵਲ-ਖਾਂਦਾ ਰੂਟ ਅਪਣਾ ਨਿਕਲਣਾ ਪਵੇ, ਹਰ ਸਥਿਤੀ ਲਈ ਇੰਜਣ-ਰੂਮ ਨੇ ਪੂਰੀ ਤਿਆਰੀ ਕਰ ਲਈ ਹੈ। ਇੰਜਣ ਸਮੇਤ ਸਾਰੇ ਜਨਰੇਸ਼ਨ-ਪਲਾਂਟ, ਬੁਆਲਰ, ਫਾਇਰ-ਪੰਪ ਆਦਿ ਸਾਰੀ ਰਾਤ ਫੁੱਲ ਕਪੈਸਟੀ 'ਤੇ ਚੱਲਦੇ ਰਹਿਣਗੇ।"

ਕੈਪਟਨ ਨੇ ਤਸੱਲੀ ਨਾਲ ਉਸ ਵੱਲ ਦੇਖਦੇ ਸਿਰ ਹਿਲਾਇਆ ਤੇ ਕਿਹਾ, "ਗੁੱਡ ਚੀਫ਼।"

ਸੈਕਿੰਡ-ਅਫ਼ਸਰ ਸ੍ਰੀਲੰਕਾ ਦਾ ਸੀ ਤੇ ਸਰੀਰ ਦਾ ਪਤਲੂ ਜਿਹਾ। ਉਹ ਡੈਕ-ਡਿਊਟੀ ਦੇ ਨਾਲ-ਨਾਲ ਮੈਡੀਕਲ-ਅਫ਼ਸਰ ਦੀ ਭੂਮਿਕਾ ਵੀ ਨਿਭਾਅ ਰਿਹਾ ਸੀ। ਪੂਰਾ ਫੁਰਤੀਲਾ ਤੇ ਕੰਮ 'ਚ ਹੁਸ਼ਿਆਰ ਉਹ ਦੱਸਣ ਲੱਗਾ, "ਸਰ, ਕਿਸੇ ਵੀ ਜ਼ਖ਼ਮੀ ਨੂੰ ਸਾਂਭਣ ਲਈ ਦੋ ਬੈੱਡ, ਫਸਟ-ਏਡ ਦਾ ਕਿਟ ਅਤੇ ਹੋਰ ਲੋੜੀਂਦੀ ਦਵਾਈ ਵਗੈਰਾ ਦਾ ਪ੍ਰਬੰਧ ਮੁਕੰਮਲ ਹੈ।"

ਹੋਰ ਸਭਨਾਂ ਨੇ ਵੀ ਆਪੋ-ਆਪਣੀ ਤਿਆਰੀ ਬਾਰੇ ਕੈਪਟਨ ਨੂੰ ਦੱਸਿਆ। ਫੈਸਲਾ ਹੋਇਆ ਕਿ ਸਾਰੀ ਰਾਤ ਹਰੇਕ ਵਾਟਰ-ਗੰਨ ਦੇ ਪਿੱਛੇ ਦੋ-ਦੋ ਬੰਦੇ ਡਿਊਟੀ ਦੇਣਗੇ। ਕੈਪਟਨ, ਡਿਊਟੀ-ਅਫ਼ਸਰ, ਰੇਡੀਓ-ਅਫ਼ਸਰ, ਸਾਰੀ ਰਾਤ ਬਰਿੱਜ 'ਚ ਹਾਜ਼ਰ ਰਹਿਣਗੇ। ਹਮਲੇ ਦੀ ਸੂਰਤ ਵਿੱਚ ਏਹੋ ਕੋਸ਼ਿਸ਼ ਕਰਨੀ ਹੈ ਕਿ ਡਾਕੂ ਜਹਾਜ਼ ਅੰਦਰ ਦਾਖ਼ਲ ਨਾ ਹੋਣ। ਅਗਰ ਕੋਈ ਵੀ ਡਾਕੂ ਜਹਾਜ਼ ਵਿੱਚ ਆ ਗਿਆ, ਉਹ ਕੁੱਝ ਵੀ ਨੁਕਸਾਨ ਕਰ ਸਕਦਾ ਹੈ ਪਰ ਆਪਾਂ ਉਹਦਾ ਕੁੱਝ ਨਹੀਂ ਵਿਗਾੜ ਸਕਦੇ। ਅੰਤਰ-ਰਾਸ਼ਟਰੀ ਕਾਨੂੰਨ ਤੇ ਮਨੁੱਖੀ ਅਧਿਕਾਰਾਂ ਤਹਿਤ ਜਹਾਜ਼ 'ਚ ਦਾਖ਼ਲ ਹੋ ਚੁੱਕੇ ਬੰਦੇ ਨੂੰ, ਹਰ ਸਹੂਲਤ ਦੇਣੀ ਆਪਣੀ ਮਜ਼ਬੂਰੀ ਹੈ ਤੇ ਡਾਕੂ ਇਹ ਜਾਣਦੇ ਹਨ। ਮੀਟਿੰਗ ਤੋਂ ਬਾਅਦ ਸਭ ਨੇ ਆਪਣੀ-ਆਪਣੀ ਡਿਊਟੀ ਸੰਭਾਲ ਲਈ।

ਬੰਦਰਗਾਹ 'ਚ ਬੈਠੇ ਡਾਕੂਆਂ ਦੇ ਕੈਂਪ ਵਿੱਚ ਖ਼ਬਰ ਪਹੁੰਚ ਚੁੱਕੀ ਸੀ ਕਿ ਇੱਕ ਜਹਾਜ਼ ਉਨ੍ਹਾਂ ਦੀ ਮਾਰ ਹੇਠ ਆਉਣ ਵਾਲੇ ਇਲਾਕੇ ਵਿੱਚ ਦਾਖ਼ਲ ਹੋ ਰਿਹਾ ਹੈ। ਡਾਕੂ ਕੈਂਪ ਵਿੱਚ ਹਲਚਲ ਹੋਈ ਤੇ ਖ਼ੁਸ਼ੀ ਵੀ, ਇੱਕ ਹੋਰ ਸ਼ਿਕਾਰ ਜਾਲ ਵਿੱਚ ਫਸਣ ਵਾਲਾ ਸੀ।

ਸੈਮੂਅਲ ਆਪਣੇ ਸਾਥੀਆਂ ਸਮੇਤ ਇੱਕ ਕਲੱਬ ਵਿੱਚ ਬੈਠਾ ਰੰਗ-

ਰਲੀਆਂ ਮਨਾ ਰਿਹਾ ਸੀ। ਚਾਰ-ਚੁਫ਼ੇਰੇ ਮਸਤੀ ਦਾ ਆਲਮ ਤੇ ਕਈ ਨੌਜਵਾਨ ਸੁੰਦਰੀਆਂ ਉਸ ਕੋਲ ਬੈਠੀਆਂ ਸਨ। ਕੁੱਝ ਆਲੇ-ਦੁਆਲੇ ਨੱਚ ਰਹੀਆਂ ਸਨ ਤੇ ਜਿਸਮ ਦਾ ਖੁੱਲ੍ਹਾ ਪ੍ਰਦਰਸ਼ਨ ਵੀ ਕਰ ਰਹੀਆਂ ਸਨ। ਸ਼ਰਾਬ, ਸ਼ਬਾਬ, ਮਿਊਜ਼ਿਕ, ਨੱਚਦੀਆਂ ਰੰਗ-ਬਿਰੰਗੀਆਂ ਲਾਈਟਾਂ ਤੇ ਮਸਤੀ 'ਚ ਝੂਮਦੇ ਸੈਮੂਅਲ ਦੇ ਬੰਦਿਆਂ ਲਈ ਇਹ ਇੱਕ ਅਲੱਗ ਹੀ ਦੁਨੀਆਂ ਸੀ। ਸੈਮੂਅਲ ਇੱਕ ਮੰਨਿਆ ਹੋਇਆ ਡਾਕੂ ਸੀ। ਜਿੱਥੇ ਖੂੰਖਾਰ ਸੀ, ਨਾਲ ਹੀ ਆਪਣੇ ਸਾਥੀਆਂ ਲਈ ਇਸ ਤਰ੍ਹਾਂ ਦੀਆਂ ਮਨੋਰੰਜਨ ਪਾਰਟੀਆਂ ਕਰਨ ਲੱਗਾ ਕੋਈ ਸੰਕੋਚ ਨਹੀਂ ਸੀ ਕਰਦਾ। ਖੁੱਲ੍ਹ ਕੇ ਪੈਸਾ ਖਰਚਦਾ ਤੇ ਸਭ ਨੂੰ ਖ਼ੁਸ਼ ਰੱਖਦਾ।

ਜਹਾਜ਼ ਦੀ ਖ਼ਬਰ ਮਿਲਦੇ ਹੀ ਇਲਾਕੇ ਦੇ ਵੱਡੇ ਡਾਕੂ-ਸਰਦਾਰ ਨੇ ਸਾਰੇ ਡਾਕੂ ਮੁਖੀਆਂ ਨੂੰ ਜਲਦੀ ਤੋਂ ਜਲਦੀ ਉਸ ਕੋਲ ਪਹੁੰਚਣ ਦਾ ਸੰਦੇਸ਼ ਭੇਜ ਦਿੱਤਾ। ਸੰਦੇਸ਼ ਮਿਲਦੇ ਹੀ ਸੈਮੂਅਲ ਦਾ ਚਿਹਰਾ ਸਖ਼ਤ ਹੋ ਗਿਆ ਤੇ ਚੱਲ ਰਹੀ ਪਾਰਟੀ ਦਾ ਮਜ਼ਾ ਕਿਰਕਿਰਾ। ਹੁਣ ਕੀ ਕੀਤਾ ਜਾਵੇ? ਉਹ ਵੱਡੇ ਬਾੱਸ ਦੇ ਹੁਕਮ ਨੂੰ ਨਜ਼ਰਅੰਦਾਜ਼ ਵੀ ਨਹੀਂ ਸੀ ਕਰ ਸਕਦਾ। ਆਖ਼ਰ ਹਰ ਧੰਦੇ ਦਾ ਆਪਣਾ ਕਾਇਦਾ-ਕਾਨੂੰਨ ਹੁੰਦਾ ਹੈ। ਕੁੱਝ ਸੋਚਿਆ ਤੇ ਫਿਰ ਪਾਰਟੀ ਵਿੱਚੇ ਹੀ ਛੱਡ, ਵੱਡੇ ਬਾੱਸ ਕੋਲ ਪਹੁੰਚ ਗਿਆ।

ਡਾਕੂ ਗਰੁੱਪਾਂ ਦੇ ਸਾਰੇ ਮੁਖੀ ਪਹੁੰਚ ਚੁੱਕੇ ਸਨ। ਕੋਈ ਭੂਮਿਕਾ ਨਾ ਬੰਨ੍ਹਦੇ ਹੋਏ, ਵੱਡੇ ਬਾੱਸ ਨੇ ਸਿੱਧਾ ਦੱਸਿਆ ਕਿ ਇਕ ਜਹਾਜ਼ ਅੱਜ ਰਾਤ ਚੈਨਲ ਵਿੱਚ ਦਾਖ਼ਲ ਹੋ ਰਿਹਾ ਹੈ ਤੇ ਆਪਾਂ ਇਹ ਜਹਾਜ਼ ਲੁੱਟਣਾ ਹੈ।

ਘੁਸਰ-ਮੁਸਰ ਸ਼ੁਰੂ ਹੋ ਗਈ ਤੇ ਕਾਫ਼ੀ ਦੇਰ ਤੱਕ ਵਿਚਾਰਾਂ ਹੁੰਦੀਆਂ ਰਹੀਆਂ। ਕਈ ਤਰ੍ਹਾਂ ਦੇ ਸਵਾਲ-ਜਵਾਬ ਵੀ ਹੋਏ। ਸੈਮੂਅਲ ਚੁੱਪ-ਚਾਪ ਬੈਠਾ ਰਿਹਾ ਤੇ ਕੋਈ ਗੱਲ ਨਾ ਕੀਤੀ। ਉਸਦਾ ਮਨ ਚੱਲ ਰਹੀ ਪਾਰਟੀ ਵਿੱਚ ਸੀ ਤੇ ਜਲਦੀ ਵਾਪਸ ਜਾਣਾ ਚਾਹੁੰਦਾ ਸੀ।

ਲੰਬੇ ਵਿਚਾਰ-ਵਟਾਂਦਰੇ ਤੋਂ ਬਾਅਦ ਵੱਡੇ ਸਰਦਾਰ ਨੇ ਚੁੱਪ ਬੈਠੇ ਸੈਮੂਅਲ ਵੱਲ ਵੇਖਿਆ ਤੇ ਜਹਾਜ਼ ਉੱਪਰ ਹਮਲੇ ਦੀ ਜ਼ਿੰਮੇਵਾਰੀ ਉਸ ਉੱਪਰ ਪਾ ਦਿੱਤੀ। ਸੈਮੂਅਲ ਨੂੰ ਝਟਕਾ ਲੱਗਾ। ਉਹ ਅੱਜ ਟਲਣਾ ਚਾਹੁੰਦਾ ਸੀ ਪਰ ਫਿਰ ਵੀ ਸੈਮੂਅਲ ਨੇ ਨਾਂਹ ਨਹੀਂ ਕੀਤੀ। ਜ਼ਿੰਮੇਵਾਰੀ ਨੂੰ ਸਵੀਕਾਰ ਕਰਦਿਆਂ, 'ਓ-ਕੇ ਬਾੱਸ' ਕਹਿ ਜਾਣ ਦੀ ਇਜਾਜ਼ਤ ਮੰਗੀ।

ਅੱਗੇ ਸਾਰੀ ਯੋਜਨਾ ਸੈਮੂਅਲ ਨੇ ਤਿਆਰ ਕਰਨੀ ਸੀ। ਉਹ ਸਿੱਧਾ ਕਲੱਬ ਵਾਪਸ ਗਿਆ ਤੇ ਆਪਣੇ ਖ਼ਾਸ ਰਾਜ਼ਦਾਰ ਆਈਜ਼ੈਕ ਨੂੰ ਕਹਿਣ ਲੱਗਾ, "ਪਾਰਟੀ ਇੱਥੇ ਹੀ ਸਮੇਟ ਦਿੱਤੀ ਜਾਵੇ, ਆਪਾਂ ਆਪਣੇ ਬੰਦਿਆਂ ਨਾਲ ਬਹੁਤ ਜ਼ਰੂਰੀ ਮੀਟਿੰਗ ਕਰਨੀ ਹੈ।"

ਸਰੂਰ ਨਾਲ ਭਰੀਆਂ ਨਜ਼ਰਾਂ ਨਾਲ ਆਈਜ਼ੈਕ ਨੇ ਸੈਮੂਅਲ ਦੀਆਂ

ਅੱਖਾਂ ਵਿੱਚ ਅੱਖਾਂ ਪਾ ਕੇ ਵੇਖਿਆ। ਸੈਮੂਅਲ ਦਾ ਚਿਹਰਾ ਪੂਰਾ ਸਖ਼ਤ ਸੀ, ਅੱਖਾਂ ਵਿੱਚ ਗੰਭੀਰਤਾ ਅਤੇ ਮੱਥੇ 'ਤੇ ਕਈ ਸਵਾਲ ਸਨ। ਆਈਜ਼ੈਕ ਨੇ ਮੌਕੇ ਦੀ ਨਜ਼ਾਕਤ ਨੂੰ ਸਮਝਦੇ ਹੋਏ, ਅੱਗੋਂ ਕੋਈ ਸਵਾਲ ਨਾ ਕੀਤਾ ਤੇ ਆਪਣੇ ਹੋਰ ਸਾਥੀਆਂ ਵੱਲ ਮੁੜ ਗਿਆ।

ਸੈਮੂਅਲ ਨੇ ਆਪਣੇ ਖ਼ਾਸ ਬੰਦਿਆਂ ਨੂੰ ਜਹਾਜ਼ ਦੇ ਆਉਣ ਦੀ ਗੱਲ ਦੱਸੀ ਤੇ ਕਿਹਾ ਅੱਜ ਰਾਤ ਹੀ ਆਪਾਂ ਇਹ ਜਹਾਜ਼ ਨੂੰ ਲੁੱਟਣਾ ਹੈ। ਆਈਜ਼ੈਕ ਨੇ ਸੁਝਾਅ ਦਿੱਤਾ, "ਸਮੁੰਦਰ ਤੋਂ ਚੈਨਲ ਵਾਲੇ ਪਾਸੇ ਮੁੜਦੇ ਹੀ ਜਹਾਜ਼ 'ਤੇ ਹਮਲਾ ਕਰਕੇ ਬੰਦਰਗਾਹ ਏਰੀਆ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਜਹਾਜ਼ ਤੇ ਸਟਾਫ਼ ਨੂੰ ਕਾਬੂ ਕਰਕੇ, ਦਿਨ ਚੜ੍ਹਨ ਤੋਂ ਪਹਿਲਾਂ ਲੁੱਟ ਦਾ ਕੰਮ ਮੁਕੰਮਲ ਕਰ ਲਿਆ ਜਾਵੇ।"

"ਆਈਜ਼ੈਕ ਤੇਰੀ ਗੱਲ ਠੀਕ ਹੈ ਪਰ ਇਸ ਵਿੱਚ ਇੱਕ ਮੁਸ਼ਕਿਲ ਹੈ। ਰਾਤ ਨੂੰ ਤੇਜ਼ ਹਵਾ ਨਾਲ ਮੌਸਮ ਖ਼ਰਾਬ ਹੋਣ ਦੀ ਚੇਤਾਵਨੀ ਹੈ। ਚੈਨਲ ਵਿੱਚ ਤੇਜ਼ ਲਹਿਰਾਂ ਉੱਠ ਸਕਦੀਆਂ ਹਨ। ਅਜਿਹੇ ਮੌਸਮ 'ਚ ਸਾਮਾਨ ਲਾਹੁਣਾ ਮੁਸ਼ਕਿਲ ਹੈ। ਬੰਦਿਆਂ ਦਾ ਨੁਕਸਾਨ ਹੋ ਸਕਦੈ ਤੇ ਕੁੱਝ ਸਾਮਾਨ ਵੀ ਪਾਣੀ ਵਿੱਚ ਡਿੱਗ ਸਕਦੈ।"

"ਆਪਾਂ ਜਹਾਜ਼ ਹਾਈ-ਜ਼ੈਕ ਕਰ ਲੈਂਦੇ ਹਾਂ, ਮੌਸਮ ਸਾਫ਼ ਹੋਣ 'ਤੇ ਸਾਮਾਨ ਲਾਹ ਲਵਾਂਗੇ।" ਆਈਜ਼ੈਕ ਫੇਰ ਬੋਲਿਆ।

"ਇਸ ਵਿੱਚ ਵੀ ਖ਼ਤਰਾ ਹੈ। ਇੰਡੀਅਨ, ਆਸਟ੍ਰੇਲੀਅਨ, ਫਿਲੀਪੀਨੋ, ਅਫ਼ਰੀਕਨ, ਸ੍ਰੀਲੰਕਨ ਆਦਿ ਰਲਿਆ-ਮਿਲਿਆ ਸਟਾਫ਼ ਹੈ। ਕਦੇ-ਕਦੇ ਇੱਕ-ਦੂਜੇ ਤੋਂ ਵੱਧ ਬਹਾਦਰੀ ਵਿਖਾਉਣ ਦਾ ਭੂਤ ਸਵਾਰ ਹੋ ਜਾਂਦੈ। ਏਥੇ ਵੀ ਕੋਈ ਮੂਰਖ ਮੁਕਾਬਲਾ ਕਰਨ ਦੀ ਕੋਸ਼ਿਸ਼ ਕਰ ਸਕਦੈ।"

"ਅਫ਼ਸਰ ਤੇ ਜਹਾਜ਼ ਦਾ ਸਟਾਫ਼ ਆਪਣੇ ਅੱਗੇ ਕੀ ਚੀਜ਼ ਹੈ। ਬਾੱਸ, ਇਸਦਾ ਫ਼ਿਕਰ ਨਾ ਕਰੋ। ਆਰਾਮ ਨਾਲ ਸਿਰੰਡਰ ਕਰ ਦੇਣਗੇ। ਬਹੁਤੀ ਗੱਲ ਹੋਈ ਇੱਕ ਅੱਧੇ ਨੂੰ ਪਾਰ ਬੁਲਾ ਦਿਆਂਗੇ ਤੇ ਬਹਾਦਰੀ ਠੁੱਸ, ਫੇਰ ਨੀ ਕੋਈ ਵੀ ਕੁਸਕਦਾ।" ਆਈਜ਼ੈਕ ਨੇ ਦਲੇਰੀ ਵਿਖਾਈ।

"ਆਈਜ਼ੈਕ ਆਪਣਾ ਮਕਸਦ ਜਹਾਜ਼ ਲੁੱਟਣਾ ਹੈ, ਬੰਦੇ ਮਾਰਨਾ ਨਹੀਂ। ਬੰਦਾ ਮਾਰ ਕੇ ਆਪਾਂ ਨੂੰ ਕੀ ਮਿਲੂ। ਅਗਰ ਜਾਨ ਨੂੰ ਖ਼ਤਰਾ ਹੋਵੇ, ਫੇਰ ਬੰਦੇ ਨੂੰ ਮਾਰੋ, ਵਰਨਾ ਬਿਲਕੁਲ ਨਹੀਂ।"

"ਠੀਕ ਹੈ ਬਾੱਸ। ਬਹੁਤੀ ਗੱਲਬਾਤ ਛੱਡੋ, ਸਾਨੂੰ ਤਾਂ ਹੁਕਮ ਕਰੋ ਕੀ ਕਰਨਾ ਹੈ।" ਆਈਜ਼ੈਕ ਚੁੱਪ ਹੋ ਗਿਆ।

"ਇੰਝ ਕਰੋ ਕਿ ਦੋ ਸੌ ਦੇ ਕਰੀਬ ਹਰ ਤਰ੍ਹਾਂ ਦੇ ਬੰਦੇ ਤਿਆਰ ਰੱਖੋ। ਸਪੀਡ-ਬੋਟ, ਵੱਡੇ ਟੱਗ ਤੇ ਡੌਹਜ਼ ਵਗੈਰਾ ਵੀ ਤਿਆਰ ਹੋਣ। ਕਰੇਨ-ਓਪਰੇਟਰ

ਪੂਰੇ ਤਜ਼ਰਬੇਕਾਰ ਤੇ ਵਧੀਆ ਹੋਣ। ਸਾਰੀ ਤਿਆਰੀ ਕਰ ਲਵੋ, ਟਾਇਮ ਤੇ ਜਗ੍ਹਾ ਮੈਂ ਬਾਅਦ ਵਿੱਚ ਦੱਸਦਾ ਹਾਂ।" ਸੈਮੂਅਲ ਨੇ ਗੱਲ ਖਤਮ ਕੀਤੀ।

ਜਹਾਜ਼ ਉਸ ਏਰੀਏ ਵਿੱਚ ਦਾਖ਼ਲ ਹੋ ਚੁੱਕਾ ਸੀ, ਜਿੱਥੋਂ ਡਾਕੂਆਂ ਦੇ ਹਮਲੇ ਦਾ ਖ਼ਤਰਾ ਸ਼ੁਰੂ ਹੁੰਦਾ ਸੀ। ਅੱਗੇ ਲੰਬੀ ਰਾਤ ਵੀ ਸੀ। ਜਿਵੇਂ-ਜਿਵੇਂ ਬਾਹਰ ਹਨ੍ਹੇਰਾ ਵਧਦਾ ਰਿਹਾ, ਜਹਾਜ਼ ਅੰਦਰਲੇ ਸਟਾਫ਼ ਵਿੱਚ ਡਰ ਤੇ ਬੇਚੈਨੀ ਦਾ ਅਹਿਸਾਸ ਵਧਦਾ ਰਿਹਾ।

ਜਹਾਜ਼ ਨੇ ਚੈਨਲ ਵੱਲ ਮੋੜ ਕੱਟਿਆ ਤੇ ਨਿਰਧਾਰਤ ਮੰਜ਼ਿਲ ਵੱਲ ਵਧਣਾ ਜਾਰੀ ਰੱਖਿਆ। ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਹੁਣ ਤੱਕ ਸਭ ਠੀਕ-ਠਾਕ ਸੀ। ਬਾਰਾਂ ਵਜੇ ਡਿਊਟੀ ਵਾਲੇ ਬੰਦਿਆਂ ਦੀ ਸ਼ਿਫਟ ਬਦਲੀ ਕੀਤੀ ਗਈ। ਨਵੇਂ ਬੰਦਿਆਂ ਨੇ ਆ ਕੇ ਡਿਊਟੀਆਂ ਸੰਭਾਲ ਲਈਆਂ ਤੇ ਪਹਿਲਾਂ ਵਾਲੇ ਆਰਾਮ ਕਰਨ ਲਈ ਚਲੇ ਗਏ। ਆਉਣ ਵਾਲਾ ਰਾਤ ਦਾ ਪਹਿਰ ਵੱਧ ਖ਼ਤਰਨਾਕ ਸੀ। ਇੱਕ ਤੋਂ ਤਿੰਨ ਵਜੇ ਦੇ ਵਿਚਕਾਰ ਹਮਲੇ ਦੀ ਸੰਭਾਵਨਾ ਵੱਧ ਸੀ।

ਸੁਸ਼ੀਲ ਨਾਮ ਦਾ ਇੰਡੀਅਨ ਕੈਡਿਟ (ਟਰੇਨੀ-ਅਫ਼ਸਰ) ਦੁਨੀਆਂ ਘੁੰਮਣ ਦਾ ਸ਼ੌਂਕ ਲੈ ਕੇ ਕੈਡਿਟ ਭਰਤੀ ਹੋਇਆ ਸੀ। ਦੋ ਮਹੀਨੇ ਪਹਿਲਾਂ ਹੀ ਉਹ ਜਹਾਜ਼ ਵਿੱਚ ਆਇਆ ਸੀ। ਮਾਂ-ਬਾਪ ਦਾ ਇਕਲੌਤਾ ਬੇਟਾ, ਨੌਜਵਾਨ ਖ਼ੂਨ, ਨਵਾਂ-ਨਵਾਂ ਚਾਅ। ਉਹ ਸੋਚਦਾ, 'ਵਾਹ! ਇਹ ਜਹਾਜ਼ੀ ਜ਼ਿੰਦਗੀ ਵੀ ਕਿੰਨੀ ਅਜੀਬ ਹੈ। ਅੱਜ ਕਿਤੇ, ਕੁੱਝ ਦਿਨਾਂ ਬਾਅਦ ਕਿਤੇ। ਨਵੀਂ ਬੰਦਰਗਾਹ, ਨਵਾਂ ਮੁਲਕ, ਨਵੇਂ ਲੋਕ।'

ਉਹ ਦਿੱਲੀ 'ਚ ਜੰਮਿਆਂ ਤੇ ਕੈਡਿਟ ਭਰਤੀ ਹੋਣ ਤੱਕ ਸਿਰਫ਼ ਦਿੱਲੀ 'ਚ ਹੀ ਰਿਹਾ ਸੀ। ਪਿਛਲੇ ਸਾਲ ਬੰਬਈ ਆਇਆ, ਟਰੇਨਿੰਗ ਕੀਤੀ ਤੇ ਹੁਣ ਆਹ ਦੋ ਮਹੀਨਿਆਂ ਵਿੱਚ, ਚਾਰ ਮੁਲਕਾਂ ਦੀਆਂ ਬੰਦਰਗਾਹਾਂ ਵੇਖ ਤੇ ਘੁੰਮ ਚੁੱਕਾ ਸੀ। ਹਮੇਸ਼ਾ ਬੜੇ ਉਤਸ਼ਾਹ 'ਚ ਰਹਿੰਦਾ ਤੇ ਹੁੱਬ-ਹੁੱਬ ਕੇ ਗੱਲਾਂ ਕਰਦਾ ਪਰ ਅੱਜ ਉਹ ਗੰਭੀਰ ਸੀ ਤੇ ਉਦਾਸ ਵੀ। ਇੱਕ ਫਲੱਡ-ਲਾਈਟ ਦੇ ਪਿੱਛੇ ਡਿਊਟੀ 'ਤੇ ਬੈਠਾ ਕੁਝ ਸੋਚ ਰਿਹਾ ਸੀ।

ਪਹਿਲੀ ਵਾਰ ਉਸਨੂੰ ਜਹਾਜ਼ੀ ਜ਼ਿੰਦਗੀ ਤੋਂ ਡਰ ਲੱਗਾ। ਉਹ ਬਹੁਤ ਘਬਰਾਇਆ ਹੋਇਆ ਸੀ। ਉਸਨੂੰ ਮਾਂ-ਬਾਪ, ਘਰ, ਕਾਲਜ ਦੇ ਦਿਨ, ਦੋਸਤ-ਮਿੱਤਰ ਤੇ ਹੋਰ ਬੜਾ ਕੁੱਝ ਯਾਦ ਆ ਰਿਹਾ ਸੀ। ਕਿੱਥੇ ਦਿੱਲੀ ਦੀ ਭੱਜ-ਨੱਠ ਦੀ ਜ਼ਿੰਦਗੀ ਤੇ ਕਿੱਥੇ ਇਸ ਡਰਾਵਣੀ ਹਨ੍ਹੇਰੀ ਰਾਤ ਦੀ ਚੁੱਪ ਤੇ ਸੰਨਾਟਾ। ਮਨ ਹੀ ਮਨ ਸੋਚਣ ਲੱਗਾ, ਕਿਸੇ ਪਲ ਵੀ ਡਾਕੂ ਹਮਲਾ ਕਰ ਸਕਦੇ ਹਨ। ਕਿਸੇ ਡਾਕੂ ਵੱਲੋਂ ਚਲਾਈ ਗੋਲੀ ਉਸ ਦੀ ਛਾਤੀ ਵਿੱਚ ਆ ਵੱਜੀ ਤਾਂ ਉਸ ਦੀ ਮੌਤ ਹੋ ਸਕਦੀ ਹੈ। ਉਹ ਕਦੇ ਵੀ ਘਰ ਨਹੀਂ ਪਰਤੇਗਾ ਤੇ ਇੱਥੇ ਹੀ ਸਦਾ

ਦੀ ਨੀਂਦ ਸੌਂ ਜਾਏਗਾ।

ਅੱਲੜ੍ਹ ਉਮਰ, ਔਖਾ ਸਮਾਂ ਕਦੇ ਦੇਖਿਆ ਹੀ ਨਹੀਂ, ਘਰ 'ਚ ਸਭ ਦਾ ਲਾਡਲਾ, ਉਸ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ। ਹੰਝੂ ਗੱਲ੍ਹਾਂ ਤੋਂ ਹੇਠਾਂ ਨੂੰ ਵਗਣ ਲੱਗੇ। ਉਹ ਖ਼ਿਆਲਾਂ ਵਿੱਚ ਐਨਾ ਖੋ ਗਿਆ ਕਿ ਭੁੱਲ ਹੀ ਗਿਆ ਕਿੱਥੇ ਬੈਠਾ ਹੈ। ਉਸ ਨੂੰ ਹੰਝੂਆਂ ਦਾ ਵਹਿ ਰਿਹਾ ਕੋਈ ਹੜ੍ਹ ਦਿਖਾਈ ਦੇਣ ਲੱਗਾ। ਜ਼ਿੰਦਗੀ ਲਈ ਦੇਖੇ ਸਾਰੇ ਸੁਪਨੇ ਹੜ੍ਹ 'ਚ ਰੁੜ੍ਹੇ ਜਾਂਦੇ ਦਿਖਾਈ ਦਿੱਤੇ। ਐਨਾ ਭਾਵੁਕ ਹੋ ਗਿਆ ਕਿ ਕੋਈ ਸੁਧ ਹੀ ਨਾ ਰਹੀ। ਫਿਰ ਹੜ੍ਹ 'ਚ ਘਰ, ਸਮਾਨ, ਮਾਪੇ ਤੇ ਹੋਰ ਬੜਾ ਕੁੱਝ ਰੁੜ੍ਹਦਾ ਨਜ਼ਰ ਆਉਣ ਲੱਗਾ।

'ਹੈਂਅ! ਅਨੀਤਾ, ਮੇਰੀ ਅਨੀਤਾ, ਉਹ ਵੀ ਰੁੜ੍ਹੀ ਜਾ ਰਹੀ ਹੈ। ਅਸੀਂ ਤਾਂ ਇਕੱਠੇ ਜਿਉਣ-ਮਰਨ ਦੀਆਂ ਕਸਮਾਂ ਖਾਧੀਆਂ ਸੀ। ਸਾਡੀ ਸ਼ਾਦੀ ਹੋਣੀ ਸੀ ਪਰ ਉਹ ਤਾਂ ਰੁੜ੍ਹੀ ਜਾ ਰਹੀ ਹੈ। ਬਚਾਓ-ਬਚਾਓ ਕਰਕੇ ਚੀਕ ਰਹੀ ਹੈ। ਬਚਾਉ ਲਈ ਹੱਥ-ਪੈਰ ਮਾਰ ਰਹੀ ਹੈ।'

ਸੁਸ਼ੀਲ ਐਨਾ ਘਬਰਾ ਗਿਆ ਕਿ ਉਸਦੇ ਮੂੰਹੋਂ ਲੰਬੀ ਚੀਕ-ਨੁਮਾ ਆਵਾਜ਼, "ਨ....ਹੀਂ....ਅ....ਅ...." ਕਦ ਨਿਕਲ ਗਈ, ਉਸ ਨੂੰ ਪਤਾ ਹੀ ਨਾ ਲੱਗਾ। ਰਾਤ ਦੇ ਸੰਨਾਟੇ ਤੇ ਸ਼ਾਂਤ ਮਾਹੌਲ ਨੂੰ ਚੀਰਦੀ ਇਹ ਆਵਾਜ਼ ਦੂਰ ਤੱਕ ਸੁਣਾਈ ਦਿੱਤੀ। ਚੀਕ ਸੁਣ ਆਲੇ-ਦੁਆਲੇ ਬੈਠੇ ਸਾਰੇ ਹੀ ਘਬਰਾ ਗਏ। ਡਿਊਟੀ ਅਫ਼ਸਰ ਭੱਜਾ-ਭੱਜਾ ਉਸ ਕੋਲ ਆਇਆ।

ਅਚਾਨਕ ਚੀਕ ਵੱਜਣ ਤੋਂ ਬਾਅਦ ਸੁਸ਼ੀਲ ਆਲੇ-ਦੁਆਲੇ ਦੇਖਣ ਲੱਗਾ। ਉਹ ਆਪਣੇ ਆਪ 'ਤੇ ਹੈਰਾਨ ਹੋਇਆ, ਇਹ ਕੀ? ਕੁੱਝ ਕੁ ਸੰਭਲਿਆ ਤੇ ਹੋਸ਼ 'ਚ ਪਰਤਿਆ। ਉਹ ਤਣਾਅ 'ਚ ਤਾਂ ਸੀ ਪਰ ਹੁਣ ਠੀਕ ਸੀ। ਡਿਊਟੀ ਅਫ਼ਸਰ ਉਸ ਕੋਲ ਪਹੁੰਚ ਚੁੱਕਾ ਸੀ। ਉਹ ਪੁੱਛ ਰਿਹਾ ਸੀ, "ਕੀ ਹੋਇਆ ਸੁਸ਼ੀਲ, ਤੂੰ ਤਾਂ ਬਹੁਤ ਬਹਾਦਰ ਲੜਕਾ ਹੈਂ, ਕੋਈ ਤਕਲੀਫ਼? ਆਹ ਦੇਖ ਸਾਰੇ ਤੇਰੇ ਕੋਲ ਹੀ ਤਾਂ ਬੈਠੇ ਨੇ। ਕੀ ਤੂੰ ਬਾਹਰ ਸਮੁੰਦਰ ਵਿੱਚ ਕੁੱਝ ਦੇਖਿਆ?"

ਉਸਨੇ ਹੋਰ ਵੀ ਕਈ ਗੱਲਾਂ ਕੀਤੀਆਂ ਤੇ ਸੁਸ਼ੀਲ ਨੂੰ ਹੌਸਲਾ ਦਿੱਤਾ। ਕੈਬਿਨ ਵਿੱਚ ਜਾ ਕੇ ਆਰਾਮ ਕਰਨ ਲਈ ਵੀ ਕਿਹਾ ਪਰ ਸੁਸ਼ੀਲ ਹੁਣ ਤੱਕ ਸ਼ਾਂਤ ਹੋ ਚੁੱਕਾ ਸੀ। ਆਲੇ-ਦੁਆਲੇ ਦੇਖ ਉਸ ਨੂੰ ਅਹਿਸਾਸ ਹੋਇਆ, ਮੈਂ ਇਕੱਲਾ ਥੋੜ੍ਹਾ ਹਾਂ। ਉਸ ਨੇ ਡਿਊਟੀ-ਅਫ਼ਸਰ ਨੂੰ ਵਿਸ਼ਵਾਸ ਦਿਵਾਇਆ, "ਥੋੜੀ ਘਬਰਾਹਟ ਹੋ ਗਈ ਸੀ ਪਰ ਹੁਣ ਠੀਕ ਹਾਂ। ਫ਼ਿਕਰ ਨਾ ਕਰੋ, ਮੈਂ ਬਿਲਕੁਲ ਠੀਕ ਹਾਂ ਤੇ ਏਥੇ ਹੀ ਰਹਾਂਗਾ।"

ਆਸੇ-ਪਾਸੇ ਵਾਲੀਆਂ ਫਲੱਡ ਲਾਈਟਾਂ ਦੇ ਪਿੱਛੇ ਬੈਠੇ ਲੋਕਾਂ ਵਿੱਚ ਕੁੱਝ ਚਿਰ ਘੁਸਰ-ਮੁਸਰ ਹੋਈ ਸੀ ਪਰ ਹੁਣ ਫੇਰ ਸਾਰੇ ਚੁੱਪ ਸਨ। ਡਿਊਟੀ ਅਫ਼ਸਰ ਵਾਪਿਸ ਜਾ ਚੁੱਕਾ ਸੀ। ਸੁਸ਼ੀਲ ਸਭ ਕੁੱਝ ਭੁੱਲ-ਭੁਲਾ ਕੇ ਪੂਰਾ ਸਤਰਕ

ਹੋ ਗਿਆ ਸੀ। ਉਸਨੇ ਆਪਣੀਆਂ ਨਜ਼ਰਾਂ ਬਾਹਰ ਵੱਲ ਟਿਕਾ ਲਈਆਂ ਸਨ। ਡਿਊਟੀ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਫਿਰ ਭਾਰੀ ਪੈਣ ਲੱਗਾ ਸੀ।

ਹੌਲੀ-ਹੌਲੀ ਸੁਸ਼ੀਲ ਦੇ ਮਨ ਅੰਦਰ ਇੱਕ ਹੋਰ ਤਕਰਾਰ ਸ਼ੁਰੂ ਹੋ ਗਈ। ਸੋਚਣ ਲੱਗਾ, 'ਇਹ ਕੰਪਨੀਆਂ ਜਹਾਜ਼ਾਂ 'ਚ ਹਥਿਆਰ ਕਿਉਂ ਨੀ ਦਿੰਦੀਆਂ? ਨਾਲੇ ਇਹ ਕੈਸੇ ਕਾਨੂੰਨ ਨੇ, ਜੋ ਸਿਰਫ਼ ਸਾਡੇ 'ਤੇ ਲਾਗੂ ਹਨ, ਡਾਕੂਆਂ 'ਤੇ ਨਹੀਂ। ਜੋ ਹਨ ਹੀ ਡਾਕੂ, ਉਨ੍ਹਾਂ 'ਤੇ ਰਹਿਮ ਕਿਉਂ, ਸਿੱਧਾ ਗੋਲੀ ਮਾਰੋ ਸਾਲਿਆਂ ਨੂੰ। ਡਾਕੂ ਤੁਹਾਨੂੰ ਜ਼ਖ਼ਮੀ ਕਰ ਸਕਦਾ ਹੈ, ਵੱਢ-ਟੁੱਕ ਸਕਦਾ ਹੈ, ਗੋਲੀ ਮਾਰ ਸਕਦਾ ਹੈ, ਲੁੱਟ ਸਕਦਾ ਹੈ, ਕੁੱਝ ਵੀ ਕਰ ਸਕਦਾ ਹੈ ਪਰ ਤੁਸੀਂ? ਤੁਸੀਂ ਉਸ ਨੂੰ ਕੁੱਝ ਨੀ ਕਹਿ ਸਕਦੇ, ਸਭ ਬਕਵਾਸ। ਹੋਵੇ ਮੇਰੇ ਕੋਲ ਸਟੇਨਗੰਨ, ਇੱਕ ਵੀ ਡਾਕੂ ਅੰਦਰ ਵੜ ਕੇ ਵਿਖਾਵੇ।'

ਨੌਜਵਾਨ ਖ਼ੂਨ ਅੰਦਰ ਹੀ ਅੰਦਰ ਖੌਲਣ ਲੱਗਾ। ਉਹ ਆਪਣੇ ਆਪ ਨਾਲ ਹੀ ਬਹਿਸ ਰਿਹਾ ਸੀ ਤੇ ਮਨ 'ਚ ਗੁੱਸਾ ਵਧਦਾ ਜਾ ਰਿਹਾ ਸੀ। 'ਮੇਰੇ ਜਹਾਜ਼ ਨੂੰ ਮੇਰੇ ਹੀ ਸਾਹਮਣੇ ਕੋਈ ਵੀ ਆ ਕੇ ਲੁੱਟੀ ਜਾਵੇ ਤੇ ਮੈਂ ਬੇਵੱਸ ਖੜ੍ਹਾ ਵੇਖੀ ਜਾਵਾਂ।' ਇਹ ਗੱਲ ਉਸਨੂੰ ਹਜ਼ਮ ਨਹੀਂ ਸੀ ਹੋ ਰਹੀ।

ਓਧਰ ਸਵੇਰ ਦੇ ਤਿੰਨ ਵੱਜ ਚੁੱਕੇ ਸਨ। ਬਰਿੱਜ਼ 'ਚ ਖੜ੍ਹੇ ਕੈਪਟਨ ਦੇ ਮਨ 'ਚ ਕਈ ਤਰ੍ਹਾਂ ਦੇ ਖ਼ਿਆਲ ਆ ਰਹੇ ਸਨ। ਉਹ ਵੀ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾ ਰਿਹਾ ਸੀ। ਆਪ ਹੀ ਸਵਾਲ ਕਰਦਾ ਤੇ ਆਪ ਹੀ ਜਵਾਬ ਦਿੰਦਾ:

'ਜੇ ਦਿਨ ਦੇ ਟਾਇਮ ਇਹ ਚੈਨਲ ਪਾਰ ਕਰਦੇ?.... ਉਸ ਨਾਲ ਕੀ ਫ਼ਰਕ ਪੈਣਾ ਸੀ?'

'ਹਮਲੇ ਦੀ ਸੰਭਾਵਨਾ ਸ਼ਾਇਦ ਘੱਟ ਹੁੰਦੀ?....ਨਹੀਂ, ਕਿੰਨੇ ਜਹਾਜ਼ਾਂ 'ਤੇ ਦਿਨ ਵੇਲੇ ਵੀ ਹਮਲੇ ਹੋਏ ਨੇ।'

'ਕੋਈ ਜਾਨੀ ਨੁਕਸਾਨ ਨਾ ਹੋ ਜੇ ਕਿਤੇ?....ਨਹੀਂ, ਬੰਦਾ ਨੀ ਮਾਰਦੇ, ਮਰਿਆ ਬੰਦਾ ਉਨ੍ਹਾਂ ਦੇ ਕਿਸ ਕੰਮ।'

'ਹਮਲਾ ਤਾਂ ਜ਼ਰੂਰ ਕਰਨਗੇ?....ਲੱਗਦੈ ਹੁਣ ਨੀ ਕਰਦੇ, ਕਰਨਾ ਹੁੰਦਾ ਤਾਂ ਹੁਣ ਤੱਕ ਕਰ ਦਿੰਦੇ।'

ਮਨ 'ਚ ਜਬਰਦਸਤ ਹਲਚਲ ਮੱਚੀ ਹੋਈ ਸੀ। ਖ਼ਤਰਨਾਕ ਟਾਇਮ ਲੱਗਭੱਗ ਲੰਘਦਾ ਜਾ ਰਿਹਾ ਸੀ। ਫਿਰ ਵੀ ਘੰਟਾ-ਡੇਢ ਘੰਟਾ ਹੋਰ ਸਤਰਕ ਰਹਿਣ ਦੀ ਜ਼ਰੂਰਤ ਸੀ।

ਡਾਕੂ ਸਰਦਾਰ ਸੈਮੂਅਲ ਵੀ ਸੁੱਤਾ ਨਹੀਂ ਸੀ। ਉਹ ਸਾਰੀਆਂ ਮੋਰੀਆ ਬੰਦ ਕਰਨ ਲੱਗਾ ਹੋਇਆ ਸੀ। ਰਾਤ ਇੱਕ ਵਜੇ ਉਸਨੇ ਆਈਜ਼ੈਕ ਨੂੰ ਉਹ ਥਾਂ ਦੱਸੀ, ਜਿੱਥੋਂ ਜਹਾਜ਼ 'ਤੇ ਹਮਲਾ ਕਰਨਾ ਸੀ। ਆਈਜ਼ੈਕ ਜਗ੍ਹਾ ਬਾਰੇ ਸੁਣ

ਕੇ ਚੌਂਕਿਆ, "ਹੈਂਅ! ਬੱਸ ਇਹ ਜਗ੍ਹਾ ਠੀਕ ਨਹੀਂ। ਆਪਾਂ ਨੂੰ ਬਹੁਤ ਪਹਿਲਾਂ ਜਹਾਜ਼ ਕਾਬੂ ਕਰਨਾ ਪਏਗਾ। ਏਸ ਜਗ੍ਹਾ 'ਤੇ ਅਗਰ ਜਲਦੀ ਕਾਬੂ ਨਾ ਆਇਆ ਤਾਂ ਫੁੱਲ-ਸਪੀਡ ਭੱਜ ਕੇ ਉਹ ਬੰਦਰਗਾਹ 'ਚ ਪਹੁੰਚ ਜਾਵੇਗਾ ਤੇ ਅੱਗੇ ਦਿਨ ਵੀ ਚੜ੍ਹ ਰਿਹਾ ਹੈ।"

"ਆਈਜ਼ੈਕ, ਘਬਰਾਉਣ ਦੀ ਲੋੜ ਨਹੀਂ। ਸਾਰੇ ਕੰਮ ਮੈਂ ਸੰਭਾਲ ਲਏ ਹਨ। ਇਸ ਜਗ੍ਹਾ 'ਤੇ ਸਮੁੰਦਰ ਬਿਲਕੁਲ ਸ਼ਾਂਤ ਹੈ। ਸਾਮਾਨ ਉਤਾਰਨਾ ਸੌਖਾ ਹੈ ਤੇ ਟਾਇਮ ਵੀ ਘੱਟ ਲੱਗੇਗਾ। ਤੁਸੀਂ ਸਾਰੀਆਂ ਸਪੀਡ-ਬੋਟ, ਟੱਗ, ਡੌਹਜ਼ ਤੇ ਬੰਦੇ ਤਿਆਰ ਰੱਖੋ। ਤੁਹਾਨੂੰ ਛੇ ਘੰਟੇ ਮਿਲਣਗੇ। ਇਸ ਟਾਇਮ 'ਚ ਸਾਰਾ ਜਹਾਜ਼ ਖਾਲੀ ਕਰਨਾ ਹੋਵੇਗਾ।"

ਆਈਜ਼ੈਕ ਸੋਚ ਰਿਹਾ ਸੀ, 'ਬੱਸ ਪੂਰਾ ਨਾਬਰ ਬੰਦਾ ਹੈ। ਸਾਰੀਆਂ ਮੋਰੀਆਂ ਬੰਦ ਕਰਕੇ ਫੇਰ ਹੀ ਮੈਨੂੰ ਕਿਹਾ ਹੋਣੈ। ਆਪਾਂ ਨੂੰ ਕੀ, ਬੱਸ ਵਾਲਾ ਕੰਮ ਬੱਸ ਸੰਭਾਲੂ, ਆਪਾਂ ਆਪਣਾ ਕਰੀਏ।'

ਉਸਨੇ ਤਿਆਰੀ ਤਾਂ ਪਹਿਲਾਂ ਹੀ ਕਰ ਲਈ ਸੀ। ਬੱਸ ਦਾ ਹੁਕਮ ਮਿਲਦੇ ਹੀ ਸਾਥੀਆਂ ਸਮੇਤ ਉਸ ਜਗ੍ਹਾ ਵੱਲ ਕੂਚ ਕਰ ਦਿੱਤਾ, ਜੋ ਹੁਣੇ ਉਸ ਨੂੰ ਦੱਸੀ ਗਈ ਸੀ। ਰਾਤ ਦੇ ਢਾਈ ਵਜੇ ਉਹ ਦੱਸੀ ਜਗ੍ਹਾ 'ਤੇ ਪਹੁੰਚ ਗਏ ਤੇ ਹਮਲੇ ਲਈ ਤਿਆਰ ਸਨ।

ਓਧਰ ਦੋ ਵਜੇ ਤੋਂ ਬਾਅਦ ਸੈਮੂਅਲ ਨੇ ਜਹਾਜ਼ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇੱਕ ਛੋਟੀ ਕਿਸ਼ਤੀ 'ਚ ਬੈਠਾ, ਉਹ ਜਹਾਜ਼ ਤੋਂ ਥੋੜ੍ਹੀ ਦੂਰੀ ਬਣਾ ਕੇ ਪਿੱਛੇ-ਪਿੱਛੇ ਚੱਲਿਆ ਆ ਰਿਹਾ ਸੀ। ਸਵੇਰ ਦੇ ਚਾਰ ਵੱਜੇ ਤਾਂ ਨਹੀਂ ਸਨ ਪਰ ਥੋੜ੍ਹਾ ਚਾਨਣ ਹੋਣ ਲੱਗ ਪਿਆ ਸੀ। ਜਹਾਜ਼ ਦੇ ਬਰਿੱਜ 'ਚ ਖੜ੍ਹੇ ਕੈਪਟਨ ਨੇ ਹਾਲਾਤ ਨੂੰ ਆਂਕਿਆ। ਸੋਚਣ ਲੱਗਾ, 'ਹੁਣ ਤਾਂ ਹਮਲੇ ਦੀ ਕੋਈ ਸੰਭਾਵਨਾ ਨਹੀਂ ਲੱਗਦੀ।' ਕੁੱਝ ਸੋਚ ਉਸਨੇ ਚੀਫ਼-ਅਫ਼ਸਰ ਨੂੰ ਕਿਹਾ, "ਕੁੱਝ ਬੰਦੇ ਆਪਣੇ ਕੋਲ ਰੱਖ ਕੇ, ਬਾਕੀਆਂ ਨੂੰ ਆਰਾਮ ਕਰਨ ਲਈ ਭੇਜ ਦਿੱਤਾ ਜਾਵੇ।"

ਅਚਾਨਕ ਬੜੀ ਤੇਜ਼ ਰਫ਼ਤਾਰ ਕਈ ਸਪੀਡ-ਬੋਟ ਜਹਾਜ਼ ਵੱਲ ਵਧੀਆਂ। ਇਹ ਸਾਰੀਆਂ ਪਿਛਲੇ ਪਾਸੇ ਤੋਂ ਆਈਆਂ। ਦੋ ਕਿਸ਼ਤੀਆਂ ਜਹਾਜ਼ ਦੇ ਖੱਬੇ ਤੇ ਸੱਜੇ ਜਹਾਜ਼ ਦੇ ਹੀ ਪਛਾਂਵੇ ਵਿਚਦੀ ਬਿਲਕੁਲ ਨਾਲ ਦੀ ਲੰਘ ਕੇ, ਅਗਲੇ ਹਿੱਸੇ ਤੱਕ ਪਹੁੰਚ ਗਈਆਂ। ਕਿਸੇ ਦੇ ਵੀ ਨਜ਼ਰ ਨਾ ਪਈਆਂ। ਕਿਸ਼ਤੀਆਂ ਅੰਦਰਲੇ ਬੰਦਿਆਂ ਨੇ ਮੋਟੇ ਰੱਸਿਆਂ ਨਾਲ ਬੰਨ੍ਹੀਆਂ ਹੁੱਕਾਂ ਜਹਾਜ਼ ਦੀ ਰੇਲਿੰਗ ਉੱਪਰ ਸੁੱਟੀਆਂ। ਟਰੇਂਡ ਡਾਕੂਆਂ ਦਾ ਕੰਮ ਸੀ। ਸਾਰੀਆਂ ਹੁੱਕਾਂ ਰੇਲਿੰਗਾਂ ਵਿੱਚ ਜਾ ਫਸੀਆਂ। ਕੁੱਝ ਹੀ ਪਲਾਂ 'ਚ ਰੱਸਿਆਂ ਦਾ ਸਹਾਰਾ ਲੈ ਕੇ ਬਾਂਦਰ-ਟਪੂਸੀਆਂ ਵਾਂਗ ਦੋਵਾਂ ਪਾਸਿਆਂ ਤੋਂ ਕਰੀਬ 20-20 ਬੰਦੇ ਜਹਾਜ਼ ਦੇ

ਅਗਲੇ ਡੈਕ ’ਤੇ ਪਹੁੰਚ ਗਏ ਤੇ ਚੀਫ਼-ਅਫ਼ਸਰ ਦੀ ਟੀਮ ’ਤੇ ਹਮਲਾ ਕਰ ਦਿੱਤਾ। ਸਭ ਕੁੱਝ ਐਨੀ ਤੇਜ਼ੀ ਨਾਲ ਵਾਪਰਿਆ ਕਿ ਕੋਈ ਅੰਦਾਜ਼ਾ ਹੀ ਨਾ ਲਾ ਸਕਿਆ। ਅਗਲੇ ਡੈਕ ’ਤੇ ਡਾਕੂਆਂ ਦਾ ਝੁੰਡ ਦੇਖ, ਬਰਿੱਜ਼ ਅੰਦਰ ਖੜ੍ਹਾ ਕੈਪਟਨ ਹੈਰਾਨ ਰਹਿ ਗਿਆ।

ਘਬਰਾਹਟ ਵਿੱਚ ਬਰਿੱਜ਼ ਦਾ ਖੱਬੇ ਪਾਸੇ ਵਾਲਾ ਦਰਵਾਜ਼ਾ ਖੋਲ੍ਹ, ਕੈਪਟਨ ਝੱਟ ਬਾਹਰ ਆ ਗਿਆ। ਉਹ ਜਲਦੀ ਤੋਂ ਜਲਦੀ ਚੀਫ਼ ਅਫ਼ਸਰ ਦੀ ਮੱਦਦ ਲਈ ਪਹੁੰਚਣਾ ਚਾਹੁੰਦਾ ਸੀ। ਬਰਿੱਜ਼ ਵਾਲੇ ਡੈਕ ਤੋਂ ਹੇਠਲੇ ਡੈਕ ’ਤੇ ਆਉਣ ਲਈ ਕੈਪਟਨ ਪੌੜੀਆਂ ਤੋ ਭੱਜ-ਭੱਜ ਥੱਲੇ ਉਤਰ ਰਿਹਾ ਸੀ। ਜਿਵੇਂ ਹੀ ਦੋ ਨੰਬਰ ਡੈਕ ’ਤੇ ਪਹੁੰਚਿਆ, ਅਚਾਨਕ ਤਿੰਨ ਡਾਕੂਆਂ ਨੇ ਕੈਪਟਨ ਦਾ ਰਾਹ ਰੋਕਿਆ। ਕੈਪਟਨ ਪਹਿਲਾਂ ਹੀ ਗੁੱਸੇ ’ਚ ਸੀ, ਸਾਹਮਣੇ ਆਏ ਬੰਦੇ ਦੇ ਉਸ ਨੇ ਜ਼ੋਰ ਦੀ ਲੱਤ ਮਾਰੀ। ਉਹ ਡਾਕੂ ਪਿਛਾਂਹ ਜਾ ਡਿੱਗਾ। ਦੂਸਰੇ ਡਾਕੂ ਨੇ ਗੋਲੀ ਤਾਂ ਨਾ ਚਲਾਈ ਪਰ ਰਾਈਫਲ ਦੇ ਬੱਟ ਨਾਲ ਕੈਪਟਨ ਦੇ ਸਿਰ ’ਤੇ ਵਾਰ ਕੀਤਾ। ਕੈਪਟਨ ਦੀਆਂ ਅੱਖਾਂ ਅੱਗੇ ਧੁੰਦਲਾ ਜਿਹਾ ਛਾਇਆ ਪਰ ਜਲਦੀ ਸਾਫ਼ ਹੋ ਗਿਆ। ਉਹ ਡਿੱਗਣ ਤੋਂ ਮਸਾਂ ਬਚਿਆ। ਤੇਜ਼ੀ ਨਾਲ ਹੋਰ ਅੱਗੇ ਵਧ ਗਿਆ ਪਰ ਜਿਉਂ ਹੀ ਘੁੰਮ ਕੇ ਅਗਲੀ ਪੌੜੀ ਉਤਰਨ ਲਈ ਡੰਡਾ ਫੜਿਆ, ਇੱਕ ਡਾਕੂ ਨੇ ਪਿੱਛੋਂ ਜੱਫਾ ਭਰ ਕੇ ਕੈਪਟਨ ਨੂੰ ਪਿੱਛੇ ਹੀ ਖਿੱਚ ਲਿਆ। ਇੱਕ ਹੋਰ ਨੇ ਕੰਨ ’ਤੇ ਪਿਸਤੌਲ ਰੱਖਿਆ ਤੇ ਪੁੱਛਿਆ, “ਕੀ ਤੂੰ ਹੀ ਕੈਪਟਨ ਹੈਂ?”

ਉਹ ਗੁੱਸੇ ’ਚ ਚਿੱਲਾਇਆ, “ਹਾਂ, ਮੈਂ ਹੀ ਕੈਪਟਨ ਹਾਂ। ਮੇਰੇ ਅਗਲੇ ਬੰਦਿਆਂ ਨੂੰ ਹੱਥ ਨਾ ਲਾਇਆ ਜਾਵੇ।”

ਉਨ੍ਹਾਂ ਉੱਥੇ ਹੀ ਕੈਪਟਨ ਨੂੰ ਦਬੋਚ ਲਿਆ ਤੇ ਬਰਿੱਜ਼ ਅੰਦਰ ਲਿਜਾ ਕੇ ਤਾੜ ਦਿੱਤਾ। ਹੁਣ ਤੱਕ ਹੋਰ ਡਾਕੂਆਂ ਨੇ ਆ ਕੇ ਬਰਿੱਜ਼ ’ਤੇ ਕਬਜ਼ਾ ਕਰ ਲਿਆ ਸੀ। ਇਹ ਸਾਰੇ ਡਾਕੂ ਪਿਛਲੇ ਪਾਸਿਉਂ ਜਹਾਜ਼ ਵਿੱਚ ਦਾਖ਼ਲ ਹੋਏ ਸਨ।

ਅਗਲੇ ਡੈਕ ’ਤੇ ਅਚਾਨਕ ਡਾਕੂਆਂ ਨੂੰ ਸਾਹਮਣੇ ਦੇਖ, ਚੀਫ਼-ਅਫ਼ਸਰ ਨੇ ਹੱਥ ਖੜ੍ਹੇ ਕਰ ਦਿੱਤੇ। ਉਸ ਨੇ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਕਿ ਸਾਡਾ ਸਿਰੰਡਰ ਹੈ। ਉਸਨੇ ਬੋਲ ਕੇ ਵੀ ਕਿਹਾ, “ਅਸੀਂ ਸਿਰੰਡਰ ਕਰਦੇ ਹਾਂ, ਅਸੀਂ ਲੜਨਾ ਨਹੀਂ ਚਾਹੁੰਦੇ।”

ਪਰ ਦੇਖਦੇ ਹੀ ਦੇਖਦੇ ਇੱਕ ਡਾਕੂ ਨੇ, ਬੋਸਨ (ਸੀ-ਮੈਨਾਂ ਦਾ ਇੰਚਾਰਜ) ਦੇ ਮੌਰਾਂ ’ਤੇ ਲੋਹੇ ਦੀ ਮੋਟੀ ਰਾਡ ਕੱਢ ਮਾਰੀ। ਬੋਸਨ ਨੂੰ ਜਬਰਦਸਤ ਧੱਕਾ ਵੱਜਾ ਤੇ ਉਹ ਸਾਹਮਣੇ ਮੂੰਹ ਭਾਰ ਡਿੱਗ ਪਿਆ। ਨੱਕ ’ਚੋਂ ਖ਼ੂਨ ਵਗਣ ਲੱਗਾ। ਆਸਟ੍ਰੇਲੀਅਨ ਚੀਫ਼-ਅਫ਼ਸਰ ਬੋਸਨ ਦੇ ਨੱਕ ’ਚੋਂ ਖ਼ੂਨ ਵਗਦਾ ਵੇਖ ਭੜਕ ਪਿਆ, “ਮੇਰੇ ਬੰਦਿਆਂ ਨੂੰ ਕਿਉਂ ਮਾਰ ਰਹੇ ਹੋ? ਅਸੀਂ ਸਿਰੰਡਰ ਕਰ ਚੁੱਕੇ ਹਾਂ।” ਉਹ ਆਪਣੇ ਗੁੱਸੇ ਨੂੰ ਕਾਬੂ ਨਾ ਕਰ ਸਕਿਆ ਤੇ ਉਸ ਡਾਕੂ

ਨੂੰ ਜ਼ੋਰ ਦੀ ਥੱਪੜ ਜੜ ਦਿੱਤਾ।

ਦੂਸਰੇ ਡਾਕੂ ਇਕਦਮ ਚੀਫ਼-ਅਫ਼ਸਰ 'ਤੇ ਝਪਟੇ। ਇੱਕ ਨੇ ਲੋਹੇ ਦੇ ਹਥਿਆਰ ਨਾਲ ਉਸਦੀ ਗਰਦਨ 'ਤੇ ਵਾਰ ਕੀਤਾ। ਚੰਗੀ ਕਿਸਮਤ, ਚੀਫ਼-ਅਫ਼ਸਰ ਦੀ ਗਰਦਨ ਤਾਂ ਬਚ ਗਈ ਪਰ ਖੱਬੇ ਮੋਢੇ 'ਤੇ ਇੱਕ ਵੱਡਾ ਜ਼ਖ਼ਮ ਹੋ ਗਿਆ। ਖ਼ੂਨ ਵਹਿਣ ਲੱਗਾ। ਇੱਕੋ ਵਾਰ ਨਾਲ ਚੀਫ਼-ਅਫ਼ਸਰ ਲੜਖੜਾ ਗਿਆ। ਚੱਕਰ ਜਿਹਾ ਆਇਆ ਤੇ ਉਹ ਡੈਕ 'ਤੇ ਡਿੱਗ ਪਿਆ। ਜਿਉਂ ਹੀ ਡਾਕੂ ਚੀਫ਼-ਅਫ਼ਸਰ 'ਤੇ ਦੁਬਾਰਾ ਵਾਰ ਕਰਨ ਲੱਗਾ ਤਾਂ ਬੋਸਨ, ਜੋ ਹੁਣ ਤੱਕ ਸੰਭਲ ਚੁੱਕਾ ਸੀ, ਇਕਦਮ ਚੀਫ਼-ਅਫ਼ਸਰ ਦੇ ਉੱਪਰ ਡਿੱਗ ਪਿਆ। ਉੱਚੀ-ਉੱਚੀ ਆਪਣੀ ਭਾਸ਼ਾ ਵਿੱਚ ਬੋਲ, ਨਾ ਮਾਰਨ ਦੀ ਬੇਨਤੀ ਕਰਨ ਲੱਗਾ। ਇਹ ਬੋਸਨ ਅਫ਼ਰੀਕਨ ਮੁਲਕ ਸੀਰਾ-ਲਿਊਨ ਦਾ ਸੀ। ਡਾਕੂਆਂ ਦੀ ਭਾਸ਼ਾ ਕੁੱਝ-ਕੁੱਝ ਸਮਝਦਾ ਸੀ। ਡਾਕੂਆਂ ਨੂੰ ਵੀ ਪਤਾ ਲੱਗ ਚੁੱਕਾ ਸੀ, ਇਹ ਵੀ ਅਫ਼ਰੀਕਨ ਹੈ। ਉਸਤੋਂ ਬਾਅਦ ਕਿਸੇ 'ਤੇ ਹੋਰ ਵਾਰ ਨਾ ਕੀਤਾ। ਚੀਫ਼-ਅਫ਼ਸਰ ਸਮੇਤ ਸਾਰਿਆਂ ਨੂੰ ਲਿਜਾ ਕੇ ਬਰਿੱਜ਼ 'ਚ ਬੰਦ ਕਰ ਦਿੱਤਾ।

ਸਾਰੇ ਜਹਾਜ਼ 'ਚ ਆਵਾਜ਼ਾਂ ਤੇ ਚੀਕਾਂ ਕੰਨੀਂ ਪੈਂਦੀਆਂ ਰਹੀਆਂ। ਡਾਕੂਆਂ ਦੀ ਭਾਸ਼ਾ ਤਾਂ ਸਮਝ ਨਹੀਂ ਸੀ ਆਉਂਦੀ ਪਰ ਉਹ ਜੋ ਵੀ ਸੀ, ਰੋਹਬ ਸੀ, ਧਮਕੀਆਂ ਸੀ ਤੇ ਗਾਲੀ-ਦੁੱਪੜ ਸੀ। ਹੋਰ ਸਟਾਫ਼ ਨੂੰ ਫੜਨ ਵੇਲੇ ਵੀ ਧੌਲ-ਧੱਫਾ, ਧੱਕਾ-ਮੁੱਕੀ ਹੁੰਦੀ ਰਹੀ ਤੇ ਇੱਕ-ਇੱਕ ਕਰਕੇ ਸਭ ਨੂੰ ਕਾਬੂ ਕਰ ਲਿਆ ਗਿਆ।

ਜਹਾਜ਼ 'ਤੇ ਡਾਕੂਆਂ ਦਾ ਪੂਰਨ ਕਬਜ਼ਾ ਹੋ ਚੁੱਕਾ ਸੀ। ਬਰਿੱਜ਼ ਦੇ ਬਾਹਰ ਖੜ੍ਹੇ ਡਾਕੂ ਬਿਲਕੁਲ ਨਿਸ਼ਚਿੰਤ ਤੇ ਸ਼ਾਂਤ ਖੜ੍ਹੇ ਅੰਦਰਲੇ ਬੰਦੀਆਂ 'ਤੇ ਨਜ਼ਰ ਰੱਖ ਰਹੇ ਸਨ। ਜਹਾਜ਼ ਦਾ ਸਾਰਾ ਸਟਾਫ਼ ਬਰਿੱਜ਼ ਅੰਦਰ ਚੁੱਪ ਤੇ ਉਦਾਸ ਬੈਠਾ ਸੀ। ਕਈਆਂ ਦੇ ਸੱਟਾਂ ਲੱਗੀਆਂ ਸਨ ਪਰ ਡਾਕੂਆਂ ਨੂੰ ਇਸ ਨਾਲ ਕੋਈ ਮਤਲਬ ਨਹੀਂ ਸੀ। ਕੈਪਟਨ ਵੀ ਫੋਕੀ ਹਮਦਰਦੀ ਤੋਂ ਸਿਵਾਏ ਹੁਣ ਕੁੱਝ ਨਹੀਂ ਸੀ ਕਰ ਸਕਦਾ। ਉਸ ਨੂੰ ਸਭ ਦਾ ਹੀ ਦੁੱਖ ਸੀ ਪਰ ਚੀਫ਼-ਅਫ਼ਸਰ ਬਾਰੇ ਉਹ ਜ਼ਿਆਦਾ ਚਿੰਤਤ ਸੀ। ਬਰਿੱਜ਼ ਵਿੱਚ ਪਏ ਫਸਟ-ਏਡ-ਬਾਕਸ 'ਚ ਜੋ ਕੁੱਝ ਸੀ, ਉਹ ਚੀਫ਼-ਅਫ਼ਸਰ ਦੇ ਜ਼ਖ਼ਮ ਲਈ ਕੰਮ ਆਇਆ ਸੀ। ਕੈਪਟਨ ਉਸ ਦੇ ਕੋਲ ਹੀ ਬੈਠਾ ਸੀ। ਉਸ ਨੂੰ ਵੀ ਸਿਰ 'ਤੇ ਵੱਜੇ ਬੱਟ ਦਾ ਦਰਦ ਮਹਿਸੂਸ ਹੋਣ ਲੱਗ ਪਿਆ ਸੀ। ਸਭ ਦੇ ਮਨਾਂ ਅੰਦਰ ਕੋਈ ਨਾ ਕੋਈ ਖ਼ਿਆਲ ਜਾਂ ਘਮਸਾਨ ਚੱਲ ਰਿਹਾ ਸੀ।

ਸੁਸ਼ੀਲ ਦੀਆਂ ਅੱਖਾਂ ਲਾਲ ਸਨ। ਰੋ ਕੇ ਹਟਿਆ ਸੀ ਜਾਂ ਗੁੱਸੇ ਨਾਲ, ਕਿਸੇ ਗੌਰ ਨਹੀਂ ਸੀ ਕੀਤੀ। ਉਹ ਅਚਾਨਕ ਉਠ ਕੇ ਖੜ੍ਹਾ ਹੋ ਗਿਆ। ਕਈ ਸਿਰ ਉਸ ਵੱਲ ਘੁੰਮੇ। ਬਾਹਰ ਖੜ੍ਹੇ ਡਾਕੂ ਉਸ ਨੂੰ ਦੇਖ ਰਹੇ ਸਨ। ਉਹ ਹੌਲੀ-

ਹੌਲੀ ਤੁਰਦਾ ਬਰਿੱਜ਼ ਦੇ ਦਰਵਾਜ਼ੇ ਕੋਲ ਜਾ ਪਹੁੰਚਿਆ। ਫੇਰ ਬਾਹਰ ਖੜ੍ਹੇ ਡਾਕੂਆਂ ਨੂੰ ਘੂਰ-ਘੂਰ ਕੇ ਵੇਖਣ ਲੱਗ ਪਿਆ। ਸ਼ਾਂਤ ਖੜ੍ਹੇ ਡਾਕੂ ਉਸ ਨੂੰ ਦੇਖਦੇ ਰਹੇ। ਪਤਾ ਸੀ ਉਹ ਅੰਦਰ ਬੰਦ ਹੈ, ਕੀ ਕਰੇਗਾ?

ਉਸ ਦੇ ਮਨ 'ਚ ਕੋਈ ਉਬਾਲ ਜਿਹਾ ਉੱਠਿਆ। ਉਹ ਉੱਚੀ ਬੋਲ-ਬੋਲ ਕੇ ਚਿੱਲਾਉਣ ਲੱਗਾ, "ਯੂ ਬਾਸਟਰਡ ਕਿੱਲ ਮੀ, ਕਿੱਲ ਮੀ। ਮਾਰੋ, ਹਰਾਮਜ਼ਾਦੋ ਮਾਰੋ ਗੋਲੀ।" ਉਹ ਛਾਤੀ ਤਾਣ ਰਿਹਾ ਸੀ। ਜ਼ੋਰ-ਜ਼ੋਰ ਦੀ ਚਿੱਲਾ ਰਿਹਾ ਸੀ।

ਫਿਰ ਕੁੱਝ ਦੇਰ ਬਾਅਦ ਗੁੱਸੇ 'ਚ ਬਰਿੱਜ਼ ਦੇ ਦਰਵਾਜ਼ੇ 'ਚ ਜੜੇ ਮੋਟੇ ਸ਼ੀਸ਼ਿਆਂ 'ਤੇ ਜ਼ੋਰ-ਜ਼ੋਰ ਦੀ ਮੁੱਕੀਆਂ ਮਾਰਨ ਲੱਗਾ। ਚਿੱਲਾਉਂਦਾ ਰਿਹਾ, ਮੁੱਕੀਆਂ ਮਾਰਦਾ ਰਿਹਾ ਤੇ ਚਿੱਲਾਉਂਦਾ ਰਿਹਾ। ਆਖ਼ਰ ਹੰਭ ਕੇ ਮੋਟੇ ਸ਼ੀਸ਼ੇ ਨਾਲ ਸਿਰ ਜੋੜ ਕੇ ਰੋਣ ਲੱਗ ਪਿਆ।

ਬੜੇ ਉਦਾਸ ਮਨ ਨਾਲ ਕੈਪਟਨ, ਜੋ ਉਸ ਨੂੰ ਹੀ ਦੇਖ ਰਿਹਾ ਸੀ, ਉੱਠਿਆ। ਸੁਸ਼ੀਲ ਨੂੰ ਮੋਢਿਆਂ ਤੋਂ ਫੜਿਆ, ਅੱਖਾਂ ਪੂੰਝੀਆਂ ਤੇ ਬੁੱਕਲ 'ਚ ਲੈ ਲਿਆ। ਸੁਸ਼ੀਲ ਕੈਪਟਨ ਦੀ ਛਾਤੀ ਨਾਲ ਲੱਗ ਕੇ ਖੜ੍ਹਾ ਵੀ ਰੋ ਰਿਹਾ ਸੀ। ਕੈਪਟਨ ਦਾ ਹੱਥ ਉਸਦੇ ਸਿਰ ਦੇ ਵਾਲਾਂ 'ਚ ਘੁੰਮ ਰਿਹਾ ਸੀ।

# ਜੱਸੀ

ਸਵੇਰ ਦਾ ਇਹ ਮੌਸਮ ਬੜਾ ਹੀ ਖ਼ੁਸ਼-ਗਵਾਰ ਸੀ। ਬਰਿਜ਼ ਦੇ ਬਾਹਰ ਖੜ੍ਹਾ ਮੈਂ ਦੂਰਬੀਨ ਨਾਲ ਬੰਦਰਗਾਹ ਦੇ ਆਲੇ-ਦੁਆਲੇ ਦਾ ਜਾਇਜ਼ਾ ਲੈ ਰਿਹਾ ਸੀ। ਸੂਰਜ ਅਜੇ ਚੜ੍ਹਿਆ ਨਹੀਂ ਸੀ ਪਰ ਐਨਾ ਕੁ ਚਾਨਣ ਹੋ ਚੁੱਕਾ ਸੀ ਕਿ ਅਰਬ ਦੀ ਇਹ ਬੰਦਰਗਾਹ ਸਾਹਮਣੇ ਦਿਖਾਈ ਦੇਣ ਲੱਗ ਪਈ ਸੀ। ਅੰਦਰ ਖੜ੍ਹੇ ਜਹਾਜ਼ ਤੇ ਕਰੇਨਾਂ ਵੀ ਦਿਖਾਈ ਦੇ ਰਹੀਆਂ ਸਨ।

ਮੈਂ ਦੂਰਬੀਨ ਅੱਖਾਂ ਤੋਂ ਹਟਾ ਥੋੜ੍ਹਾ ਖੱਬੇ ਨੂੰ ਹੋਣ ਲੱਗਾ। ਵੇਖਿਆ, ਜੱਸੀ ਮੇਰੇ ਨਾਲ ਖੜ੍ਹੀ ਸੀ। ਮੈਂ ਹੈਰਾਨ ਹੋਇਆ, 'ਇਹ ਕਦ ਆ ਕੇ ਖੜ੍ਹੀ ਹੋ ਗਈ ਪਤਾ ਹੀ ਨੀ ਲੱਗਾ।'

"ਜੱਸੀ ਤੂੰ, ਸਵੇਰੇ-ਸਵੇਰੇ। ਕੀ ਗੱਲ ਨੀਂਦ ਜਲਦੀ ਖੁੱਲ੍ਹ ਗਈ ਜਾਂ ਤਬੀਅਤ....?" ਗੱਲ ਨੂੰ ਵਿੱਚੇ ਛੱਡ ਮੈਂ ਉਸਦੇ ਚਿਹਰੇ ਵੱਲ ਦੇਖਣ ਲੱਗਾ।

"ਕੁੱਝ ਚਿਰ ਪਹਿਲਾਂ ਪਤਾ ਨੀ ਕੀ ਖੜ-ਖੜ ਜੀ ਹੋਈ, ਮੇਰੀ ਨੀਂਦ ਟੁੱਟ ਗਈ। ਮੁੜ ਨੀਂਦ ਨਹੀਂ ਆਈ। ਫਿਰ ਰਾਤ ਵਾਲੀਆਂ ਗੱਲਾਂ ਯਾਦ ਆਉਣ ਲੱਗ ਪਈਆਂ। ਤੁਸੀਂ ਦੱਸਿਆ ਸੀ, ਸਵੇਰੇ ਜਹਾਜ਼ ਨੇ ਅਰਬ ਦੀ ਬੰਦਰਗਾਹ 'ਤੇ ਪਹੁੰਚ ਜਾਣਾ ਹੈ। ਨੀਂਦ ਤਾਂ ਆ ਨਹੀਂ ਸੀ ਰਹੀ, ਸੋਚਿਆ ਚੱਲੋ ਬਰਿੱਜ਼ 'ਚ ਜਾ ਕੇ ਵੇਖਾਂ ਜਹਾਜ਼ ਕਿੱਥੇ ਕੁ ਹੈ।" ਜੱਸੀ ਨੇ ਸਹਿਜ ਭਾਵ ਨਾਲ ਦੱਸਿਆ।

"ਸਮਝ ਗਿਆ, ਲੰਗਰ ਜੋ ਸੁੱਟਿਆ ਸੀ ਤੇ ਉਸ ਦੀ ਖੜ-ਖੜ ਹੋਈ ਸੀ। ਚੱਲ ਕੋਈ ਗੱਲ ਨੀ, ਵੇਖ ਕਿੰਨਾ ਵਧੀਆ ਮੌਸਮ ਹੈ। ਔਹ ਸਾਹਮਣੇ ਦਿਸਦੀ ਅਰਬ ਦੀ ਧਰਤੀ ਹੈ। ਐਧਰ ਜਿੱਥੇ ਕਰੇਨਾਂ ਦਿਸਦੀਆਂ ਨੇ, ਇਹ ਬੰਦਰਗਾਹ ਹੈ ਤੇ ਜਹਾਜ਼ ਇਸਦੇ ਅੰਦਰ ਜਾਂਦੇ ਨੇ। ਆਪਣਾ ਜਹਾਜ਼ ਵੀ ਇਸ ਦੇ ਅੰਦਰ ਜਾਏਗਾ ਪਰ ਅਜੇ ਕੁੱਝ ਟਾਈਮ ਲੱਗੇਗਾ। ਕੰਟਰੋਲ-ਰੂਮ ਤੋਂ ਸੰਦੇਸ਼ ਆਇਆ ਸੀ ਕਿ ਲੰਗਰ ਪਾ ਕੇ ਰੁਕੋ। ਹੁਣ ਆਪਾਂ ਲੰਗਰ ਪਾ ਕੇ ਰੁਕੇ ਹਾਂ।"

"ਆਹ ਦੂਰਬੀਨ ਦਿਉ ਜ਼ਰਾ, ਮੈਂ ਵੀ ਚੰਗੀ ਤਰ੍ਹਾਂ ਬੰਦਰਗਾਹ ਵੇਖ ਲਵਾਂ।"

"ਦੂਰਬੀਨ ਨਾਲ ਤੂੰ ਕੀ ਵੇਖਣਾ ਹੈ, ਥੋੜ੍ਹੀ ਦੇਰ ਬਾਅਦ ਆਪਾਂ ਸਾਰਾ ਸ਼ਹਿਰ ਘੁੰਮ ਕੇ ਆਵਾਂਗੇ। ਤੈਨੂੰ ਯਾਦ ਹੈ ਹਿੰਦੋਸਤਾਨ ਦੀ ਤਰ੍ਹਾਂ ਅਰਬ ਦੀ ਸੱਭਿਅਤਾ ਵੀ ਬੜੀ ਪੁਰਾਣੀ ਹੈ। ਅਰਬ ਦੀ ਕਿਸੇ ਬੰਦਰਗਾਹ 'ਤੇ ਮੈਂ ਵੀ

ਪਹਿਲੀ ਵਾਰ ਆਇਆ ਹਾਂ ਤੇ ਅੱਜ ਅਰਬ ਦੀ ਮਿੱਟੀ ਦੇ ਦਰਸ਼ਨ ਹੋਏ ਨੇ।"

"ਮੈਂ ਸੁਣਿਐ ਅਰਬੀ ਲੋਕ ਬੜੇ ਹੱਟੇ-ਕੱਟੇ, ਤੰਦਰੁਸਤ ਤੇ ਸੋਹਣੇ ਹੁੰਦੇ ਨੇ।"

"ਤੂੰ ਠੀਕ ਸੁਣਿਐ, ਅਰਬੀ ਔਰਤਾਂ ਤਾਂ ਖ਼ਾਸ ਤੌਰ 'ਤੇ ਬਹੁਤ ਹੀ ਸੋਹਣੀਆਂ ਤੇ ਸੁੰਦਰ ਹੁੰਦੀਆਂ ਨੇ।"

ਜੱਸੀ ਨੇ ਘੂਰ ਕੇ ਮੇਰੇ ਵੱਲ ਵੇਖਿਆ। ਸ਼ਾਇਦ 'ਔਰਤਾਂ' ਸ਼ਬਦ ਉਸ ਨੂੰ ਚੁਭਿਆ। ਮੈਂ ਵੀ ਮਹਿਸੂਸ ਕੀਤਾ, ਮੈਨੂੰ ਔਰਤਾਂ ਦੀ ਗੱਲ ਨਹੀਂ ਸੀ ਕਹਿਣੀ ਚਾਹੀਦੀ ਪਰ ਸੁਭਾਵਿਕ ਕਹਿ ਹੋ ਗਈ। ਸਵੇਰੇ-ਸਵੇਰੇ ਜੱਸੀ ਦਾ ਮੂਡ ਖ਼ਰਾਬ ਹੋ ਜਾਵੇ, ਮੈਂ ਇਹ ਵੀ ਨਹੀਂ ਸੀ ਚਾਹੁੰਦਾ।

"ਓ ਕਮ-ਆਨ ਡਾਰਲਿੰਗ, ਇਹ ਕਿੰਨੀਆਂ ਵੀ ਸੋਹਣੀਆਂ ਹੋਣ, ਕੋਈ ਜੱਸੀ ਤੋਂ ਸੋਹਣੀ ਨੀ ਹੋ ਸਕਦੀ। ਤੂੰ ਹੀ ਤਾਂ ਅਰਬੀ ਲੋਕਾਂ ਦੀ ਤਾਰੀਫ਼ ਕਰ ਰਹੀ ਸੀ।" ਮੈਂ ਪਿਆਰ ਨਾਲ ਜੱਸੀ ਵੱਲ ਮੁੜਿਆ।

ਉਹ ਇੱਕ ਕਦਮ ਪਿੱਛੇ ਨੂੰ ਹਟੀ ਤੇ ਬੋਲੀ, "ਮੈਂ ਅਰਬੀ ਲੋਕਾਂ ਦੀ ਗੱਲ ਕੀਤੀ ਸੀ ਦਵਿੰਦਰ, ਔਰਤਾਂ ਦੀ ਨਹੀਂ।" ਜੱਸੀ ਦੀ ਆਵਾਜ਼ 'ਚ ਗੁੱਸਾ ਸੀ। ਮੈਂ ਵੀ ਸਮਝ ਗਿਆ, 'ਔਰਤ ਕਦੇ ਬਰਦਾਸ਼ਤ ਕਰ ਸਕਦੀ ਕਿ ਉਸਦਾ ਪਤੀ ਉਸਦੇ ਹੀ ਸਾਹਮਣੇ ਹੋਰ ਔਰਤ ਦੀ ਤਾਰੀਫ਼ ਕਰੇ। ਉਸ ਨੂੰ ਸੁੰਦਰ ਕਹੇ।'

"ਜੱਸੀ ਇਹ ਤਾਂ ਏਹਨਾਂ ਲੋਕਾਂ 'ਤੇ ਕੁਦਰਤ ਦੀ ਮਿਹਰਬਾਨੀ ਹੈ। ਇਹ ਸੁਹੱਪਣ ਕੁਦਰਤ ਦੀ ਬਖ਼ਸ਼ੀ ਦਾਤ ਹੈ। ਇਸ ਦਾਤ ਨੂੰ ਸੋਹਣਾ ਹੀ ਕਹਿਣਾ ਪਏਗਾ।" ਮੈਂ ਸਫ਼ਾਈ ਦੇਣ ਦੀ ਕੋਸ਼ਿਸ਼ ਕੀਤੀ ਤੇ ਨਾਲ ਹੀ ਜੱਸੀ ਦੀ ਬਾਂਹ ਫੜ ਕਿਹਾ, "ਡਾਰਲਿੰਗ ਚਲੋ ਕੈਬਿਨ 'ਚ ਚੱਲ ਕੇ ਤਿਆਰ ਹੋਈਏ ਤੇ ਨਾਸ਼ਤਾ ਕਰੀਏ। ਕਿਸੇ ਵੇਲੇ ਵੀ ਬੰਦਰਗਾਹ ਦੇ ਅੰਦਰ ਜਾਣ ਦਾ ਸੰਦੇਸ਼ ਆ ਸਕਦਾ ਹੈ। ਸੁਭਾਵਿਕ ਕਹੀ ਗੱਲ ਨੂੰ ਦਿਲ 'ਤੇ ਨਹੀ ਲਾਈਦਾ।"

ਨਾਸ਼ਤੇ ਤੋਂ ਬਾਅਦ ਸਾਰਾ ਸਟਾਫ਼ ਲੋਡਿੰਗ-ਅਨਲੋਡਿੰਗ ਦੀ ਤਿਆਰੀ 'ਚ ਲੱਗ ਗਿਆ। ਮੈਂ ਬਰਿੱਜ਼ 'ਤੇ ਆ ਗਿਆ ਤੇ ਜੱਸੀ ਅਜੇ ਕੈਬਿਨ ਵਿੱਚ ਹੀ ਤਿਆਰ ਹੋ ਰਹੀ ਸੀ।

"ਅਰਬੀ ਔਰਤਾਂ ਤਾਂ ਖ਼ਾਸ ਤੌਰ 'ਤੇ ਬਹੁਤ ਸੋਹਣੀਆਂ ਤੇ ਸੁੰਦਰ ਹੁੰਦੀਆਂ ਨੇ।" ਆਪਣੇ ਪਤੀ ਦਵਿੰਦਰ ਦੁਆਰਾ ਕਹੀ ਇਸ ਗੱਲ ਨੂੰ ਜੱਸੀ ਨੇ ਮਨ ਹੀ ਮਨ ਘੋਟ-ਘੋਟ ਕੇ ਦੁਹਰਾਇਆ। ਗੱਲ ਉਸਦੇ ਦਿਮਾਗ 'ਚ ਰੜਕਣ ਲੱਗੀ।

ਦਵਿੰਦਰ ਨੇ ਇਹ ਗੱਲ ਕਿਉਂ ਕਹੀ, ਕੀ ਟੇਢੇ ਢੰਗ ਨਾਲ ਮੈਨੂੰ ਦੱਸਣਾ ਤਾਂ ਨਹੀਂ ਚਾਹੁੰਦਾ ਕਿ ਮੈਂ ਹੁਣ ਪਹਿਲਾਂ ਵਰਗੀ ਸੋਹਣੀ ਨਹੀਂ ਰਹੀ। ਦੂਰਬੀਨ ਮੰਗਣ 'ਤੇ ਉਸਨੇ ਦੂਰਬੀਨ ਵੀ ਨਹੀਂ ਸੀ ਦਿੱਤੀ ਤੇ ਹੋਰ ਹੀ ਗੱਲ

ਕਰਕੇ ਟਾਲ ਦਿੱਤਾ। ਕਿਤੇ ਉਹ ਸਵੇਰੇ-ਸਵੇਰੇ ਬੀਚ ’ਤੇ ਨਹਾ ਰਹੀਆਂ ਗੋਰੀਆਂ ਔਰਤਾਂ ਨੂੰ ਤਾਂ ਨਹੀਂ ਸੀ ਵੇਖ ਰਿਹਾ। ਆਪਣੀ ਇੱਕ ਸਹੇਲੀ ਦੀ ਕਹੀ ਗੱਲ ਵੀ ਯਾਦ ਆਈ ‘ਜੱਸੀ ਕਈ ਮਰਦ ਤਾਂ ਮੱਖੀਆਂ ਵਰਗੇ ਹੁੰਦੇ ਨੇ। ਜਿੱਧਰ ਮਿੱਠਾ ਦੇਖਿਆ, ਮੱਖੀ ਓਧਰ। ਏਸੇ ਤਰ੍ਹਾਂ ਇਹ ਮਰਦ। ਜਿੱਧਰ ਸੋਹਣੀ ਜਨਾਨੀ ਦੇਖੀ, ਏਨ੍ਹਾਂ ਦੀਆਂ ਨਜ਼ਰਾਂ ਓਧਰ।’ ਗੱਲ ਭਾਵੇਂ ਹਾਸੇ ’ਚ ਕਹੀ ਸੀ ਪਰ ਜੱਸੀ ਸੋਚਾਂ ਵਿੱਚ ਪੈ ਗਈ।

ਸੋਚਾਂ-ਸੋਚਾਂ ਵਿੱਚ ਹੀ ਉਹ ਤਾਂ ਯੂਨੀਵਰਸਿਟੀ ਪਹੁੰਚ ਗਈ। ਉਹ ਦਿਨ ਯਾਦ ਆਉਣ ਲੱਗੇ, ਜਦੋਂ ਸਾਰੀ ਯੂਨੀਵਰਸਿਟੀ ’ਚ ਉਸਦੇ ਹੁਸਨ ਦੀਆਂ ਹੀ ਗੱਲਾਂ ਹੋਇਆ ਕਰਦੀਆਂ ਸਨ। ਜਿੱਧਰੋਂ ਵੀ ਲੰਘਦੀ, ਮੁੰਡਿਆਂ ਦੀਆਂ ਗਰਦਨਾਂ ਉੱਧਰ ਨੂੰ ਘੁੰਮਦੀਆਂ ਜਾਂਦੀਆਂ। ਨਾਲ ਦੀਆਂ ਕੁੜੀਆਂ ਵੀ ਉਸਦੇ ਹੁਸਨ ਤੇ ਰਸ਼ਕ ਕਰਦੀਆਂ।

ਇੱਕ ਸਹੇਲੀ ਇੰਦੂ ਹਮੇਸ਼ਾ ਗਿਲਾ ਕਰਦੀ, ‘ਜੱਸੀ ਤੇਰੇ ਨਾਲ ਆ ਕੇ ਤਾਂ ਆਪਣਾ-ਆਪ ਹੀਣਾ ਜਿਹਾ ਲੱਗਣ ਲੱਗ ਜਾਂਦੈ। ਸਭ ਤੈਨੂੰ ਹੀ ਵੇਖਦੇ ਨੇ ਤੇ ਤੇਰੇ ਨਾਲ ਹੀ ਗੱਲ ਕਰਨਾ ਚਾਹੁੰਦੇ ਨੇ। ਤੇਰੀਆਂ ਹੀ ਤਾਰੀਫ਼ਾਂ ਕਰਦੇ ਨੇ। ਮੈਂ ਤਾਂ ਜਿਵੇਂ ਨਾਲ ਹੁੰਦੀ ਹੀ ਨਹੀਂ। ਮੇਰੀ ਤਾਂ ਕੋਈ ਹੋਂਦ ਹੀ ਨਹੀਂ ਰਹਿ ਜਾਂਦੀ। ਅੱਗੇ ਤੋਂ ਨੀ ਮੈਂ ਤੇਰੇ ਨਾਲ ਆਉਣਾ।’

ਇੰਦੂ ਠੀਕ ਹੀ ਤਾਂ ਕਹਿੰਦੀ ਹੁੰਦੀ ਪਰ ਮੈਂ ਜਲਦੀ ਹੀ ਉਸਨੂੰ ਮਨਾ ਲੈਂਦੀ। ਘੁੱਟ ਕੇ ਜੱਫੀ ਪਾ ਲੈਂਦੀ ਤੇ ਨਾਲ ਛੇੜ ਵੀ ਦਿੰਦੀ, ‘ਵੇਖੀਂ ਸਹੀ ਪਟਿਆਲੇ ਦਾ ਸਭ ਤੋਂ ਸੋਹਣਾ ਚੀਰੇ ਵਾਲਾ, ਸਾਡੀ ਇੰਦੂ ਨੂੰ ਲੈਣ ਆਵੇਗਾ।’

ਇੰਦੂ ਅੰਦਰੋਂ ਖ਼ੁਸ਼ ਹੁੰਦੀ ਪਰ ਬਾਹਰੋਂ ਗੁੱਸਾ ਵਿਖਾਉਂਦੀ, ‘ਸਾਰੇ ਚੀਰੇ ਵਾਲੇ ਤਾਂ ਤੇਰੇ ਮਗਰ-ਮਗਰ ਫਿਰਦੇ ਨੇ, ਮੈਨੂੰ ਕਿੱਥੇ।’ ਜੱਸੀ ਨੂੰ ਇਹ ਸਾਰੀਆਂ ਗੱਲਾਂ ਕੱਲ੍ਹ ਵਾਂਗੂੰ ਯਾਦ ਸਨ। ਕਿੰਨੇ ਸੋਹਣੇ ਦਿਨ ਸੀ ਉਹ। ਖ਼ੂਬ ਮਸਤੀ ਕਰਦੀਆਂ ਤੇ ਬਹਾਰ ਵਾਂਗੂੰ ਖਿੜੀਆਂ ਰਹਿੰਦੀਆਂ।

.....ਪਰ....ਪਰ ਕੀ ਮੈਂ ਹੁਣ ਓਨੀ ਸੋਹਣੀ ਨਹੀਂ ਰਹੀ। ਉਹ ਇਕਦਮ ਉੱਠੀ ਤੇ ਵੱਡੇ ਸ਼ੀਸ਼ੇ ਅੱਗੇ ਜਾ ਕੇ ਖੜ੍ਹੀ ਹੋ ਗਈ। ਫੁੱਲ-ਸਾਈਜ਼ ਸ਼ੀਸ਼ੇ ਦੇ ਸਾਹਮਣੇ ਖੜ੍ਹੀ ਥੋੜ੍ਹਾ ਚਿਰ ਸ਼ੀਸ਼ੇ ਅੰਦਰਲੀ ਜੱਸੀ ਨੂੰ ਵੇਖਦੀ ਰਹੀ। ਪਛਾਣਦੀ ਰਹੀ ਕਿ ਉਹੀ ਯੂਨੀਵਰਸਿਟੀ ਵਾਲੀ ਜੱਸੀ ਹੈ, ਜਾਂ ਕੋਈ ਹੋਰ।

‘ਉਹੀ ਚਿਹਰਾ....ਉਹੀ ਜ਼ੁਲਫ਼ਾਂ....ਉਹੀ ਸਰੀਰ....ਉਹੀ ਤਾਂ ਹੈ।’ ਫਿਰ ਉਹ ਆਪਣੇ ਗਾਊਨ ਜੋ ਅੱਡੀਆਂ ਤੱਕ ਲਟਕਿਆ ਹੋਇਆ ਸੀ, ਨੂੰ ਹੌਲੀ-ਹੌਲੀ ਉੱਪਰ ਚੁੱਕਣ ਲੱਗੀ ਤੇ ਆਪਣੀਆਂ ਹੀ ਨੰਗੀਆਂ ਹੋ ਰਹੀਆਂ ਲੱਤਾਂ ਨੂੰ ਨਿਹਾਰਨ ਲੱਗੀ। ਆਪਣੀਆਂ ਗੋਰੀਆਂ ਲੱਤਾਂ ਨੂੰ ਸ਼ੀਸ਼ੇ ਅੰਦਰ ਵੇਖ, ਉਸਦੇ ਮਨ ਅੰਦਰ ਇੱਕ ਝਰਨਾਹਟ ਜਿਹੀ ਛਿੜੀ। ਉਹ ਸ਼ਰਮਾ ਗਈ ਤੇ ਇਕਦਮ

ਗਾਊਨ ਨੂੰ ਹੱਥਾਂ 'ਚੋਂ ਛੱਡ ਦਿੱਤਾ। ਗਾਊਨ ਨੇ ਸਾਰੀਆਂ ਲੱਤਾਂ ਫਿਰ ਢਕ ਲਈਆਂ।

ਕੁੱਝ ਚਿਰ ਉੱਥੇ ਹੀ ਖੜ੍ਹੀ ਰਹੀ ਤੇ ਆਪਣਾ ਅਕਸ ਸ਼ੀਸ਼ੇ ਅੰਦਰ ਵੇਖਦੀ ਰਹੀ। ਉਸਦਾ ਸਾਹ ਭਾਰੀ-ਭਾਰੀ ਹੋ ਰਿਹਾ ਸੀ। ਉਸਨੂੰ ਆਪਣੇ ਸਾਹ ਦੀ ਆਵਾਜ਼ ਆਪਣੇ ਕੰਨਾਂ ਵਿੱਚ ਸਾਫ਼ ਸੁਣਾਈ ਦੇ ਰਹੀ ਸੀ। ਹੌਲੀ-ਹੌਲੀ ਉਸਦੇ ਆਪਣੇ ਹੀ ਹੱਥ ਫਿਰ ਹਰਕਤ ਕਰਨ ਲੱਗ ਪਏ। ਹੁਣ ਉਸਦੇ ਹੱਥ, ਮੋਢਿਆਂ ਉੱਪਰੋਂ ਗਾਊਨ ਦੀਆਂ ਤਣੀਆਂ ਖਿਸਕਾ ਰਹੇ ਸਨ। ਉਸਨੇ ਵੇਖਿਆ ਕਿ ਉਸਦਾ ਪਹਿਨਿਆ ਗਾਊਨ ਮੋਢਿਆਂ ਤੋਂ ਹੇਠਾਂ ਨੂੰ ਖਿਸਕ ਰਿਹਾ ਸੀ।

'ਗੋਰੇ ਤੇ ਲਿਸ਼ਕਦੇ ਮੋਢੇ, ਗੋਲ-ਗੋਲ ਸੁੰਦਰ ਡੌਲੇ, ਉੱਪਰ-ਥੱਲੇ ਹੁੰਦੀਆਂ ਛਾਤੀਆਂ, ਭਰਵਾਂ ਸਰੀਰ ਵੇਖ ਉਸਦੀਆਂ ਅੱਖਾਂ ਟੱਡੀਆਂ ਗਈਆਂ। ਸਾਹ ਤੇਜ਼-ਤੇਜ਼ ਵਗਣ ਲੱਗਾ। ਆਪਣੇ ਹੀ ਸਰੀਰ ਦਾ ਤੇਜ਼ ਉਸ ਕੋਲੋਂ ਝੱਲ ਨਾ ਹੋਇਆ ਤੇ ਉਹ ਸ਼ੀਸ਼ੇ ਮੂਹਰਿਉਂ ਭੱਜ ਕੇ ਬੈੱਡ-ਰੂਮ ਵਿੱਚ ਚਲੀ ਗਈ।'

ਅਚਾਨਕ ਖ਼ਿਆਲ ਆਇਆ, 'ਜੇ ਦਵਿੰਦਰ ਆ ਜਾਂਦਾ ਕੀ ਸੋਚਦਾ।' ਉਹ ਸ਼ਰਮਾ ਕੇ ਸੁੰਗੜ ਜਿਹੀ ਗਈ।

ਪਰ....ਪਰ....ਜਿਸ ਸਵਾਲ ਦਾ ਜਵਾਬ ਉਹ ਲੱਭਣ ਲੱਗੀ ਸੀ, ਉਹ ਤਾਂ ਅਜੇ ਵੀ ਜਿਉਂ ਦਾ ਤਿਉਂ ਖੜ੍ਹਾ ਸੀ। ਦਿਮਾਗ 'ਚ ਹਥੌੜੀ ਦੀ ਕੋਈ ਠਕ-ਠਕ ਹੋ ਰਹੀ ਸੀ। 'ਦਵਿੰਦਰ ਨੇ ਅਰਬੀ ਔਰਤਾਂ ਨੂੰ ਸੋਹਣੀਆਂ ਤੇ ਸੁੰਦਰ ਕਿਉਂ ਕਿਹਾ ?'

ਕਰੀਬ 10 ਵਜੇ ਦਾ ਟਾਈਮ ਸੀ। ਜੱਸੀ ਬਰਿੱਜ਼ ਦੀਆਂ ਪੌੜੀਆਂ ਚੜ੍ਹ ਬਰਿੱਜ਼ 'ਚ ਦਾਖ਼ਲ ਹੋ ਰਹੀ ਸੀ। ਉਸਨੇ ਨਵਾਂ ਸੂਟ ਪਾਇਆ ਹੋਇਆ ਸੀ, ਜੋ ਬੜਾ ਹੀ ਸੋਹਣਾ ਲੱਗ ਰਿਹਾ ਸੀ। ਵਾਲ ਸਟਾਈਲ ਨਾਲ ਬੰਨ੍ਹੇ ਹੋਏ ਤੇ ਹਲਕਾ ਮੇਕ-ਅੱਪ ਵੀ।

ਹੌਲੀ-ਹੌਲੀ ਮਟਕ-ਮਟਕ ਪੈਰ ਧਰਦੀ ਪੌੜੀਆਂ ਚੜ੍ਹੀ ਆਉਂਦੀ, ਉਹ ਬਹੁਤ ਸੁੰਦਰ ਲੱਗ ਰਹੀ ਸੀ। ਜਦ ਹੋਰ ਨੇੜੇ ਆਈ ਤਾਂ ਮੇਰੇ ਅੰਦਰ ਤੇ ਬਾਹਰ ਇੱਕ ਅਜੀਬ ਕਿਸਮ ਦੀ ਸੁਗੰਧ ਫੈਲ ਗਈ। ਸੁਗੰਧ ਤਾਂ ਸਾਰੇ ਬਰਿੱਜ਼ ਵਿੱਚ ਫੈਲ ਗਈ ਸੀ। ਮੈਂ ਕੋਈ ਕੁਮੈਂਟ ਤਾਂ ਨਹੀਂ ਕੀਤਾ ਪਰ ਜੱਸੀ ਦੇ ਸੂਟ ਵੱਲ ਵੇਖ ਕੇ ਮੁਸਕਰਾਇਆ।

ਜੱਸੀ ਵੀ ਮੁਸਕਰਾਈ ਤੇ ਬਿਨਾਂ ਪੁੱਛੇ ਆਪ ਹੀ ਦੱਸਣ ਲੱਗੀ, "ਔਰਤ ਨੂੰ ਨਵੇਂ ਪਿੰਡ, ਨਵੇਂ ਘਰ, ਨਵੀਂ ਥਾਂ, ਨਵੇਂ ਫੰਕਸ਼ਨ ਵਗੈਰਾ 'ਚ ਜਾਣ ਦੀ ਖ਼ੁਸ਼ੀ ਹੁੰਦੀ ਹੈ ਤੇ ਚਾਅ ਵੀ, ਦਵਿੰਦਰ ਹੈਰਾਨ ਹੋਣ ਦੀ ਲੋੜ ਨਹੀਂ।"

"ਜੱਸੀ ਉਹ ਤਾਂ ਠੀਕ ਹੈ ਪਰ ਹੁਣੇ-ਹੁਣੇ ਬੰਦਰਗਾਹ ਤੋਂ ਪਾਇਲਟ ਆਉਣ ਵਾਲਾ ਹੈ, ਜੋ ਜਹਾਜ਼ ਨੂੰ ਅੰਦਰ ਲੈ ਕੇ ਜਾਏਗਾ। ਮੈਂ ਤਾਂ ਇਹ ਸੋਚਦਾਂ

ਬਈ ਅਰਬੀ-ਪਾਇਲਟ ਕਿਤੇ ਤੇਰੇ ਵੱਲ ਹੀ ਨਾ ਵੇਖੀ ਜਾਵੇ।" ਮਜ਼ਾਕੀਆ ਲਹਿਜ਼ੇ 'ਚ ਮੈਂ ਕਿਹਾ।

"ਮੈਂ ਵੀ ਤਾਂ ਇਸੇ ਲਈ ਨਵਾਂ ਸੂਟ ਪਾ ਕੇ ਆਈ ਹਾਂ ਕਿ ਉਹ ਮੇਰੇ ਵੱਲ ਵੇਖੇ। ਔਰਤ ਦੀ ਖ਼ਵਾਹਿਸ਼ ਹੁੰਦੀ ਹੈ ਕਿ ਬੰਦਾ ਉਸ ਵੱਲ ਵੇਖੇ, ਉਸਦੀ ਤਾਰੀਫ਼ ਕਰੇ, ਔਰਤ ਨੂੰ ਚੰਗਾ ਲੱਗਦਾ ਹੈ।" ਜੱਸੀ ਦਾ ਅੰਦਾਜ਼ ਹੋਰ ਵੱਧ ਮਜ਼ਾਕੀਆ ਸੀ।

ਜੱਸੀ ਪੂਰੀ ਖ਼ੁਸ਼ ਸੀ ਤੇ ਅੱਖਾਂ ਮਟਕਾ-ਮਟਕਾ ਮੇਰੇ ਵੱਲ ਦੇਖ ਰਹੀ ਸੀ। ਅਸੀਂ ਬਰਿੱਜ਼ ਦੇ ਇੱਕ ਪਾਸੇ ਵੱਲ ਖੜ੍ਹੇ ਹੋ ਕੇ ਗੱਲਾਂ ਕਰਨ ਲੱਗੇ। ਗੱਲਾਂ ਕਰ ਹੀ ਰਹੇ ਸੀ ਕਿ ਰੇਡੀਓ-ਅਫ਼ਸਰ ਕਹਿਣ ਲੱਗਾ, "ਸਰ ਅੰਦਰ ਜਾਣ ਦਾ ਸੰਦੇਸ਼ ਆ ਗਿਆ ਹੈ। ਥੋੜ੍ਹੇ ਚਿਰ 'ਚ ਹੀ ਪਾਇਲਟ ਪਹੁੰਚ ਰਿਹਾ ਹੈ।"

"ਓ.ਕੇ. ਮਾਰਕੋਨੀ।" (ਜਹਾਜ਼ਾਂ 'ਚ ਰੇਡੀਓ-ਅਫ਼ਸਰ ਨੂੰ ਮਾਰਕੋਨੀ ਕਹਿੰਦੇ ਹਨ)

ਫਿਰ ਬੰਦਰਗਾਹ ਵੱਲੋਂ ਪਾਇਲਟ ਦਾ ਝੰਡਾ ਲਹਿਰਾਉਂਦੀ ਇੱਕ ਕਿਸ਼ਤੀ, ਜਹਾਜ਼ ਵੱਲ ਆਉਂਦੀ ਨਜ਼ਰ ਆਈ। ਪਾਣੀ ਨੂੰ ਚੀਰਦੀ ਤੇਜ਼ ਰਫ਼ਤਾਰ ਆ ਰਹੀ ਕਿਸ਼ਤੀ, ਜਿਉਂ ਹੀ ਨਜ਼ਦੀਕ ਆਈ ਤੇ ਇਸ ਦੀ ਰਫ਼ਤਾਰ ਥੋੜ੍ਹੀ ਘੱਟ ਹੋਈ ਤਾਂ ਇੱਕ ਨੌਜਵਾਨ ਲੜਕੀ ਕਿਸ਼ਤੀ ਦੇ ਕੰਟਰੋਲ ਰੂਮ 'ਚੋਂ ਬਾਹਰ ਆਈ ਤੇ ਅਗਲੇ ਪਾਸੇ ਰੇਲਿੰਗ ਫੜ ਖੜ੍ਹੀ ਹੋ ਗਈ।

"ਹੈਂਅ, ਔਰਤ ਪਾਇਲਟ!" ਮੇਰੇ ਮਨ ਨੇ ਹਉਂਕਾ ਜਿਹਾ ਲਿਆ।

ਗੋਰਾ ਰੰਗ, ਗੋਲ ਸੁੰਦਰ ਚਿਹਰਾ, ਪਾਇਲਟ ਟੋਪੀ ਤੋਂ ਬਾਹਰ ਪਿੱਛੇ ਲਟਕ ਰਹੇ ਸਟਾਈਲ ਨਾਲ ਕੱਟੇ ਹੋਏ ਵਾਲ, ਚਿੱਟੀ ਵਰਦੀ, ਮੋਢੇ 'ਤੇ ਲੱਗੇ ਬੈਜ਼, ਉਹ ਤਾਂ ਇੰਦਰ ਦੇ ਅਖਾੜੇ ਦੀ ਕੋਈ ਪਰੀ ਲੱਗ ਰਹੀ ਸੀ। ਕਿਸ਼ਤੀ ਹੌਲੀ-ਹੌਲੀ ਜਹਾਜ਼ ਦੇ ਬਿਲਕੁਲ ਨਾਲ ਆ ਲੱਗੀ। ਉਸਨੇ ਝੱਟ ਹੀ ਲਟਕ ਰਿਹਾ ਪਾਇਲਟ-ਲੈਡਰ (ਪੌੜੀ) ਫੜੀ ਤੇ ਟਪੂਸੀਆਂ ਮਾਰਦੀ ਜਹਾਜ਼ ਦੇ ਡੈਕ 'ਤੇ ਆ ਗਈ।

ਮੈਂ ਹੈਰਾਨ, ਉਹ ਤਾਂ ਕਿਸੇ ਨੌਜਵਾਨ ਮਰਦ ਵਾਂਗ ਹੀ ਚੜ੍ਹ ਆਈ ਸੀ। ਡਿਊਟੀ-ਅਫ਼ਸਰ ਨੇ ਜੀ ਆਇਆਂ ਕਿਹਾ ਤੇ ਫਟਾਫਟ ਬਰਿੱਜ਼ ਵਿੱਚ ਲੈ ਆਇਆ।

ਬਰਿੱਜ਼ 'ਚ ਦਾਖ਼ਲ ਹੁੰਦੇ ਹੀ, 'ਹੈਲੋ ਫਰੈਂਡਜ਼' ਕਹਿ ਉਸਨੇ ਹੱਥ ਹਿਲਾਇਆ ਤੇ ਮੁਸਕਰਾ ਕੇ ਸਭ ਵੱਲ ਦੇਖਿਆ। ਹੁਣ ਉਹ ਬਰਿੱਜ਼ ਅੰਦਰ ਇਕਦਮ ਮੇਰੇ ਸਾਹਮਣੇ ਖੜ੍ਹੀ ਸੀ। ਉਸਦੀ ਸੁੰਦਰਤਾ ਤੇ ਹੁਸਨ ਦਾ ਜਲਵਾ ਕਹੋ ਜਾਂ ਜਾਦੂ, ਉਸਨੂੰ ਸਾਹਮਣੇ ਵੇਖ ਮੇਰੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ।

'ਮਾਈ ਗਾਡ, ਵੱਟ ਏ ਬਿਊਟੀ! ਐ ਹੁਸਨ ਪਰੀਏ ਮਾਡਲਿੰਗ ਜਾਂ ਫਿਲਮ ਇੰਡਸਟਰੀ 'ਚ ਚਲੀ ਜਾਂਦੀ। ਤੇਰੀ ਤਾਂ ਉਥੇ ਹੋਰ ਬਹੁਤੀ ਕਦਰ ਪੈਂਦੀ। ਆਹ ਕਿਹੜੀ ਪਾਇਲਟ ਦੀ ਵਰਦੀ ਪਾ ਲਈ। ਜਹਾਜ਼ੀ ਲੋਕ ਤਾਂ ਜਲ-ਪਰੀਆਂ ਦੇ ਸੁਪਨੇ ਲੈ-ਲੈ ਜਿਉਂਦੇ ਨੇ ਤੇ ਤੂੰ ਸਾਖ਼ਸ਼ਾਤ ਪਰੀ ਬਣ ਸਾਹਮਣੇ ਆ ਖੜ੍ਹੀ। ਤੇਰੀ ਜਵਾਨੀ ਤੇ ਆਹ ਹੁਸਨ ਦਾ ਡੰਗ ਕੋਈ ਕਿਵੇਂ ਝੱਲੂ?' ਮਨ ਹੀ ਮਨ ਸੋਚੀ ਜਾਵਾਂ ਤੇ ਉਸ ਵੱਲ ਵੇਖੀ ਜਾਵਾਂ।

ਮੇਰੇ ਮੋਢੇ ਦੇ ਬੈਜ਼ ਵੇਖ ਉਹ ਚੁਸਤ-ਦਰੁਸਤ ਆਵਾਜ਼ ਵਿੱਚ ਬੋਲੀ, "ਹੈਲੋ ਕੈਪਟਨ" ਤੇ ਨਾਲ ਹੀ ਹੱਥ ਮਿਲਾਉਣ ਲਈ ਉਸਨੇ ਆਪਣਾ ਸੱਜਾ ਹੱਥ ਅੱਗੇ ਵਧਾਇਆ।

ਮੈਂ ਸੰਭਲਿਆ ਤੇ ਝੱਟ ਹੀ ਆਪਣਾ ਹੱਥ ਅੱਗੇ ਵਧਾ ਉਸਦੇ ਹੱਥ ਨੂੰ ਆਪਣੇ ਹੱਥ ਵਿੱਚ ਲੈ ਲਿਆ। ਗੋਰਾ-ਗੋਰਾ ਹੱਥ ਕੂਲਾ ਤੇ ਨਰਮ ਸੀ। ਉਸ ਦੀਆਂ ਅੱਖਾਂ 'ਚ ਚਮਕ ਸੀ। ਪੂਰੇ ਆਤਮ ਵਿਸ਼ਵਾਸ ਨਾਲ ਉਹ ਮੇਰੀਆਂ ਅੱਖਾਂ 'ਚ ਅੱਖਾਂ ਪਾ ਵੇਖ ਰਹੀ ਸੀ। ਉਸਨੇ ਹੱਥ ਮਿਲਾਉਣ ਦਾ ਸਿਰਫ਼ ਸਿਸ਼ਟਾਚਾਰ ਨਹੀਂ ਸੀ ਕੀਤਾ, ਸਗੋਂ ਪੂਰੀ ਗਰਮਜੋਸ਼ੀ ਨਾਲ ਹੱਥ ਮਿਲਾਇਆ ਸੀ।

"ਵੈਲਕਮ-ਵੈਲਕਮ" ਜੋਸ਼ ਨਾਲ ਹੱਥ ਮਿਲਾਉਂਦਿਆਂ ਚਿਹਰੇ 'ਤੇ ਮੁਸਕਰਾਹਟ ਲਿਆ ਮੈਂ ਉਸਦਾ ਸਵਾਗਤ ਕੀਤਾ।

"ਸਭ ਤਿਆਰ ਹੈ ਕੈਪਟਨ - ਸ਼ੈਲ ਵੁਈ ਮੂਵ।" ਉਸਦੀ ਆਵਾਜ਼ 'ਚ ਸਪੱਸ਼ਟਤਾ ਸੀ।

"ਹਾਂ ਹਾਂ, ਵੁਈ ਆਰ ਰੈਡੀ ਟੂ ਮੂਵ।" ਮੈਂ ਵੀ ਪੂਰੇ ਆਤਮ-ਵਿਸ਼ਵਾਸ ਨਾਲ ਜਵਾਬ ਦਿੱਤਾ।

"ਓ.ਕੇ. ਕੈਪਟਨ, ਲੈਟ ਅਸ ਮੂਵ।"

ਇੱਕ ਤਾਂ ਉਸਦਾ ਹੁਸਨ ਵੇਖ ਖਲਬਲੀ ਮੱਚ ਉੱਠੀ ਸੀ, ਦੂਸਰਾ "ਲੈਟ ਅਸ ਮੂਵ" ਕਹਿ ਉਸਨੇ ਹੋਰ ਖਲਬਲੀ ਮਚਾ ਦਿੱਤੀ। ਨਾ ਕੋਈ ਰਿਕਾਰਡ ਮੰਗਿਆ, ਨਾ ਕੋਈ ਪੇਪਰ ਮੰਗੇ, ਨਾ ਕੋਈ ਮਸ਼ੀਨਰੀ ਸਬੰਧੀ ਜਾਣਕਾਰੀ, ਨਾ ਕੋਈ ਹੋਰ ਗੱਲ, ਆਉਣ ਸਾਰ ਮੂਵ ਦਾ ਸੰਦੇਸ਼ ਚਾੜ੍ਹ ਦਿੱਤਾ।

ਜਹਾਜ਼ ਨੇ ਫਟਾਫਟ ਲੰਗਰ ਉਠਾਇਆ, ਇੰਜਣ ਸਟਾਰਟ ਕੀਤਾ ਤੇ ਬੰਦਰਗਾਹ ਵੱਲ ਵਧਣ ਲੱਗਾ। ਸਭ ਕੁੱਝ ਐਨੀ ਛੇਤੀ-ਛੇਤੀ ਹੋਇਆ ਕਿ ਮੈਂ ਜੱਸੀ ਨੂੰ ਪਾਇਲਟ ਨਾਲ ਮਿਲਾਉਣਾ ਹੀ ਭੁੱਲ ਗਿਆ। ਮਿਲਾਉਣ ਦੀ ਗੱਲ ਤਾਂ ਦੂਰ, ਮੈਨੂੰ ਤਾਂ ਬਰਿੱਜ਼ ਅੰਦਰ ਉਸਦੀ ਹੋਂਦ ਹੀ ਭੁੱਲ ਗਈ ਕਿ ਮੇਰੀ ਪਤਨੀ ਵੀ ਏਥੇ ਹਾਜ਼ਰ ਹੈ।

ਨਾਲ ਇੱਕ ਫ਼ਿਕਰ ਵੀ ਹੋ ਗਿਆ। 'ਇਹਦੀ ਤਾਂ ਉਮਰ ਬੜੀ ਘੱਟ ਲੱਗਦੀ ਹੈ, ਕਿੱਥੇ ਪਾਇਲਟ ਦਾ ਤਜ਼ਰਬਾ। ਇਹ ਜਹਾਜ਼ ਨੂੰ ਠੀਕ-ਠਾਕ ਬਰਥ

ਤੱਕ ਲੈ ਵੀ ਜਾਵੇਗੀ। ਹੋਰ ਨਾ ਕਿਤੇ ਆਸੇ-ਪਾਸੇ ਚਿੱਕੜ 'ਚ ਫਸਾ ਕੇ ਗਰਾਊਂਡ ਕਰ ਦੇਵੇ ਤੇ 'ਓ ਮਾਈ ਗਾਡ, ਕੈਪਟਨ' ਕਹਿ ਕੇ ਜਨਾਨੀਆਂ ਵਾਂਗੂੰ ਢਿੱਲਾ ਜਿਹਾ ਮੂੰਹ ਬਣਾ ਕੇ ਖੜ੍ਹ ਜਾਵੇ।'

ਮੇਰਾ ਰੇਡੀਓ-ਅਫ਼ਸਰ ਮੇਰੇ ਕੰਨ ਕੋਲ ਆ ਕੇ ਕਹਿਣ ਲੱਗਾ, "ਸਰ ਸਤਰਕ ਰਹਿਣਾ, ਚੈਨਲ ਤੰਗ ਵੀ ਹੈ ਅਤੇ ਟੇਢਾ-ਮੇਢਾ ਵੀ।" ਮੈਂ ਮਹਿਸੂਸ ਕੀਤਾ, ਮੇਰੇ ਅੰਦਰ ਵਰਗਾ ਡਰ, ਰੇਡੀਓ-ਅਫ਼ਸਰ ਦੇ ਮਨ ਅੰਦਰ ਵੀ ਸੀ।

ਮੈਂ ਪਾਇਲਟ ਦੇ ਚਿਹਰੇ ਵੱਲ ਵੇਖਿਆ ਤੇ ਕੁੱਝ ਪੜ੍ਹਨ ਦੀ ਕੋਸ਼ਿਸ਼ ਕੀਤੀ ਪਰ ਚਿਹਰੇ ਉੱਪਰੋਂ ਕੁੱਝ ਵੀ ਨਾ ਲੱਭਾ। ਉਹ ਤਾਂ ਆਤਮ ਵਿਸ਼ਵਾਸ ਨਾਲ ਭਰਿਆ, ਕਿਸੇ ਲਿਸ਼ਕਦੇ ਹੀਰੇ ਵਾਂਗ ਚਮਕ ਰਿਹਾ ਸੀ। ਹੁਸਨ ਦੀਆਂ ਤਰੰਗਾਂ ਚਾਰ-ਚੁਫ਼ੇਰੇ ਫੈਲ ਵਾਤਾਵਰਣ ਨੂੰ ਹੋਰ ਹੁਸੀਨ, ਖ਼ੁਸ਼-ਗਵਾਰ ਤੇ ਸੁਗੰਧਿਤ ਬਣਾ ਰਹੀਆਂ ਸਨ। ਉਹ ਆਪਣੇ ਆਪ 'ਚ ਮਸਤ ਤੇ ਸੰਤੁਸ਼ਟ ਲੱਗੀ।

"ਸਭ ਠੀਕ-ਠਾਕ ਹੈ ਕੈਪਟਨ?" ਮੈਨੂੰ ਕੁੱਝ ਗੰਭੀਰ ਵੇਖ, ਉਸਨੇ ਪੁੱਛਿਆ।

"ਯੈਸ ਪਾਇਲਟ, ਸਭ ਠੀਕ ਹੈ।"

ਮੈਂ ਨੋਟ ਕੀਤਾ, ਇਸ ਹੁਸਨ-ਪਰੀ ਨੇ ਬਰਿੱਜ਼ 'ਚ ਛੋਟਾ ਗੇੜਾ ਦਿੱਤਾ ਸੀ। ਆਪਣੀਆਂ ਤੇਜ਼ ਨਿਗਾਹਾਂ ਇੱਧਰ-ਉਧਰ ਘੁੰਮਾਉਂਦਿਆਂ, ਸਾਰੇ ਇੰਡੀਕੇਟਰ, ਤਾਪਮਾਨ ਗੇਜ਼, ਪਰੈਸ਼ਰ ਗੇਜ਼, ਰਡਾਰ ਸਕਰੀਨ, ਡੂੰਘਾਈ ਮਾਪਣ ਵਾਲੇ ਯੰਤਰ, ਗੱਲ ਕੀ ਹਰ ਚੀਜ਼ ਤੇ ਹਰ ਯੰਤਰ ਉੱਪਰ ਨਿਰੀਖਣ ਨਜ਼ਰਾਂ ਪਾ ਲਈਆਂ ਸਨ। ਉਹ ਜਿੰਨੀ ਸੋਹਣੀ ਸੀ, ਉਸਤੋਂ ਵੱਧ ਚੁਸਤ, ਫੁਰਤੀਲੀ ਤੇ ਤੇਜ਼ ਦਿਮਾਗ ਲੱਗਦੀ ਸੀ। ਇਸ ਗੱਲ ਦੀ ਮੈਨੂੰ ਕੁੱਝ ਤਸੱਲੀ ਹੋਈ।

ਮੈਂ ਦੇਖਿਆ, ਬਰਿੱਜ਼ ਦੇ ਇੱਕ ਪਾਸੇ ਚੁੱਪ-ਚਾਪ ਖੜ੍ਹੀ ਜੱਸੀ ਬਾਹਰ ਵੱਲ ਦੇਖ ਰਹੀ ਸੀ। ਉਸਦਾ ਚਿਹਰਾ ਉਦਾਸ ਸੀ ਤੇ ਕੁੱਝ ਪ੍ਰੇਸ਼ਾਨ ਵੀ।

ਜੱਸੀ ਵੱਲ ਇਸ਼ਾਰਾ ਕਰਕੇ ਮੈਂ ਪਾਇਲਟ ਨੂੰ ਕਿਹਾ, "ਆਓ, ਮੇਰੀ ਪਤਨੀ ਨੂੰ ਮਿਲੋ।"

"ਓ, ਨਾਈਸ, ਵੈਰੀ ਨਾਈਸ।" ਉਸਨੇ ਕੁੱਝ ਕਦਮ ਜੱਸੀ ਵੱਲ ਚੱਲ ਕੇ ਆਪਣਾ ਹੱਥ ਮਿਲਾਉਣ ਲਈ ਵਧਾਇਆ ਤੇ ਨਾਲ ਹੀ ਬੋਲੀ, "ਨਾਈਸ ਟੂ ਮੀਟ ਯੂ, ਹਾਓ ਆਰ ਯੂ।"

ਜੱਸੀ ਨੇ ਰਸਮੀ ਜਿਹਾ ਹੱਥ ਮਿਲਾਇਆ, "ਓ.ਕੇ., ਫਾਈਨ।" ਤੇ ਐਨਾ ਕਹਿ ਉਹ ਚੁੱਪ ਹੋ ਗਈ। ਮੈਂ ਮਹਿਸੂਸ ਕੀਤਾ ਜੱਸੀ ਨੂੰ ਇਸ ਔਰਤ ਨਾਲ ਹੱਥ ਮਿਲਾਉਂਦਿਆਂ ਕੁੱਝ ਦਿੱਕਤ ਮਹਿਸੂਸ ਹੋਈ। ਉਸਨੇ ਗੱਲਬਾਤ ਨੂੰ ਅੱਗੇ ਵਧਾਉਣ 'ਚ ਕੋਈ ਦਿਲਚਸਪੀ ਨਾ ਵਿਖਾਈ।

ਜੱਸੀ ਤਾਂ ਅੰਦਰ ਹੀ ਅੰਦਰ ਕੁੜ੍ਹ ਰਹੀ ਸੀ ਤੇ ਮਨ 'ਚ ਕੁੱਝ ਉਬਲ ਰਿਹਾ ਸੀ। ਉਹ ਤਾਂ ਸਿਰਫ਼ ਸ਼ਿਸ਼ਟਾਚਾਰ ਵਜੋਂ ਬਾਹਰੋਂ ਨਾਰਮਲ ਰਹਿਣ ਦੀ ਕੋਸ਼ਿਸ਼ ਕਰ ਰਹੀ ਸੀ। ਅੱਜ ਉਹ ਕਿਸੇ ਦੂਸਰੀ ਔਰਤ ਨੂੰ ਬਰਦਾਸ਼ਤ ਕਰਨ ਲਈ ਤਿਆਰ ਹੀ ਨਹੀਂ ਸੀ। ਅੱਜ ਤਾਂ ਬਰਿੱਜ਼ ਅੰਦਰ ਜੱਸੀ ਹੀ ਹੋਣੀ ਸੀ। ਅਰਬੀ ਪਾਇਲਟ ਨੇ ਵਾਰ-ਵਾਰ ਉਸ ਵੱਲ ਵੇਖਣਾ ਸੀ। ਆਨੇ-ਬਹਾਨੇ ਜੱਸੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਨੀ ਸੀ। ਜੱਸੀ ਦੇ ਮਨ ਅੰਦਰ ਕੁਤ-ਕੁਤਾੜੀਆਂ ਹੋਣੀਆਂ ਸਨ ਤੇ ਦਵਿੰਦਰ ਦੇ ਮਨ ਅੰਦਰ ਜਲਣ, ਜਿਸਦਾ ਜੱਸੀ ਨੇ ਮਿੱਠਾ-ਮਿੱਠਾ ਆਨੰਦ ਤੇ ਸਵਾਦ ਲੈਣਾ ਸੀ ਪਰ ਆਹ ਕੀ, ਜੱਸੀ ਨੂੰ ਆਲਾ-ਦੁਆਲਾ ਤੇ ਸਾਰਾ ਮਾਹੌਲ ਹੀ ਖੋਖਲਾ-ਖੋਖਲਾ ਲੱਗਣ ਲੱਗਾ।

ਏਧਰ ਪਾਇਲਟ ਦੇ ਹੁਸਨ ਦਾ ਜਾਦੂ ਕਿ ਮੇਰੇ ਮਨ 'ਚ ਉਸ ਨਾਲ ਗੱਲਾਂ ਕਰਨ ਦੀ ਉਤਸੁਕਤਾ ਵਧ ਰਹੀ ਸੀ। ਇੱਕ ਹੋਰ ਵੱਡੀ ਹੈਰਾਨੀ ਦੀ ਗੱਲ, ਜੋ ਮਨ 'ਚ ਖਟਕ ਰਹੀ ਸੀ, 'ਅਰਬ ਮੁਲਕ ਤੇ ਔਰਤ ਪਾਇਲਟ?' ਇਹ ਗੱਲ ਵੀ ਕੁੱਝ ਅਜੀਬ ਲੱਗੀ ਪਰ ਇਹ ਪਹਿਲਾ ਮੌਕਾ ਸੀ ਕਿ ਲੇਡੀ ਪਾਇਲਟ ਨਾਲ ਵਾਹ ਪਿਆ ਤੇ ਉਹ ਵੀ ਅਰਬ 'ਚ ਜੋ ਮੁਸਲਿਮ ਦੇਸ਼ ਹੈ। ਮੈਂ ਪਾਇਲਟ ਦਾ ਨਾਮ ਪੁੱਛ ਲਿਆ, ਜਿਸਦੀ ਕਿ ਵੈਸੇ ਜ਼ਰੂਰਤ ਨਹੀਂ ਸੀ। ਮੇਰੀ ਗੱਲ ਸੁਣ ਕੇ ਉਹ ਵੀ ਹੈਰਾਨ ਹੋਈ ਤੇ ਬੋਲੀ, "ਮੈਂ ਪਾਇਲਟ ਹਾਂ, ਇਤਨਾ ਕਾਫ਼ੀ ਨਹੀਂ?"

"ਉਹ ਤਾਂ ਠੀਕ ਹੈ, ਇਤਨਾ ਵੀ ਕਾਫ਼ੀ ਹੈ ਪਰ ਮਨ 'ਚ ਕੁੱਝ ਜਾਨਣ ਦੀ ਇੱਛਾ ਹੋਈ, ਇਸੇ ਲਈ।" ਹੋਰ ਕੀ ਕਹਿੰਦਾ।

ਉਹ ਮੇਰੇ ਮਨ 'ਚ ਜਾਗੀ ਜਗਿਆਸਾ ਨੂੰ ਸਮਝ ਗਈ। ਕਹਿੰਦੇ ਨੇ ਔਰਤ ਅੰਦਰ ਇੱਕ ਸੈਂਸ ਵੱਧ ਕੰਮ ਕਰਦੀ ਹੈ। ਉਸਨੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਿਆ, ਥੋੜ੍ਹਾ ਮੁਸਕਰਾਈ ਤੇ ਇਕਦਮ ਰੀਲੈਕਸ ਮੂਡ 'ਚ ਬੋਲੀ, "ਮੇਰਾ ਨਾਮ ਸ਼ੈਲੀ ਹੈ ਤੇ ਮੈਂ ਕੈਥੋਲਿਕ (ਈਸਾਈ) ਹਾਂ।"

"ਥੈਂਕ-ਯੂ, ਗਰੇਟ। ਤੁਸੀਂ ਸਾਰੀ ਹੀ ਸ਼ੰਕਾ ਮਿਟਾ ਦਿੱਤੀ। ਤੁਸੀਂ ਸੁੰਦਰ ਤਾਂ ਹੋ ਹੀ, ਬੜੇ ਸਮਾਰਟ ਵੀ ਲੱਗ ਰਹੇ ਹੋ।"

"ਅੱਛਾ!" ਉਸਨੂੰ ਚੰਗਾ ਲੱਗਾ। ਆਖ਼ਰਕਾਰ ਇੱਕ ਔਰਤ ਸੀ, ਨੌਜਵਾਨ ਸੀ, ਸੁੰਦਰ ਸੀ, ਆਪਣੀ ਤਾਰੀਫ਼ ਸੁਣ ਕੇ ਉਸ ਖ਼ੁਸ਼ ਹੋਣਾ ਹੀ ਸੀ। ਹੁਣ ਉਹ ਬਰਿੱਜ਼ ਅੰਦਰ ਜਦੋਂ ਵੀ ਏਧਰ-ਓਧਰ ਮੂਵ ਕਰਦੀ, ਬੜੇ ਅੰਦਾਜ਼ ਨਾਲ ਕਦਮ ਪੁੱਟਦੀ। ਕੁੱਝ ਮੜਕ, ਕੁੱਝ ਨਜ਼ਾਕਤ, ਕੁੱਝ ਸੂਝ ਦਾ ਪ੍ਰਦਰਸ਼ਨ ਤੇ ਨਾਲ-ਨਾਲ ਹੁਸਨ ਦੇ ਜਲਵੇ ਵੀ ਬਿਖੇਰ ਜਾਂਦੀ। ਛੋਟੇ-ਛੋਟੇ ਵਾਕਾਂ 'ਚ ਗੱਲ ਕਰਦੀ। ਕਈ ਵਾਰ ਮੂੰਹੋਂ ਕੁੱਝ ਨਾ ਬੋਲਦੀ, ਉਸਦੀਆਂ ਅੱਖਾਂ ਹੀ ਗੱਲ ਕਰਦੀਆਂ। ਗੱਲ ਕਰਨ ਦਾ ਅੰਦਾਜ਼ ਤੇ ਬਾਡੀ-ਲੈਂਗੁਇਜ਼ ਕਮਾਲ ਦੀ ਸੀ। ਮੇਰੇ ਮਨ 'ਚ ਉਸ ਲਈ ਇੱਕ ਖ਼ਾਸ ਕਸ਼ਿਸ਼ ਪੈਦਾ ਹੋ ਚੁੱਕੀ ਸੀ।

ਜਹਾਜ਼ ਬਰਥਿੰਗ ਏਰੀਆ 'ਚ ਦਾਖ਼ਲ ਹੋ ਗਿਆ। ਟੱਗ ਜਹਾਜ਼ ਨੂੰ ਧੱਕਾ ਲਾ ਬਰਥ ਨਾਲ ਸੈੱਟ ਕਰਨ ਲੱਗੇ। ਕਰੇਨਾਂ ਤਿਆਰ ਸਨ ਕਿ ਜਿਵੇਂ ਹੀ ਜਹਾਜ਼ ਬੰਨ੍ਹਿਆ ਜਾਵੇ, ਮਾਲ ਲਾਹੁਣਾ ਸ਼ੁਰੂ ਕਰ ਦਿੱਤਾ ਜਾਵੇ।

ਅਖ਼ੀਰ ਜਹਾਜ਼ ਬਰਥ ਨਾਲ ਬੱਝ ਚੁੱਕਾ ਸੀ ਤੇ ਪਾਇਲਟ ਦੇ ਚਿਹਰੇ 'ਤੇ ਕੋਈ ਜੇਤੂ ਮੁਸਕਾਨ ਸੀ। ਮੈਂ ਬਰਥਿੰਗ ਲਈ ਪਾਇਲਟ ਦੀ ਪ੍ਰਸ਼ੰਸਾ ਕੀਤੀ, "ਮੁਬਾਰਕ ਹੋਵੇ, ਤੁਹਾਡਾ ਖ਼ੁਸ਼ ਤੇ ਖਿੜਿਆ ਚਿਹਰਾ ਹੋਰ ਵੀ ਸੁੰਦਰ ਲੱਗ ਰਿਹਾ ਹੈ।"

"ਥੈਂਕ-ਯੂ-ਕੈਪਟਨ। ਦਰਅਸਲ ਅੱਜ ਤੱਕ ਮੈਂ ਹਮੇਸ਼ਾ ਸੀਨੀਅਰ-ਪਾਇਲਟ ਨਾਲ ਸਹਾਇਕ ਬਣ ਕੇ ਆਉਂਦੀ ਸੀ। ਅੱਜ ਪਹਿਲੀ ਵਾਰ ਆਜ਼ਾਦਾਨਾ ਤੌਰ 'ਤੇ ਪਾਇਲਟ ਬਣ ਕੇ ਆਈ ਸੀ। ਦੱਸ ਨਹੀਂ ਸਕਦੀ ਸ਼ੁਰੂ 'ਚ ਕਿੰਨੀ ਘਬਰਾਹਟ ਸੀ ਪਰ ਹੁਣ ਮੈਂ ਬਹੁਤ ਖ਼ੁਸ਼ ਹਾਂ, ਬਹੁਤ ਹੀ ਖ਼ੁਸ਼।" ....ਤੇ ਇਸੇ ਖ਼ੁਸ਼ੀ 'ਚ ਉਸਨੇ ਅਚਾਨਕ ਦੋਵੇਂ ਬਾਹਵਾਂ ਫੈਲਾ ਦਿੱਤੀਆਂ।

'ਅੰਨ੍ਹਾ ਕੀ ਭਾਲੇ, ਦੋ ਅੱਖਾਂ।' ਉਸਦੀ ਖ਼ੁਸ਼ੀ ਨੂੰ ਸਾਂਝੀ ਕਰਦਿਆਂ ਉਸ ਦੀਆਂ ਬਾਹਾਂ 'ਚ ਸਿਮਟ, ਮੈਂ ਵੀ ਉਸਨੂੰ ਜੱਫੀ 'ਚ ਲੈ ਲਿਆ। ਏਨ੍ਹਾਂ ਪਲਾਂ ਨੂੰ ਹੋਰ ਲੰਬੇਰਾ ਕਰਨ ਲਈ ਮੈਂ ਉਸਦੇ ਕੰਨ 'ਚ ਗੱਲ ਕੀਤੀ ਤੇ ਦੱਸਿਆ, "ਮੇਰੀ ਹਾਲਤ ਵੀ ਤੁਹਾਡੇ ਵਰਗੀ ਹੈ। ਬਤੌਰ ਕੈਪਟਨ ਮੇਰੀ ਵੀ ਪਹਿਲੀ ਕਮਾਂਡ ਹੈ।"

"ਓ-ਰੀਅਲੀ!" ਉਸਦੇ ਚਿਹਰੇ ਦਾ ਰੰਗ ਤੇ ਖ਼ੁਸ਼ੀ ਵੇਖਣ ਵਾਲੀ ਸੀ। ਉਸਦੀਆਂ ਬਾਹਵਾਂ ਦਾ ਕਸ ਅਚਾਨਕ ਹੋਰ ਵਧ ਗਿਆ। ਮੈਨੂੰ ਹੋਰ ਘੁੱਟ ਕੇ ਬੋਲੀ, "ਫੇਰ ਤਾਂ ਛੁਪੇ ਰੁਸਤਮ ਨਿਕਲੇ, ਚਿਹਰੇ 'ਤੇ ਕੋਈ ਘਬਰਾਹਟ ਨੀ ਆਉਣ ਦਿੱਤੀ।"

"ਇਹੀ ਗੱਲ ਮੈਂ ਸੋਚ ਰਿਹਾ ਹਾਂ। ਸੱਚ ਕਹਾਂ, ਤੁਹਾਨੂੰ ਦੇਖ ਮਨ 'ਚ ਆਇਆ ਕਿ ਇਹ ਗੁਡੀਆ ਜਹਾਜ਼ ਨੂੰ ਬਰਥ 'ਤੇ ਲੈ ਵੀ ਜਾਵੇਗੀ? ਪਰ ਤੁਹਾਡੇ ਚਿਹਰੇ 'ਤੇ ਕੋਈ ਘਬਰਾਹਟ ਨਹੀਂ ਸੀ।"

ਉਹ ਹੋਰ ਖ਼ੁਸ਼ ਹੋਈ ਤੇ ਥੋੜ੍ਹਾ ਜਿਹਾ ਚਾਂਭਲ ਕੇ ਬੋਲੀ, "ਮੈਂ ਕੋਈ ਗੁਡੀਆ ਨਹੀਂ, ਮੈਂ ਔਰਤ ਹਾਂ।"

"ਕੀ ਕਿਹਾ, ਔਰਤ! ਤੁਸੀਂ ਸ਼ਾਦੀਸ਼ੁਦਾ ਹੋ?"

"ਹਾਂ, ਮੈਂ ਸ਼ਾਦੀਸ਼ੁਦਾ ਹਾਂ ਤੇ ਇੱਕ ਬੱਚੇ ਦੀ ਮਾਂ ਵੀ।"

"ਬੱਚੇ ਦੀ ਮਾਂ ਵੀ....!" ਮੇਰੇ ਲਈ ਇਹ ਦੋ ਝਟਕੇ ਸਨ ਤੇ ਮੈਂ ਮਨ ਹੀ ਮਨ ਕਿਹਾ, 'ਭਾਵੇਂ ਤੂੰ ਬੱਚੇ ਦੀ ਮਾਂ ਹੈਂ ਪਰ ਤੂੰ ਅਜੇ ਵੀ ਕੁਆਰੀਆਂ ਨੂੰ ਮਾਤ ਪਾਉਂਦੀ ਹੈਂ।'

ਗੈਂਗ-ਵੇ (ਜਹਾਜ਼ ਤੋਂ ਬਾਹਰ ਤੱਕ ਪੌੜੀ) ਲੱਗ ਚੁੱਕੀ ਸੀ। ਬਾਹਰ

ਨੌਂਜਵਾਨ ਗੋਰਾ ਛੋਟੇ ਬੱਚੇ ਨੂੰ ਗੋਦੀ ਚੁੱਕੀ ਜਹਾਜ਼ ਵੱਲ ਦੇਖ ਰਿਹਾ ਸੀ। ਪਾਇਲਟ ਉਨ੍ਹਾਂ ਨੂੰ ਵੇਖ ਇਕਦਮ ਚਹਿਕ ਉਠੀ, ਹੱਥ ਹਿਲਾਇਆ ਤੇ ਟਪੂਸੀਆਂ ਮਾਰਦੀ ਗੈਂਗ-ਵੇ ਪਾਰ ਕਰ, ਉਨ੍ਹਾਂ ਕੋਲ ਪਹੁੰਚ ਗਈ।

ਜਹਾਜ਼ ਦੇ ਬਰਥ ਨਾਲ ਲੱਗਣ ਤੱਕ ਜੱਸੀ ਬਰਿੱਜ਼ ਅੰਦਰ ਰਹੀ। ਅੰਦਰੋਂ ਉੱਖੜੀ-ਉੱਖੜੀ ਉਹ ਵੇਖਦੀ ਰਹੀ ਕਿ, 'ਉਸਦਾ ਪਤੀ ਦਵਿੰਦਰ ਉਸਨੂੰ ਅਣਗੌਲਿਆ ਕਰ ਰਿਹਾ ਸੀ ਪਰ ਉਸ ਸਮੇਂ ਤਾਂ ਹੱਦ ਹੀ ਹੋ ਗਈ, ਜਦੋਂ ਗੋਰੀ ਪਾਇਲਟ ਨੇ ਬਾਹਾਂ ਫੈਲਾਈਆਂ ਤੇ ਦਵਿੰਦਰ ਨੇ ਬਗਲਗੀਰ ਹੋਣ ਵਿੱਚ ਕੋਈ ਝਿਜਕ ਮਹਿਸੂਸ ਨਾ ਕੀਤੀ। ਉਸਦੇ ਸਾਹਮਣੇ ਹੀ ਦੋਵੇਂ ਬਗਲਗੀਰ ਹੋ ਗਏ।'

ਜੱਸੀ ਨੂੰ ਝਟਕਾ ਲੱਗਾ। ਉਸ ਦੇ ਅੰਦਰ ਤੜੱਕ ਕਰਕੇ ਕੁੱਝ ਟੁੱਟਿਆ। ਉਹ ਬੇਚੈਨ ਸੀ, ਬਹੁਤ ਬੇਚੈਨ। ਸਮਝ ਨੀ ਸੀ ਪਾ ਰਹੀ ਕੀ ਕਰੇ। 'ਚੁੱਪ ਖੜ੍ਹੀ ਰਹੇ, ਉੱਚੀ-ਉੱਚੀ ਚੀਕੇ, ਪਤੀ ਜਾਂ ਪਾਇਲਟ ਕਿਸੇ ਦੇ ਥੱਪੜ ਮਾਰੇ ਜਾਂ ਕੀ ਕਰੇ।'

ਉਸ ਤੋਂ ਕੁੱਝ ਵੀ ਨਾ ਹੋਇਆ। ਕੁੱਝ ਵੀ ਨਾ ਕਰ ਸਕੀ। ਬੱਸ ਗੁੱਸੇ 'ਚ ਲਾਲ-ਪੀਲੀ ਹੋਈ, ਬਰਿੱਜ਼ ਤੋਂ ਥੱਲੇ ਉੱਤਰ ਕੈਬਿਨ 'ਚ ਚਲੀ ਗਈ। ਗੋਰੀ ਪਾਇਲਟ ਤੇ ਦਵਿੰਦਰ ਦਾ ਬਗਲਗੀਰ ਹੋਣਾ, ਇਹ ਸੀਨ ਅਜੇ ਵੀ ਉਸਦੀਆਂ ਅੱਖਾਂ ਸਾਹਮਣੇ ਤੈਰ ਰਿਹਾ ਸੀ। ਉਸਨੂੰ ਪ੍ਰੇਸ਼ਾਨ ਕਰ ਰਿਹਾ ਸੀ।

ਪਾਇਲਟ ਨੂੰ ਤੋਰ ਕੇ ਮੈਂ ਵਾਪਸ ਆਇਆ ਤਾਂ ਜੱਸੀ ਬਰਿੱਜ਼ 'ਚ ਨਹੀਂ ਸੀ। ਮੈਂ ਕੈਬਿਨ 'ਚ ਚਲਾ ਗਿਆ। ਜੱਸੀ ਚੁੱਪ-ਚਾਪ ਇੱਕ ਕੁਰਸੀ 'ਤੇ ਬੈਠੀ ਸੀ। ਚਿਹਰਾ ਉਦਾਸ ਤੇ ਖਾਲੀ-ਖਾਲੀ। ਉਸਦੇ ਹੱਥ 'ਚ ਇੱਕ ਰਸਾਲਾ ਸੀ। ਉਹ ਪੜ੍ਹ ਨਹੀਂ, ਸਗੋਂ ਐਵੇਂ ਹੀ ਵਰਕਿਆਂ ਨੂੰ ਏਧਰ-ਓਧਰ ਫਰੋਲੀ ਜਾ ਰਹੀ ਸੀ। ਮੈਂ ਉਸਦੇ ਕੋਲ ਜਾ ਕੇ ਖੜ੍ਹਾ ਹੋ ਗਿਆ।

ਉਹ ਉਸੇ ਤਰ੍ਹਾਂ ਚੁੱਪ ਬੈਠੀ ਰਹੀ। ਹੌਲੀ-ਹੌਲੀ ਮੈਂ ਉਸਦੇ ਵਾਲਾਂ 'ਚ ਹੱਥ ਫੇਰਨ ਲੱਗਾ। ਉਹ ਚੁੱਪ ਬੈਠੀ ਰਹੀ। ਮੈਂ ਦੋਵੇਂ ਹੱਥਾਂ ਨਾਲ ਉਸਦੇ ਵਾਲ਼ਾਂ ਨੂੰ ਸਹਿਲਾਉਂਦੇ, ਉਸਦਾ ਸਿਰ ਹਲਕਾ-ਹਲਕਾ ਘੁੱਟਣ ਦੀ ਕੋਸ਼ਿਸ਼ ਕੀਤੀ। ਅਚਾਨਕ ਉਸਨੇ ਮੇਰੇ ਹੱਥ ਝਟਕ ਦਿੱਤੇ।

"ਪਾਇਲਟ ਚਲੀ ਗਈ।" ਉਹ ਹੌਲੀ ਜਿਹੀ ਬੋਲੀ। ਆਵਾਜ਼ ਖ਼ੁਸ਼ਕ, ਜਿਵੇਂ ਇਨਸਾਨ ਨਹੀਂ, ਕਿਸੇ ਪੱਥਰ 'ਚੋਂ ਆਈ ਹੋਵੇ ਜਾਂ ਕਿਸੇ ਡੂੰਘੇ ਖੂਹ 'ਚੋਂ। ਮੈਂ ਚੁੱਪ ਰਿਹਾ।

"ਬਹੁਤ ਸੁੰਦਰ ਸੀ ਨਾ ਉਹ।" ਉਸੇ ਉਦਾਸ ਲਹਿਜ਼ੇ 'ਚ ਉਹ ਫਿਰ ਬੋਲੀ।

"ਹਾਂ ਜੱਸੀ ਸੁੰਦਰ ਤਾਂ ਸੀ....।" ਸੋਚਣ ਲੱਗਾ ਅੱਗੇ ਕੀ ਕਹਾਂ, "....ਪਰ ਤੇਰੇ ਜਿੰਨੀ ਨਹੀਂ।" ਮੌਕੇ 'ਤੇ ਮੈਥੋਂ ਇਹੀ ਕਹਿ ਹੋਇਆ। ਦਰਅਸਲ

ਇਸ ਤਰ੍ਹਾਂ ਦੇ ਸਵਾਲ-ਜਵਾਬ ਲਈ ਮੈਂ ਤਿਆਰ ਹੀ ਨਹੀਂ ਸੀ। ਮੈਂ ਤਾਂ ਅਜੇ ਵੀ ਪਾਇਲਟ ਨਾਲ ਕੀਤੀਆਂ ਗੱਲਾਂ ਤੇ ਉਸ ਨਾਲ ਬਿਤਾਏ ਪਲਾਂ ਦੇ ਸਮੁੰਦਰ 'ਚ ਗੋਤੇ ਖਾ ਰਿਹਾ ਸੀ।

ਸਮੇਂ ਦੀ ਨਜ਼ਾਕਤ ਨੂੰ ਸਮਝਣ ਤੇ ਜਾਣਨ ਤੋਂ ਬਗੈਰ ਹੀ, ਮੈਂ ਕੁਰਸੀ ਉੱਪਰ ਬੈਠੀ ਜੱਸੀ ਨੂੰ ਆਪਣੀਆਂ ਬਾਹਾਂ ਦੇ ਕਲਾਵੇ 'ਚ ਲੈਣ ਦੀ ਕੋਸ਼ਿਸ਼ ਕੀਤੀ। ਉਹ ਇਕਦਮ ਕੁਰਸੀ ਤੋਂ ਉੱਠੀ ਤੇ ਪਰ੍ਹੇ ਹੋ ਕੇ ਸੋਫੇ 'ਤੇ ਜਾ ਬੈਠੀ।

ਜਦੋਂ ਮੈਂ ਜੱਸੀ ਵੱਲ ਮੁੜਿਆ ਤਾਂ ਉਹ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਬੋਲੀ, "ਪਾਇਲਟ ਨਾਲ ਜੱਫੀ ਪਾ ਕੇ ਜੀਅ ਨਹੀਂ ਭਰਿਆ।" ਉਸਦੀ ਆਵਾਜ਼ ਤਲਖ਼ ਤੇ ਭਾਰੀ ਸੀ। ਉਹ ਕੁੱਝ ਹੋਰ ਕਹਿਣਾ ਚਾਹੁੰਦੀ ਸੀ ਪਰ ਸ਼ਾਇਦ ਕਹਿ ਨਾ ਹੋਇਆ। ਉਸਨੇ ਆਪਣੇ ਬੁੱਲ੍ਹਾਂ ਨੂੰ ਇਸ ਤਰ੍ਹਾਂ ਘੁੱਟਿਆ, ਜਿਵੇਂ ਕੋਈ ਗਹਿਰੀ ਪੀੜ ਹੋਈ ਹੋਵੇ। ਉਸਨੇ ਗਲ ਦੇ ਅੰਦਰ ਹੀ ਅੰਦਰ, ਔਖੀ ਕੋਈ ਘੁੱਟ ਜਿਹੀ ਭਰੀ ਤੇ ਚੁੱਪ ਰਹੀ। ਉਹ ਬਹਤ ਪ੍ਰੇਸ਼ਾਨ ਸੀ।

ਮੈਨੂੰ ਉਥੇ ਖੜ੍ਹਾ ਰਹਿਣਾ ਬੜਾ ਔਖਾ ਲੱਗਿਆ। ਪਹਿਲੀ ਵਾਰ ਜੱਸੀ ਨੂੰ ਇਸ ਤਰ੍ਹਾਂ ਉਦਾਸ ਤੇ ਪ੍ਰੇਸ਼ਾਨ ਵੇਖ ਰਿਹਾ ਸੀ। ਉਹ ਬਹੁਤ ਹੀ ਅਸਹਿਜ ਸੀ। ਮੈਨੂੰ ਜੱਸੀ ਕੋਲੋਂ ਡਰ ਜਿਹਾ ਆਉਣ ਲੱਗਾ।

ਚੰਗਾ ਹੁੰਦਾ ਕੁੱਝ ਚਿਰ ਲਈ ਜੱਸੀ ਨੂੰ ਇਕੱਲਿਆਂ ਛੱਡ, ਮੈਂ ਵਾਪਸ ਬਰਿੱਜ਼ ਵਿੱਚ ਚਲਾ ਜਾਂਦਾ। ਸ਼ਾਇਦ ਹੌਲੀ-ਹੌਲੀ ਉਹ ਸਹਿਜ ਹੋ ਜਾਂਦੀ। ਮੈਂ ਇਹ ਵੀ ਨਾ ਕਰ ਸਕਿਆ। ਉਸ ਦੀ ਹਾਲਤ ਵੇਖ ਮੈਂ ਜੱਸੀ ਨਾਲੋਂ ਵੀ ਵੱਧ ਅਸਹਿਜ ਹੋ ਗਿਆ। ਸੋਫੇ 'ਤੇ ਉਸਦੇ ਕੋਲ ਬੈਠ ਗਿਆ ਤੇ ਨਾਲ ਇਹ ਵੀ ਕਹਿ ਬੈਠਾ, "ਜੱਸੀ ਆਪਾਂ ਬਾਹਰ ਘੁੰਮਣ ਚਲਦੇ ਹਾਂ, ਮੈਂ ਗੱਡੀ ਮੰਗਵਾਈ ਹੈ।"

ਇਹ ਸੁਣਦੇ ਸਾਰ ਉਸਨੇ ਘੂਰ ਕੇ ਮੇਰੇ ਵੱਲ ਵੇਖਿਆ ਪਰ ਅਜੇ ਵੀ ਉਹ ਆਪਣੇ ਆਪ 'ਤੇ ਕੰਟਰੋਲ ਰੱਖਣ ਦੀ ਕੋਸ਼ਿਸ਼ ਕਰ ਰਹੀ ਸੀ, "ਨਹੀਂ....ਕਿਤੇ ਜਾਣ ਦਾ ਮੇਰਾ ਮੂਡ ਨਹੀਂ, ਤੁਸੀਂ ਜਾਓ।" ਉਹ ਉੱਚੀ ਆਵਾਜ਼ 'ਚ ਬੋਲੀ ਸੀ।

ਮੈਂ ਫਿਰ ਵੀ ਨਾ ਸਮਝਿਆ ਤੇ ਕੁੱਝ ਮਰਦਾਂ ਵਾਲਾ ਰੰਗੜਾਊਪੁਣਾ।

"ਠੀਕ ਹੈ ਤੇਰਾ ਮੂਡ ਨਹੀਂ ਤਾਂ ਮੈਂ ਵੀ ਕੈਂਸਲ ਕਰ ਦਿੰਦਾ ਹਾਂ ਪਰ ਮੈਂ ਸੋਚਦਾ ਸੀ, ਅੱਜ ਤੂੰ ਨਵਾਂ ਸੂਟ ਪਾਇਆ ਹੈ, ਸੋਹਣਾ ਵੀ ਬਹੁਤ ਲੱਗਦੈਂ, ਆਪਾਂ ਇਸ ਨਵੇਂ ਸੂਟ ਨਾਲ ਇਸ ਨਵੇਂ ਸ਼ਹਿਰ 'ਚ ਘੁੰਮ ਕੇ ਆਉਂਦੇ।"

ਨਵੇਂ ਸੂਟ ਦਾ ਨਾਂ ਸੁਣਦੇ ਸਾਰ ਉਸਦੇ ਚਿਹਰੇ ਦਾ ਰੰਗ ਇਕਦਮ ਬਦਲ ਗਿਆ। ਅੱਖਾਂ ਲਾਲ ਅੰਗਿਆਰ ਵਾਂਗ ਦਗਣ ਲੱਗੀਆਂ। ਬੁੱਲ੍ਹ ਫਟਕਣ ਲੱਗੇ। ਹੱਥ ਤੇ ਸਾਰਾ ਸਰੀਰ ਕੰਬਣ ਲੱਗਾ। ਉਹ ਜੱਸੀ ਨਾ ਹੋ ਕੇ ਕੁੱਝ ਹੋਰ

ਹੀ ਲੱਗਣ ਲੱਗੀ।

ਵੇਖਦੇ ਹੀ ਵੇਖਦੇ ਉਸੇ ਤਰ੍ਹਾਂ ਕੰਬਦੀ ਉਹ ਝਟਕੇ ਨਾਲ ਉੱਠੀ। ਇੱਕ ਸ਼ੀਹਣੀ ਵਾਂਗ ਚਿੱਲਾਈ, "ਕੀ ਸਮਝਿਆ ਹੈ ਮੈਨੂੰ। ਇੱਕ ਹੱਡ-ਮਾਸ ਦਾ ਪੁਤਲਾ। ਜੀਅ ਕੀਤਾ ਨੋਚ ਲਿਆ, ਜੀਅ ਕੀਤਾ ਦੁਰਕਾਰਤਾ। ਮੈਂ ਤੁਹਾਡੀ ਪਤਨੀ ਹਾਂ, ਪਤਨੀ। ਔਰਤ ਚਾਰਦੀਵਾਰੀ ਦੇ ਅੰਦਰ ਪਤੀ ਦੀਆਂ ਕਈ ਵਧੀਕੀਆਂ ਨੂੰ ਅਣਗੌਲਿਆ ਤੇ ਸਹਿਣ ਕਰਨ ਦਾ ਮਾਦਾ ਰੱਖਦੀ ਹੈ....ਦਵਿੰਦਰ, ਖੁੱਲ੍ਹੇਆਮ ਐਸੀ ਬੇਇੱਜ਼ਤੀ ਨਹੀਂ, ਜਿਸ ਤਰ੍ਹਾਂ ਅੱਜ ਕੀਤਾ ਹੈ।

"ਹੁਣ ਨਵਾਂ ਸੂਟ ਯਾਦ ਆ ਗਿਆ। ਹੈਲ ਵਿਦ ਦਾ ਨਿਊ ਸੂਟ।"

ਐਨਾ ਕਹਿ ਉਸਨੇ ਦੋਵੇਂ ਹੱਥ ਆਪਣੇ ਗਲਾਵੇਂ 'ਚ ਪਾਏ, ਘੁੱਟ ਕੇ ਗਲਾਵੇਂ ਨੂੰ ਫੜਿਆ ਤੇ ਫਿਰ ਪੂਰੇ ਜ਼ੋਰ ਦੀ ਗਲਾਵਾਂ ਖਿਚ ਕੇ ਕਮੀਜ਼ ਨੂੰ ਥੱਲੇ ਤੱਕ ਪਾੜ ਦਿੱਤਾ ਤੇ ਉਹ ਮੇਰੇ ਸਾਹਮਣੇ ਤਣੀ ਖੜ੍ਹੀ ਸੀ।

ਜੱਸੀ ਦਾ ਅਜਿਹਾ ਭਿਆਨਕ ਤੇ ਵਿਕਰਾਲ ਰੂਪ ਮੈਂ ਪਹਿਲੀ ਵਾਰ ਵੇਖਿਆ। ਮੈਂ ਤਾਂ ਸੁੰਨ ਹੀ ਹੋ ਗਿਆ। ਮੈਥੋਂ ਉਸਦੇ ਕੰਬਦੇ ਸਰੀਰ ਤੇ ਲਾਲ ਅੱਖਾਂ ਵੱਲ ਵੇਖ ਨਾ ਹੋਇਆ। ਚੁੱਪਚਾਪ ਮੇਰੀਆਂ ਨਜ਼ਰਾਂ ਨੀਵੀਆਂ ਹੋ ਗਈਆਂ ਤੇ ਅਚਾਨਕ ਸਿਰ ਵੀ ਝੁਕ ਗਿਆ।

# ਫ਼ੈਸਲੇ ਦੀ ਘੜੀ

ਸਾਗਰ ਏਅਰ-ਲਾਈਨ ਵੱਲੋਂ ਇੰਟਰਵਿਊ ਦਾ ਸੁਨੇਹਾ ਆਉਣ 'ਤੇ ਉਹ ਚਹਿਕ ਉਠੀ। ਆਉਣ-ਜਾਣ ਦਾ ਖਰਚਾ ਤੇ ਠਹਿਰਨ ਦਾ ਸਾਰਾ ਪ੍ਰਬੰਧ ਕੰਪਨੀ ਦਾ ਸੀ। "ਮੰਮੀ-ਮੰਮੀ, ਦੇਖੋ ਬਹੁਤ ਚੰਗੀ ਖ਼ਬਰ ਹੈ, ਖ਼ੁਸ਼ਖ਼ਬਰੀ! ਮੈਨੂੰ ਸਾਗਰ ਏਅਰ-ਲਾਈਨ ਵਿੱਚ ਨੌਕਰੀ ਮਿਲਣ ਜਾ ਰਹੀ ਹੈ। ਬੁਰੇ ਦਿਨ ਖ਼ਤਮ ਤੇ ਚੰਗੇ ਦਿਨ ਸ਼ੁਰੂ।" ਇਹ ਕਹਿੰਦਿਆਂ ਉਹ ਮਾਂ ਦੇ ਗਲੇ ਚਿੰਬੜ ਗਈ।

ਮਾਂ ਨੇ ਅੰਜਲੀ ਨੂੰ ਬੁੱਕਲ ਵਿੱਚ ਘੁੱਟ ਲਿਆ। ਮੱਥਾ ਚੁੰਮਿਆ, ਪਿੱਠ ਥਾਪੜੀ ਤੇ ਖ਼ੁਸ਼ ਹੋ ਕੇ ਬੋਲੀ, "ਮੇਰੀ ਬੱਚੀ ਮੈਨੂੰ ਤੇਰੇ 'ਤੇ ਮਾਣ ਹੈ, ਪਤਾ ਸੀ ਤੂੰ ਇੱਕ ਦਿਨ ਜ਼ਰੂਰ ਕਾਮਯਾਬ ਹੋਵੇਂਗੀ।"

"ਹਾਂ ਮੰਮੀ, ਤੁਹਾਡਾ ਆਸ਼ੀਰਵਾਦ ਜੋ ਮੇਰੇ ਨਾਲ ਹੈ, ਮੈਂ ਜ਼ਰੂਰ ਕਾਮਯਾਬ ਹੋਵਾਂਗੀ।"

"ਪਰ ਬੇਟੀ ਤੂੰ ਤਾਂ ਕਹਿੰਦੀ ਸੀ ਪਹਿਲਾਂ ਇੰਟਰਵਿਊ ਹੋਵੇਗੀ?" ਥੋੜ੍ਹਾ ਸੋਚ ਕੇ ਮੰਮੀ ਨੇ ਪੁੱਛਿਆ।

"ਮੰਮੀ ਇਹ ਇੰਟਰਵਿਊ ਦਾ ਸੁਨੇਹਾ ਹੀ ਹੈ ਪਰ ਇੰਟਰਵਿਊ 'ਤੇ ਜਾਵਾਂਗੀ ਤਾਂ ਨੌਕਰੀ ਵੀ ਮਿਲ ਜਾਏਗੀ, ਕੋਈ ਉਮੀਦ ਤਾਂ ਹੋਈ। ਤੂੰ ਹੀ ਤਾਂ ਕਹਿੰਦੀ ਰਹਿੰਦੀ ਹੈਂ 'ਸਮਾਂ ਹਮੇਸ਼ਾ ਇੱਕੋ ਜਿਹਾ ਨਹੀਂ ਰਹਿੰਦਾ।' ਮੰਮੀ ਫ਼ਿਕਰ ਨਾ ਕਰੋ, ਆਪਣਾ ਵੀ ਸਮਾਂ ਬਦਲਣ ਵਾਲਾ ਹੈ, ਨੌਕਰੀ ਵੀ ਮਿਲੇਗੀ।" ਬੜੇ ਵਿਸ਼ਵਾਸ ਨਾਲ ਇਹ ਕਹਿੰਦਿਆਂ ਉਸਨੇ ਆਪਣੀ ਮਾਂ ਦਾ ਮੱਥਾ ਚੁੰਮਿਆ ਤੇ ਖ਼ੁਸ਼ੀ-ਖ਼ੁਸ਼ੀ ਅੰਦਰ ਨੂੰ ਚਲੀ ਗਈ।

"ਬੇਟੀ ਆਰਾਮ ਨਾਲ ਸੋਚ ਕੇ, ਜਿਸ-ਜਿਸ ਚੀਜ਼ ਦੀ ਵੀ ਜ਼ਰੂਰਤ ਪੈ ਸਕਦੀ ਹੈ, ਸਭ ਹੁਣੇ ਤੋਂ ਸੋਚ ਲੈਣਾ।"

"ਮੰਮੀ ਫ਼ਿਕਰ ਮੱਤ ਕਰੋ, ਮੈਂ ਸਭ ਸੰਭਾਲ ਲਵਾਂਗੀ।"

ਇੰਟਰਵਿਊ ਕਾਲ ਕੀ ਆਈ ਕਿ ਅੰਜਲੀ ਦੇ ਮਨ ਵਿੱਚ ਹੁਣੇ ਤੋਂ ਹੀ ਲੱਡੂ ਫੁੱਟਣ ਲੱਗੇ, 'ਇੱਕ ਵਾਰ ਸਾਗਰ ਏਅਰ-ਲਾਈਨ 'ਚ ਨੌਕਰੀ ਮਿਲ ਜਾਵੇ, ਮੰਮੀ ਦੇ ਸਾਰੇ ਕੰਮ ਬੰਦ। ਮੁੰਬਈ-ਗੋਆ ਸੈਕਟਰ ਫਲਾਈਟ ਤੇ ਏਅਰ-ਹੋਸਟੈਸ ਬਣ ਕੇ ਜਦ ਮੈਂ ਉਡਾਨ ਭਰੀ ਤਾਂ ਮੰਮੀ ਨੂੰ ਵੀ ਨਾਲ ਸੈਰ ਕਰਾਵਾਂਗੀ। ਮੰਮੀ ਨੂੰ ਗੋਆ ਤੋਂ ਮੁੰਬਈ ਜਹਾਜ਼ 'ਤੇ ਹੀ ਲੈ ਕੇ ਜਾਵਾਂਗੀ। ਭਰਾ ਨੂੰ ਵੀ ਹਵਾਈ

ਜਹਾਜ਼ ਦੇ ਝੂਟੇ ਦਿਵਾਉਣੇ ਨੇ।' ਮਨ ਹੀ ਮਨ ਹੋਰ ਵੀ ਬੜਾ ਕੁੱਝ ਸੋਚਣ ਲੱਗ ਪਈ, ਜਿਵੇਂ ਏਅਰ-ਹੋਸਟੈਸ ਬਣ ਗਈ ਹੋਵੇ।

ਇੰਟਰਵਿਊ ਦੀ ਪੂਰੀ ਤਿਆਰੀ ਕਰ ਅੰਜਲੀ ਮੁੰਬਈ ਪਹੁੰਚ ਗਈ। ਅਜੇ ਥੋੜ੍ਹਾ ਚਿਰ ਪਹਿਲਾਂ ਹੀ ਉਹ ਦੱਸੇ ਹੋਟਲ ਦੇ ਕਮਰੇ ਵਿੱਚ ਪਹੁੰਚੀ ਸੀ। ਇੰਟਰਵਿਊ ਕਾਲ ਮਿਲਣ ਤੋਂ ਲੈ ਕੇ ਹੋਟਲ ਦੇ ਕਮਰੇ ਵਿੱਚ ਪਹੁੰਚਣ ਤੱਕ ਉਹ ਪੂਰੀ ਖ਼ੁਸ਼ ਸੀ। ਸਫ਼ਰ ਦੌਰਾਨ ਥਕਾਵਟ ਹੋਣਾ ਸੁਭਾਵਿਕ ਹੈ। ਕਮਰੇ ਵਿੱਚ ਆਉਂਦੇ ਹੀ ਉਸਨੇ ਆਪਣਾ ਹੈਂਡ-ਬੈਗ ਤੇ ਛੋਟਾ ਸੂਟਕੇਸ ਇੱਕ ਪਾਸੇ ਰੱਖ ਦਿੱਤਾ ਤੇ ਸੋਫੇ 'ਤੇ ਹੀ ਢੇਰੀ ਹੋ ਗਈ। ਖ਼ੁਸ਼ੀ-ਖ਼ੁਸ਼ੀ ਸੋਚਣ ਲੱਗੀ, 'ਏਥੇ ਤੱਕ ਤਾਂ ਪਹੁੰਚ ਗਈ, ਅੱਗੇ ਦੇਖਦੇ ਹਾਂ ਕੀ ਬਣਦਾ ਹੈ, ਥੋੜ੍ਹਾ ਲੱਕ ਸਿੱਧਾ ਕਰ ਲਵਾਂ।'

ਲੱਕ ਸਿੱਧਾ ਕਰਨ ਲਈ ਲੇਟੀ ਪਰ ਥਕਾਵਟ ਕਾਰਨ ਉਸਦੀ ਅੱਖ ਲੱਗ ਗਈ। ਅੱਖ ਖੁੱਲ੍ਹੀ ਤਾਂ ਡੇਢ ਘੰਟਾ ਬੀਤ ਚੁੱਕਾ ਸੀ। ਹੈਰਾਨ ਹੋਈ, ਡੇਢ ਘੰਟਾ ਕਿਵੇਂ ਬੀਤ ਗਿਆ ਪਤਾ ਹੀ ਨਾ ਲੱਗਾ। ਆਪਣੇ ਆਪ 'ਤੇ ਗੁੱਸਾ ਵੀ ਆਇਆ ਕਿ ਜਿਸ ਮਕਸਦ ਲਈ ਇੱਕ ਦਿਨ ਪਹਿਲਾਂ ਆਈ ਹਾਂ, ਉਸ ਬਾਰੇ ਸੋਚਣਾ ਚਾਹੀਦਾ ਹੈ। ਕੁੱਝ ਕਰਨਾ ਚਾਹੀਦਾ ਹੈ ਤੇ ਮੈਂ ਏਥੇ ਆ ਕੇ ਵੀ ਸੌਂ ਰਹੀ ਹਾਂ।

ਫਟਾ-ਫਟ ਸੂਟਕੇਸ 'ਚ ਫੋਲਾ-ਫਾਲੀ ਕਰਨ ਲੱਗੀ। ਜਲਦੀ ਤਿਆਰ ਹੋ ਉਹ ਆਪਣੀ ਸਹੇਲੀ ਸ਼ਿਲਪੀ ਕੋਲ ਜਾਣਾ ਚਾਹੁੰਦੀ ਸੀ। ਸ਼ਿਲਪੀ ਵੀ ਗੋਆ ਤੋਂ ਸੀ, ਜੋ ਦੋ ਕੁ ਸਾਲ ਪਹਿਲਾਂ ਮੁੰਬਈ ਆਈ ਸੀ ਤੇ ਅੱਜ ਕੱਲ੍ਹ ਮਾਡਲਿੰਗ ਵਿੱਚ ਕਿਸਮਤ ਅਜ਼ਮਾ ਰਹੀ ਸੀ।

ਉਹ ਜਲਦੀ ਨਾਲ ਬਾਥਰੂਮ ਗਈ ਤੇ ਫਰੈੱਸ਼ ਹੋ ਕੇ ਬਾਹਰ ਆ ਗਈ। ਹੁਣ ਉਹ ਤਰੋ-ਤਾਜ਼ਾ ਮਹਿਸੂਸ ਕਰ ਰਹੀ ਸੀ। ਕੱਪੜੇ ਬਦਲੇ, ਹਲਕਾ ਮੇਕ-ਅੱਪ ਕੀਤਾ, ਬਾਕੀ ਸਾਮਾਨ ਵਾਪਸ ਸੂਟਕੇਸ ਵਿੱਚ ਰੱਖਿਆ ਤੇ ਕੁੱਝ ਜ਼ਰੂਰੀ ਆਈਟਮਾਂ ਸ਼ੀਸ਼ੇ ਦੇ ਸਾਹਮਣੇ ਟਿਕਾ ਦਿੱਤੀਆਂ।

ਬਾਹਰ ਜਾਣ ਤੋਂ ਪਹਿਲਾਂ ਫਿਰ ਸ਼ੀਸ਼ੇ ਅੱਗੇ ਖਲੋ ਆਪਣੇ ਆਪ ਨੂੰ ਨਿਹਾਰਿਆ। ਸ਼ੀਸ਼ੇ ਅੰਦਰਲਾ ਅਕਸ ਉਸਨੂੰ ਸੋਹਣਾ-ਸੋਹਣਾ ਲੱਗਿਆ। ਮਨ ਹੀ ਮਨ ਮੁਸਕਰਾਈ ਤੇ ਨਖ਼ਰਾ ਜਿਹਾ ਕੀਤਾ। ਸ਼ੀਸ਼ੇ ਵਿਚਲੇ ਅਕਸ ਨੇ ਵੀ ਐਸਾ ਹੀ ਕੀਤਾ। ਉਹ ਖੁੱਲ੍ਹ ਕੇ ਹੱਸ ਪਈ।

ਉਹ ਅਜੇ ਸ਼ੀਸ਼ੇ ਅੱਗੇ ਹੀ ਖੜ੍ਹੀ ਸੀ ਕਿ ਦਰਵਾਜ਼ੇ 'ਤੇ ਹਲਕੀ ਟਕ-ਟਕ ਹੋਈ। ਅੰਜਲੀ ਦਾ ਧਿਆਨ ਇਕ-ਦਮ ਦਰਵਾਜ਼ੇ ਵੱਲ ਗਿਆ। ਸੋਚਣ ਲੱਗੀ, 'ਮੈਂ ਤਾਂ ਕਿਸੇ ਨੂੰ ਬੁਲਾਇਆ ਨਹੀਂ। ਰੂਮ-ਸਰਵਿਸ ਨੂੰ ਵੀ ਕੋਈ ਆਰਡਰ ਨਹੀਂ ਕੀਤਾ। ਕਿਸੇ ਨਾਲ ਮਿਲਣ ਦੀ ਵੀ ਕੋਈ ਗੱਲ ਨਹੀਂ ਹੋਈ। ਕੌਣ ਹੋ

ਸਕਦਾ ਹੈ? ਸ਼ਾਇਦ ਰੂਮ-ਸਰਵਿਸ ਹੀ ਹੋਵੇ।'

ਉਹ ਦਰਵਾਜ਼ੇ ਵੱਲ ਗਈ ਤੇ ਕੋਲ ਪਹੁੰਚ ਕੇ ਬੋਲੀ, "ਕੌਣ?"

"ਜੀ ਮੈਂ, ਮੈਡਮ ਜੀ ਮੇਰਾ ਨਾਮ ਸੁਰੇਸ਼ ਹੈ। ਮੈਂ ਤੁਹਾਡੀ ਸੇਵਾ ਲਈ ਤੇ ਮੱਦਦ ਲਈ ਆਇਆ ਹਾਂ।"

"ਸੇਵਾ ਲਈ ਤੇ ਮੱਦਦ ਲਈ!" ਅੰਜਲੀ ਹੈਰਾਨ।

ਅੰਜਲੀ ਨੇ ਚੇਨ-ਕੁੰਡੀ ਲਾ ਕੇ ਦਰਵਾਜ਼ਾ ਥੋੜ੍ਹਾ ਜਿਹਾ ਖੋਲ੍ਹਿਆ ਤੇ ਸਿਰ ਟੇਢਾ ਕਰਕੇ ਬਾਹਰ ਵੱਲ ਦੇਖਿਆ। ਬਾਹਰ ਇੱਕ ਨੌਜਵਾਨ ਲੜਕਾ ਖੜ੍ਹਾ ਸੀ। ਆਮ ਜਿਹਾ ਚਿਹਰਾ, ਕੁੱਝ ਖਾਲੀ-ਖਾਲੀ, ਅੱਖਾਂ 'ਚ ਮੱਧਮ ਜਿਹੀ ਲਿਸ਼ਕ, ਤੇ ਨਿਮਰਤਾ ਦੇ ਰਲੇ-ਮਿਲੇ ਪ੍ਰਭਾਵ। ਚਿਹਰੇ 'ਤੇ ਸਾਦਗੀ।

ਸੋਚਣ ਲੱਗੀ, 'ਰੂਮ-ਸਰਵਿਸ ਤਾਂ ਨਹੀਂ ਲੱਗਦਾ। ਕੋਈ ਵਰਦੀ ਨਹੀਂ। ਮੈਂ ਕਿਸੇ ਸੁਰੇਸ਼ ਨੂੰ ਏਥੇ ਜਾਣਦੀ ਵੀ ਨਹੀਂ।'

"ਕੀ ਰੂਮ-ਸਰਵਿਸ ਵਾਲੇ ਹੋ?" ਫਿਰ ਵੀ ਬਿਨਾਂ ਕਿਸੇ ਉਤੇਜਨਾ ਦੇ ਅੰਜਲੀ ਨੇ ਪੁੱਛਿਆ।

"ਜੀ ਨਹੀਂ, ਪਰ ਤੁਸੀਂ ਕੁੱਝ ਵੀ ਸਮਝ ਸਕਦੇ ਹੋ। ਮੈਂ ਆਪ ਜੀ ਦੀ ਮੱਦਦ ਕਰਨਾ ਚਾਹੁੰਦਾ ਹਾਂ। ਤੁਹਾਡੇ ਲਈ ਇੱਕ ਖ਼ਾਸ ਸੰਦੇਸ਼ ਵੀ ਹੈ। ਇਸੇ ਲਈ ਆਪ ਜੀ ਦੇ ਪਾਸ ਆਇਆ ਹਾਂ।"

'ਮੱਦਦ! ਸੰਦੇਸ਼! ਕੌਣ ਹੈ ਇਹ? ਕੀ ਮੱਦਦ ਕਰਨੀ ਚਾਹੁੰਦਾ ਹੈ। ਕਿਉਂ ਮੱਦਦ ਕਰਨੀ ਚਾਹੁੰਦਾ ਹੈ। ਬਿਨ ਬੁਲਾਏ, ਜਾਣ ਨਾ ਪਹਿਚਾਣ, ਮੈਂ ਤੇਰਾ ਮਹਿਮਾਨ।' ਅੰਜਲੀ ਹੈਰਾਨ ਹੋਈ।

ਅਜੇ ਤੱਕ ਦਰਵਾਜ਼ਾ ਥੋੜ੍ਹਾ ਹੀ ਖੁੱਲ੍ਹਾ ਸੀ ਤੇ ਚੇਨ-ਕੁੰਡੀ ਲੱਗੀ ਹੋਈ ਸੀ। ਉਹ ਦੋਵੇਂ ਇੱਕ ਦੂਜੇ ਨੂੰ ਦੇਖ ਰਹੇ ਸਨ। ਅੰਜਲੀ ਨੇ ਟਾਲਣਾ ਹੀ ਠੀਕ ਸਮਝਿਆ ਤੇ ਬੋਲੀ, "ਧੰਨਵਾਦ, ਮੈਨੂੰ ਕਿਸੇ ਮੱਦਦ ਦੀ ਜ਼ਰੂਰਤ ਨਹੀਂ, ਤੁਸੀਂ ਜਾ ਸਕਦੇ ਹੋ। ਅਗਰ ਜ਼ਰੂਰਤ ਹੋਈ ਤਾਂ ਮੈਂ ਰੂਮ-ਸਰਵਿਸ ਨੂੰ ਦੱਸ ਦੇਵਾਂਗੀ।" ਤੇ ਉਹ ਅੰਦਰ ਨੂੰ ਹੋ ਕੇ ਦਰਵਾਜ਼ਾ ਬੰਦ ਕਰਨ ਲੱਗੀ।

"ਜੀ ਤੁਸੀਂ ਸਾਗਰ ਏਅਰ-ਲਾਈਨ ਦੀ ਇੰਟਰਵਿਊ ਲਈ ਆਏ ਹੋ ਨਾ। ਮੈਂ ਸੱਚਮੁੱਚ ਤੁਹਾਡੀ ਮੱਦਦ ਕਰਨਾ ਚਾਹੁੰਦਾ ਹਾਂ। ਤੁਸੀਂ ਮੈਨੂੰ ਆਪਣਾ ਦੋਸਤ ਸਮਝੋ ਜਾਂ ਕੁੱਝ ਵੀ ਪਰ ਪਲੀਜ਼, ਇੱਕ ਵਾਰ ਮੇਰੀ ਗੱਲ ਜ਼ਰੂਰ ਸੁਣ ਲਵੋ।" ਸੁਰੇਸ਼ ਦੀ ਆਵਾਜ਼ ਵਿੱਚ ਤਰਲਾ ਸੀ, ਨਿਮਰਤਾ ਸੀ ਤੇ ਮਿਠਾਸ ਵੀ।

ਇਸਤੋਂ ਪਹਿਲਾਂ ਕਿ ਅੰਜਲੀ ਦਰਵਾਜ਼ਾ ਬੰਦ ਕਰਕੇ ਕੁੰਡੀ ਲਾ ਦਿੰਦੀ, ਸੁਰੇਸ਼ ਦੇ ਮੂੰਹੋਂ ਇਹ ਗੱਲਾਂ ਸੁਣ ਕੇ ਉਹ ਹੋਰ ਹੈਰਾਨ ਹੋਈ, 'ਇਸ ਲੜਕੇ ਨੂੰ ਕਿਵੇਂ ਪਤਾ ਕਿ ਮੈਂ ਸਾਗਰ ਏਅਰ-ਲਾਈਨ ਦੀ ਇੰਟਰਵਿਊ ਲਈ ਆਈ ਹਾਂ? ਇਸਨੂੰ ਕਿੱਥੋਂ ਪਤਾ ਲੱਗਾ ਕਿ ਮੈਂ ਇਸ ਕਮਰੇ ਵਿੱਚ ਰੁਕੀ ਹਾਂ? ਕੌਣ ਹੋ ਸਕਦਾ

ਹੈ? ਸ਼ਕਲ-ਸੂਰਤ ਤੋਂ ਕੋਈ ਗੁੰਡਾ ਬਦਮਾਸ਼ ਵੀ ਨੀ ਲੱਗਦਾ, ਫਿਰ ਏਥੇ ਕਿਵੇਂ?' ਅੰਜਲੀ ਦੇ ਮਨ 'ਚ ਸੁਰੇਸ਼ ਬਾਰੇ ਕੁੱਝ-ਕੁੱਝ ਸ਼ੱਕ ਤੇ ਕੁੱਝ ਦਿਲਚਸਪੀ ਪੈਦਾ ਹੋਣ ਲੱਗੀ।

ਅੰਜਲੀ ਨੇ ਪਲ ਭਰ ਸੋਚਿਆ ਤੇ ਫਿਰ ਬਿਨਾਂ ਝਿਜਕ ਕਮਰੇ ਦਾ ਪੂਰਾ ਦਰਵਾਜ਼ਾ ਖੋਲ੍ਹ ਦਿੱਤਾ। ਹੁਣ ਉਹ ਪੂਰੇ ਦੇ ਪੂਰੇ ਇੱਕ ਦੂਜੇ ਦੇ ਸਾਹਮਣੇ ਖੜ੍ਹੇ ਸਨ, "ਹਾਂ ਮਿਸਟਰ ਸੁਰੇਸ਼, ਤੂੰ ਜੋ ਵੀ ਹੈਂ, ਲੱਗਦਾ ਹੈ ਆਸੇ-ਪਾਸੇ ਦੀ ਕਾਫ਼ੀ ਜਾਣਕਾਰੀ ਰੱਖਦਾ ਹੈਂ। ਮੈਂ ਹੈਰਾਨ ਹਾਂ ਕਿ ਮੇਰੇ ਬਾਰੇ ਇਹ ਸਭ ਗੱਲਾਂ ਤੈਨੂੰ ਕਿਸ ਨੇ ਦੱਸੀਆਂ। ਅੱਛਾ ਦੱਸੋ, ਮੇਰੀ ਕੀ ਮੱਦਦ ਕਰਨਾ ਚਾਹੁੰਦੇ ਹੋ ਤੇ ਕਿਉਂ ਕਰਨੀ ਚਾਹੁੰਦੇ ਹੋ।"

"ਜੀ, ਕੀ ਮੈਂ ਅੰਦਰ ਆ ਸਕਦਾ ਹਾਂ? ਇਸ ਤਰ੍ਹਾਂ ਏਥੇ ਖੜ੍ਹੇ-ਖੜ੍ਹੇ ਗੱਲ ਕਰਨਾ ਠੀਕ ਨਹੀਂ ਹੋਵੇਗਾ। ਅਰਾਮ ਨਾਲ ਬੈਠ ਕੇ ਗੱਲ ਕੀਤੀ ਜਾਵੇ ਤਾਂ ਹੋਰ ਠੀਕ ਰਹੇਗਾ।"

ਅੰਜਲੀ ਨੂੰ ਵੀ ਧਿਆਨ ਆਇਆ ਕਿ ਉਹ ਦਰਵਾਜ਼ੇ ਵਿੱਚ ਖੜ੍ਹੀ ਹੈ ਤੇ ਸੁਰੇਸ਼ ਬਾਹਰ ਲਾਬੀ ਵਿੱਚ। ਮਨ ਹੀ ਮਨ ਸੋਚਿਆ, 'ਅੰਦਰ ਆਉਣ ਦੇਵਾਂ ਜਾਂ ਨਾ?' ਦੁਬਾਰਾ ਗੌਰ ਨਾਲ ਉਸ ਵੱਲ ਵੇਖਿਆ, "ਠੀਕ ਹੈ, ਅੰਦਰ ਆ ਜਾਓ।" ਕਹਿ ਅੰਜਲੀ ਥੋੜ੍ਹਾ ਸਾਈਡ 'ਤੇ ਹੋ ਗਈ ਤੇ ਰਸਤਾ ਦੇ ਦਿੱਤਾ। ਅੰਜਲੀ ਨੂੰ ਇਹੀ ਠੀਕ ਲੱਗਾ ਤੇ ਲੜਕਾ ਵੀ ਸ਼ਰੀਫ਼ ਲੱਗਦਾ ਸੀ।

'ਧੰਨਵਾਦ' ਕਹਿ ਸੁਰੇਸ਼ ਅੰਦਰ ਦਾਖ਼ਲ ਹੋ ਗਿਆ। ਅੰਜਲੀ ਵੀ ਦਰਵਾਜ਼ਾ ਬੰਦ ਕਰਕੇ ਅੰਦਰ ਆ ਗਈ। ਉਸਨੇ ਇੱਕ ਪਾਸੇ ਪਈ ਕੁਰਸੀ ਵੱਲ ਇਸ਼ਾਰਾ ਕਰਕੇ, ਸੁਰੇਸ਼ ਨੂੰ ਬੈਠਣ ਲਈ ਕਿਹਾ ਤੇ ਆਪ ਸਾਹਮਣੇ ਸੋਫੇ 'ਤੇ ਬੈਠ ਗਈ।

ਸੁਰੇਸ਼ ਨੇ ਇੱਕ ਵਾਰ ਫਿਰ ਧੰਨਵਾਦ ਕੀਤਾ ਤੇ ਕੁਰਸੀ ਉੱਪਰ ਜਾ ਬੈਠਾ। ਅੰਜਲੀ ਨੇ ਆਪਣੇ ਆਪ ਨੂੰ ਸੰਭਾਲਦੇ ਤੇ ਨਾਰਮਲ ਹੁੰਦੇ ਹੋਏ ਉਸ ਵੱਲ ਗੌਰ ਨਾਲ ਦੇਖਿਆ ਤੇ ਪੁੱਛਿਆ, "ਅੱਛਾ ਦੱਸੋ ਕੀ ਕਹਿਣਾ ਚਾਹੁੰਦੇ ਹੋ?"

ਸੁਰੇਸ਼ ਨੇ ਬੜੇ ਹੀ ਸ਼ਾਂਤ ਲਹਿਜ਼ੇ ਵਿੱਚ ਬੋਲਣਾ ਸ਼ੁਰੂ ਕੀਤਾ। ਚਿਹਰੇ ਤੇ ਸਾਦਗੀ, ਲਫ਼ਜ਼ਾਂ 'ਚ ਨਿਮਰਤਾ, ਨਜ਼ਰਾਂ 'ਚ ਆਪਣਾਪਣ। ਉਹ ਹੌਲੀ-ਹੌਲੀ ਬੋਲ ਰਿਹਾ ਸੀ। ਅੰਜਲੀ ਉਸਨੂੰ ਧਿਆਨ ਨਾਲ ਸੁਣ ਰਹੀ ਸੀ। ਉਹ ਬੋਲਦਾ ਗਿਆ, ਅੰਜਲੀ ਸੁਣਦੀ ਗਈ। ਉਹ ਹਰ ਗੱਲ ਬੜੇ ਧਿਆਨ ਨਾਲ ਸੁਣ ਰਹੀ ਸੀ। ਸੁਰੇਸ਼ ਖ਼ੁਸ਼ ਸੀ ਕਿ ਉਹ ਅੰਜਲੀ ਦਾ ਧਿਆਨ ਖਿੱਚਣ ਵਿੱਚ ਕਾਮਯਾਬ ਹੋ ਰਿਹਾ ਸੀ।

ਏਧਰ-ਓਧਰ ਦੀਆਂ ਤੇ ਏਅਰ-ਲਾਈਨ ਦੀਆਂ ਗੱਲਾਂ ਤੋਂ ਬਾਅਦ,

ਸੁਰੇਸ਼ ਨੇ ਆਪਣੇ ਮਾਲਕ ਸੇਠ ਸਰੂਤੀ ਸ਼ਾਹ ਬਾਰੇ ਗੱਲ ਸ਼ੁਰੂ ਕੀਤੀ। ਸੇਠ ਸਰੂਤੀ ਸ਼ਾਹ ਦਾ ਨਾਮ ਸੁਣ ਅੰਜਲੀ ਅੰਦਰ ਹੀ ਅੰਦਰ ਥੋੜ੍ਹਾ ਤ੍ਰਭਕੀ ਪਰ ਚੁੱਪ ਬੈਠੀ ਸੁਣਦੀ ਰਹੀ। ਹੁਣ ਸੁਰੇਸ਼ ਸੇਠ ਜੀ ਦੀ ਸ਼ਖ਼ਸੀਅਤ ਬਾਰੇ, ਸੋਚ ਬਾਰੇ, ਰੁਤਬੇ ਬਾਰੇ, ਏਥੇ ਭੇਜਣ ਦੇ ਮਕਸਦ ਬਾਰੇ, ਸਾਰਾ ਕੁੱਝ ਬੜੇ ਹੀ ਸਲੀਕੇ ਨਾਲ ਬਿਆਨ ਕਰੀ ਜਾ ਰਿਹਾ ਸੀ।

ਜਿਵੇਂ-ਜਿਵੇਂ ਉਹ ਬੋਲਦਾ ਗਿਆ, ਅੰਜਲੀ ਦੇ ਚਿਹਰੇ 'ਤੇ ਪ੍ਰਭਾਵ ਬਦਲਦੇ ਰਹੇ। ਸੁਰੇਸ਼ ਜੋ ਕਹਿ ਰਿਹਾ ਸੀ, ਉਸ ਤੋਂ ਅੰਜਲੀ ਨੂੰ ਹੈਰਾਨੀ ਹੋ ਰਹੀ ਸੀ। ਹੁਣ ਉਸਦਾ ਚਿਹਰਾ ਇਸ ਤਰ੍ਹਾਂ ਸੀ, ਜਿਵੇਂ ਗੁੱਸਾ ਆ ਰਿਹਾ ਹੋਵੇ ਤੇ ਅੰਦਰ ਕੁੱਝ ਧੁਖਣ ਲੱਗਾ ਹੋਵੇ ਪਰ ਸੁਰੇਸ਼ ਦੇ ਚਿਹਰੇ 'ਤੇ ਕੋਈ ਤਣਾਅ ਨਹੀਂ, ਕੋਈ ਘਬਰਾਹਟ ਨਹੀਂ, ਸਗੋਂ ਹੋਰ ਮਾਸੂਮੀਅਤ ਸੀ। ਗੱਲਾਂ-ਗੱਲਾਂ 'ਚ ਸੁਰੇਸ਼ ਨੇ ਸੇਠ ਜੀ ਬਾਰੇ, ਉਨ੍ਹਾਂ ਦੇ ਕਾਰੋਬਾਰ ਬਾਰੇ, ਸਾਗਰ ਏਅਰ-ਲਾਈਨ ਵਿੱਚ ਹਿੱਸੇਦਾਰੀ ਬਾਰੇ ਤੇ ਹੋਰ ਬਹੁਤ ਕੁੱਝ, ਅੰਜਲੀ ਨੂੰ ਸਭ ਸਮਝਾ ਦਿੱਤਾ। ਬਹੁਤ ਵੱਡੀ ਰਾਮ ਕਹਾਣੀ ਤੇ ਮਾਇਆ ਜਾਲ ਨੂੰ ਬੜੇ ਘੱਟ ਤੇ ਸੁਲਝੇ ਸ਼ਬਦਾਂ 'ਚ ਉਹ ਇੰਝ ਬਿਆਨ ਕਰ ਗਿਆ, ਜਿਵੇਂ ਕੋਈ ਕੁੱਜੇ ਵਿੱਚ ਸਮੁੰਦਰ ਬੰਦ ਕਰ ਦੇਵੇ।

ਅੰਜਲੀ ਦੇ ਹਾਵ-ਭਾਵ ਦੇਖ ਤੇ ਆਪਣੀ ਗੱਲ ਕਹਿ ਸੁਰੇਸ਼ ਚੁੱਪ ਹੋ ਗਿਆ। ਸ਼ਾਇਦ ਅੰਜਲੀ ਨੇ ਕੋਈ ਮਾਮੂਲੀ ਇਸ਼ਾਰਾ ਵੀ ਕਰ ਦਿੱਤਾ ਹੋਵੇ। ਸੁਰੇਸ਼ ਹੁਣ ਅੰਜਲੀ ਵੱਲ ਹੀ ਦੇਖ ਰਿਹਾ ਸੀ ਤੇ ਉਸਦਾ ਪੱਖ ਜਾਨਣਾ ਚਾਹੁੰਦਾ ਸੀ।

ਅੰਜਲੀ ਨੂੰ ਇਹ ਗੱਲ ਸਾਫ਼ ਹੋ ਚੁੱਕੀ ਸੀ ਕਿ ਸੁਰੇਸ਼ ਨੂੰ ਕਿਸਨੇ ਭੇਜਿਆ ਹੈ ਪਰ ਕਿਉਂ ਭੇਜਿਆ ਹੈ, ਇਸ ਬਾਰੇ ਮਨ ਅੰਦਰ ਕਈ ਤਰ੍ਹਾਂ ਦੇ ਵਿਚਾਰ ਆ ਰਹੇ ਸਨ। ਅੰਜਲੀ ਦੀ ਕਮਰ ਸੋਫੇ ਦੀ ਬੈਕ ਰੈਸਟ ਤੋਂ ਹਟ ਕੇ ਅੱਗੇ ਨੂੰ ਆ ਚੁੱਕੀ ਸੀ। ਉਹ ਲੱਗ-ਭੱਗ ਸਿੱਧੀ ਹੋ ਕੇ ਬੈਠ ਗਈ। ਹੁਣ ਅੰਜਲੀ ਬੋਲ ਰਹੀ ਸੀ। ਸ਼ਬਦਾਂ 'ਚ ਕੋਈ ਰੁੱਖਾਪਣ ਨਹੀਂ ਸੀ ਪਰ ਸੰਜੀਦਗੀ ਤੇ ਮਿਠਾਸ ਵੀ ਨਹੀਂ ਸੀ। ਉਹ ਹਰ ਗੱਲ ਨਾਲ ਹੱਥ ਦਾ ਐਕਸ਼ਨ ਵੀ ਕਰ ਰਹੀ ਸੀ।

ਸੁਰੇਸ਼ ਚੁੱਪ-ਚਾਪ ਬਿਲਕੁਲ ਸ਼ਾਂਤ ਬੈਠਾ ਸੀ। ਨਜ਼ਰ ਅੰਜਲੀ ਦੇ ਚਿਹਰੇ 'ਤੇ ਟਿਕੀ ਹੋਈ ਸੀ। ਉਹ ਬੜੇ ਹੀ ਧਿਆਨ ਨਾਲ ਅੰਜਲੀ ਨੂੰ ਸੁਣ ਰਿਹਾ ਸੀ ਤੇ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਅੰਜਲੀ ਜੋ ਕੁੱਝ ਵੀ ਬੋਲ ਰਹੀ ਸੀ, ਸੁਰੇਸ਼ ਨੂੰ ਕੁੱਝ ਵੀ ਬੁਰਾ ਨਹੀਂ ਸੀ ਲੱਗ ਰਿਹਾ। ਉਸਨੂੰ ਇਸ ਤਰ੍ਹਾਂ ਦੇ ਵਿਵਹਾਰ ਤੇ ਰੀਐਕਸ਼ਨ ਦੀ ਉਮੀਦ ਸੀ, ਸ਼ਾਇਦ ਇਸਤੋਂ ਵੀ ਵੱਧ ਦੀ।

ਥੋੜ੍ਹੀ ਦੇਰ ਬਾਅਦ ਅੰਜਲੀ ਚੁੱਪ ਹੋ ਗਈ। ਹੁਣ ਉਹ ਦੁਬਾਰਾ ਸੋਫੇ ਨਾਲ ਢੋਹ ਲਾ ਕੇ ਬੈਠ ਗਈ। ਮਨ 'ਚ ਥੋੜ੍ਹਾ ਗੁੱਸਾ ਵੀ ਸੀ ਤੇ ਉਹ ਇਸ ਟਾਪਿਕ 'ਤੇ ਹੋਰ ਗੱਲ ਨਹੀਂ ਸੀ ਕਰਨਾ ਚਾਹੁੰਦੀ। ਸਿਰ ਥੋੜ੍ਹਾ ਪਿੱਛੇ ਨੂੰ ਲਟਕਾ

ਉਹ ਇਸ ਤਰ੍ਹਾਂ ਬੈਠ ਗਈ, ਜਿਵੇਂ ਕੋਈ ਥੱਕ ਕੇ ਬੈਠ ਜਾਂਦਾ ਹੈ। ਉਸਦੀਆਂ ਅੱਖਾਂ ਬੰਦ ਸਨ। ਉਹ ਹੈਰਾਨ ਤੇ ਪ੍ਰੇਸ਼ਾਨ ਲੱਗ ਰਹੀ ਸੀ।

ਸੁਰੇਸ਼ ਵੀ ਸਮਝ ਗਿਆ ਕਿ ਅੰਜਲੀ ਆਰਾਮ ਕਰਨਾ ਚਾਹੁੰਦੀ ਹੈ। ਨਾਲੇ ਹੋਰ ਕੋਈ ਗੱਲ ਕਰਨ ਲਈ ਬਚੀ ਵੀ ਨਹੀਂ ਸੀ। ਉਸਨੇ ਜੋ ਕਹਿਣਾ ਸੀ, ਕਹਿ ਦਿੱਤਾ ਸੀ। ਉਸਨੇ ਬੜੀ ਹੀ ਨਿਮਰਤਾ ਸਹਿਤ ਅੰਜਲੀ ਤੋਂ ਜਾਣ ਦੀ ਇਜਾਜ਼ਤ ਮੰਗੀ ਤੇ ਉਠ ਕੇ ਖੜ੍ਹਾ ਹੋ ਗਿਆ।

ਅੰਜਲੀ ਫਿਰ ਸਿੱਧਾ ਹੋ ਕੇ ਬੈਠ ਗਈ। ਵੱਡੇ ਲੋਕ, ਵੱਡੇ ਸ਼ਹਿਰ ਤੇ ਵੱਡੇ ਬਿਜਨਸ-ਹਾਊਸ ਦੀਆਂ ਗੱਲਾਂ ਨੂੰ ਉਹ ਕੁੱਝ-ਕੁੱਝ ਸਮਝਦੀ ਸੀ। ਗੋਆ ਤੋਂ ਆਈ ਸੀ, ਕੋਈ ਪੇਂਡੂ ਕੁੜੀ ਤਾਂ ਹੈ ਨਹੀਂ ਸੀ। ਸੋਚਣ ਲੱਗੀ, 'ਇਹ ਲੜਕਾ ਤਾਂ ਮੈਸੰਜਰ ਹੈ, ਇੱਕ ਮੋਹਰਾ ਹੈ, ਜੋ ਮਾਲਕ ਵੱਲੋਂ ਲਾਈ ਡਿਊਟੀ ਨਿਭਾਅ ਰਿਹਾ ਹੈ। ਇਸਦੀ ਵੀ ਕੋਈ ਮਜ਼ਬੂਰੀ ਹੋ ਸਕਦੀ ਹੈ। ਇਸ 'ਤੇ ਕਾਹਦਾ ਗੁੱਸਾ।' ਅੰਜਲੀ ਨੂੰ ਲੜਕੇ ਨਾਲ ਕੁੱਝ ਹਮਦਰਦੀ ਹੋਈ।

"ਮਾਫ਼ ਕਰਨਾ, ਮੈਂ ਪਾਣੀ ਵੀ ਨਹੀਂ ਪੁੱਛ ਸਕੀ। ਕੁੱਝ ਚਿਰ ਪਹਿਲਾਂ ਹੀ ਏਥੇ ਆਈ ਸੀ। ਮੈਨੂੰ ਕਿਸੇ ਦੀ ਉਡੀਕ ਨਹੀਂ ਸੀ। ਤੁਹਾਡੀ ਵੀ ਨਹੀਂ ਤੇ ਫਿਰ ਅਚਾਨਕ ਇਹ ਸਭ ਕੁੱਝ?" ਤੇ ਉਹ ਚੁੱਪ ਕਰ ਗਈ।

"ਮੈਂ ਸਮਝ ਸਕਦਾ ਹਾਂ, ਕੋਈ ਗੱਲ ਨਹੀਂ, ਮੈਂ ਤੁਹਾਡਾ ਵਕਤ ਲਿਆ, ਬਹੁਤ-ਬਹੁਤ ਸ਼ੁਕਰੀਆ।" ਸੁਰੇਸ਼ ਨੇ ਜੇਬ ਵਿੱਚੋਂ ਇੱਕ ਕਾਰਡ ਕੱਢਿਆ ਤੇ ਟੇਬਲ 'ਤੇ ਰੱਖਦੇ ਹੋਏ ਕਹਿਣ ਲੱਗਾ, "ਇਹ ਸੇਠ ਜੀ ਦਾ ਕਾਰਡ ਹੈ। ਸਪੈਸ਼ਲ ਤੁਹਾਡੇ ਲਈ ਭੇਜਿਆ ਹੈ। ਮੀਟਿੰਗ ਲਈ ਸ਼ਾਮੀਂ ਪੰਜ ਵਜੇ ਗੱਡੀ ਤੁਹਾਨੂੰ ਲੈਣ ਆ ਜਾਵੇਗੀ। ਸੇਠ ਜੀ ਤੁਹਾਡਾ ਇੰਤਜ਼ਾਰ ਕਰਨਗੇ।"

ਅੰਜਲੀ, ਜੋ ਨਾਰਮਲ ਹੋਣ ਦੀ ਕੋਸ਼ਿਸ਼ ਕਰਨ ਲੱਗੀ ਸੀ, ਕਾਰਡ ਦੇਖ ਹੋਰ ਪ੍ਰੇਸ਼ਾਨ ਹੋ ਗਈ। ਚਿਹਰਾ ਗੁੱਸੇ ਨਾਲ ਭਖਣ ਲੱਗਾ। ਉਹ ਕਾਹਲ਼ੀ ਨਾਲ ਜ਼ਰੂਰਤ ਤੋਂ ਵੱਧ ਉੱਚੀ ਆਵਾਜ਼ ਵਿੱਚ ਬੋਲੀ, "ਮੈਨੂੰ ਕਿਸੇ ਕਾਰਡ ਦੀ ਜ਼ਰੂਰਤ ਨਹੀਂ ਤੇ ਨਾ ਹੀ ਕਿਸੇ ਗੱਡੀ ਦੀ। ਮੈਂ ਕਿਸੇ ਮੀਟਿੰਗ 'ਤੇ ਨਹੀਂ ਆ ਰਹੀ। ਪਰਸੋਂ ਸੁਬਾਹ ਇੰਟਰਵਿਊ ਹੈ, ਮੈਂ ਆਪੇ ਆ ਜਾਵਾਂਗੀ। ਉੱਥੇ ਹੀ ਤੁਹਾਡੇ ਸੇਠ ਜੀ ਨੂੰ ਵੀ ਮਿਲ ਲਵਾਂਗੀ। ਤੂੰ ਜਾ ਸਕਦਾ ਹੈਂ।" ਉਹ ਗੁੱਸੇ ਵਿੱਚ ਬੋਲੀ ਸੀ ਤੇ ਉਸਦਾ ਸਾਹ ਚੜ੍ਹ ਗਿਆ ਸੀ।

ਸੁਰੇਸ਼ ਬਿਲਕੁਲ ਸ਼ਾਂਤ ਸੀ। ਉਹ ਫਿਰ ਬੋਲਿਆ, "ਰੱਖ ਲੀ ਜੀਏ, ਇਹ ਤਹਾਡੇ ਲਈ ਹੀ ਹੈ। ਇਹ ਕਾਰਡ ਇੰਟਰਵਿਊ ਲਈ ਨਹੀਂ ਹੈ। ਇਹ ਤਾਂ ਸੇਠ ਜੀ ਨਾਲ ਸਪੈਸ਼ਲ ਮੀਟਿੰਗ ਲਈ ਹੈ। ਮੀਟਿੰਗ ਲਈ ਆਉਣਾ ਜਾਂ ਨਾ ਆਉਣਾ, ਇਹ ਆਪ ਦੀ ਮਰਜ਼ੀ ਉੱਪਰ ਹੈ। ਕੋਈ ਬੰਦਿਸ਼ ਨਹੀਂ। ਸੇਠ ਜੀ ਕਿਸੇ ਨਾਲ ਨਰਾਜ਼ ਨਹੀਂ ਹੁੰਦੇ ਤੇ ਨਾ ਹੀ ਕਦੇ ਨਿਰਾਸ਼ ਹੁੰਦੇ ਹਨ। ਉਹ ਹਰ

ਇਨਸਾਨ ਦੀ ਆਪਣੀ ਸੋਚ ਦੀ, ਆਪਣੀ ਆਜ਼ਾਦੀ ਦੀ ਪੂਰੀ ਕਦਰ ਕਰਦੇ ਹਨ।" ਇਹ ਕਹਿ ਕੇ ਸੁਰੇਸ਼ ਕਮਰੇ ਤੋਂ ਬਾਹਰ ਚਲਾ ਗਿਆ।

ਅੰਜਲੀ ਬੁਰੀ ਤਰ੍ਹਾਂ ਖ਼ਫ਼ਾ ਸੀ। ਇਕੱਲੀ ਬੈਠੀ ਬੁੜ-ਬੁੜ ਕਰ ਰਹੀ ਸੀ 'ਕੀ ਸਮਝਦੇ ਨੇ ਇਹ ਲੋਕ, ਮੈਂ ਕੋਈ ਕਠਪੁਤਲੀ ਹਾਂ। ਸੁਨੇਹਾ ਭੇਜੋ ਤੇ ਬੱਸ ਮੈਂ ਭੱਜੀ ਚਲੀ ਆਊਂਗੀ, ਮਾਈ ਬਲੈਡੀ ਫ਼ੁੱਟ। ਪੰਜ ਵਜੇ ਕਾਰ ਆ ਜਾਵੇਗੀ, ਕਾਰ 'ਚ ਆਉਂਦੈ ਮੇਰਾ ਠੈਂਗਾ। ਨਹੀਂ ਚਾਹੀਦੀ ਐਦਾਂ ਦੀ ਨੌਕਰੀ। ਅਜੇ ਪੈਰ ਵੀ ਨੀ ਧਰਿਆ ਤੇ ਸੇਠ ਜੀ ਦਾ ਸੁਨੇਹਾ ਆ ਗਿਆ। ਮੈਂ ਨੌਕਰੀ ਲਈ ਆਈ ਹਾਂ, ਕੋਈ ਧੰਦਾ ਕਰਨ ਨਹੀਂ।' ਗੁੱਸੇ 'ਚ ਭਰੀ ਉਹ ਬਹੁਤ ਦੇਰ ਤੱਕ ਬੋਲਦੀ ਰਹੀ ਤੇ ਅਖ਼ੀਰ ਹੰਭ ਕੇ ਚੁੱਪ ਹੋ ਗਈ।

ਬਹੁਤ ਦੇਰ ਤੋਂ ਹੁਣ ਉਹ ਚੁੱਪ ਬੈਠੀ ਸੀ ਤੇ ਸ਼ਾਂਤ ਵੀ। ਸੋਚੀ ਜਾ ਰਹੀ ਸੀ, ਸੋਚੀ ਜਾ ਰਹੀ ਸੀ। ਕਈ ਤਰ੍ਹਾਂ ਦੇ ਖ਼ਿਆਲ ਮਨ 'ਚ ਆਉਂਦੇ, ਭੁਰ ਜਾਂਦੇ, ਆਉਂਦੇ ਤੇ ਭੁਰ ਜਾਂਦੇ। ਉਹ ਉੱਠ ਕੇ ਖੜ੍ਹੀ ਹੋ ਗਈ ਤੇ ਕਮਰੇ 'ਚ ਹੀ ਛੋਟੇ-ਛੋਟੇ ਕਦਮ ਰੱਖ ਟਹਿਲਣ ਲੱਗੀ।

'ਇਹ ਲੜਕਾ ਕੌਣ ਸੀ, ਸੇਠ ਸਰੂਤੀ ਸ਼ਾਹ ਦਾ ਕੋਈ ਖ਼ਾਸ ਰਾਜ਼ਦਾਰ ਜਾਂ ਕੋਈ ਆਮ ਨੌਕਰ?'

'ਸੇਠ ਸਰੂਤੀ ਸ਼ਾਹ ਨੇ ਇਸਨੂੰ ਮੇਰੇ ਕੋਲ ਕਿਉਂ ਭੇਜਿਆ? ਕੀ ਹੋਰ ਲੜਕੀਆਂ ਨੂੰ ਵੀ ਇਸੇ ਤਰ੍ਹਾਂ ਸੁਨੇਹੇ ਭੇਜੇ ਹੋਣਗੇ?'

'ਕੀ ਦੂਸਰੀਆਂ ਲੜਕੀਆਂ ਅੱਜ ਸੇਠ ਕੋਲ ਜਾਣਗੀਆਂ, ਕੱਲ੍ਹ ਨੂੰ ਐਤਵਾਰ ਹੈ, ਕਈਆਂ ਨੂੰ ਕੱਲ੍ਹ ਵੀ ਸੱਦਿਆ ਹੋ ਸਕਦੈ?'

'ਕੀ ਇੰਟਰਵਿਊ ਸੇਠ ਜੀ ਨੇ ਹੀ ਲੈਣੀ ਹੈ, ਮੈਨੂੰ ਜਾਣਾ ਚਾਹੀਦੈ ਕਿ ਨਹੀਂ?'

'ਕੀ ਅੱਜ ਤੇ ਕੱਲ੍ਹ 'ਚ ਹੀ ਸਿਲੈਕਸ਼ਨ ਹੋ ਜਾਏਗੀ, ਸੋਮਵਾਰ ਦੀ ਇੰਟਰਵਿਊ ਤਾਂ ਦਿਖਾਵਾ ਮਾਤਰ ਹੈ?'

'ਕੋਈ ਖ਼ਾਸ ਮੱਦਦਗਾਰ ਜਾਂ ਸੰਪਰਕ ਲੱਭ ਪਵੇ, ਇਸੇ ਲਈ ਤਾਂ ਇੱਕ ਦਿਨ ਪਹਿਲਾਂ ਆਈ ਸੀ, ਹੁਣ ਮੈਨੂੰ ਕੀ ਹੋ ਗਿਆ?'

ਸਵਾਲ-ਦਰ-ਸਵਾਲ ਅੰਜਲੀ ਦੇ ਮਨ 'ਚ ਖ਼ੌਰੂ ਪਾ ਰਹੇ ਸਨ ਤੇ ਕੁੱਝ ਵੀ ਸਮਝ ਨਹੀਂ ਸੀ ਆ ਰਿਹਾ। ਕਾਰਡ ਉਸੇ ਤਰ੍ਹਾਂ ਟੇਬਲ 'ਤੇ ਪਿਆ ਸੀ। ਅੰਜਲੀ ਨੇ ਇੱਕ ਵਾਰ ਉਸ ਵੱਲ ਦੇਖਿਆ, ਫਿਰ ਜਲਦੀ ਹੀ ਹੋਰ ਪਾਸੇ ਦੇਖਣ ਲੱਗੀ। ਭਾਵੇਂ ਉਹ ਬਾਹਰ ਜਾਣ ਲਈ ਤਿਆਰ ਹੋਈ ਸੀ ਪਰ ਹੁਣ ਬਾਹਰ ਜਾਣ ਨੂੰ ਉਸਦਾ ਮਨ ਨਹੀਂ ਸੀ। ਉਸਨੇ ਸ਼ਿਲਪੀ ਨੂੰ ਫੋਨ ਲਾਇਆ ਤੇ ਲੰਬਾ ਸਮਾਂ ਫੋਨ 'ਤੇ ਹੀ ਉਸ ਨਾਲ ਗੱਲਾਂ ਕਰਦੀ ਰਹੀ।

ਅੱਜ ਸੋਮਵਾਰ ਸੀ। ਸ਼ਾਮ ਦੇ ਚਾਰ ਵੱਜ ਚੁੱਕੇ ਸਨ। ਅੰਜਲੀ ਹੁਣੇ-

ਹੁਣੇ ਇੰਟਰਵਿਊ ਤੋਂ ਵਾਪਸ ਆਈ ਸੀ। ਆਉਣ ਸਾਰ ਉਹ ਸੋਫੇ ਉੱਪਰ ਇਸ ਤਰ੍ਹਾਂ ਢੇਰੀ ਹੋ ਗਈ, ਜਿਵੇਂ ਬਹੁਤ ਹੀ ਥੱਕੀ ਹੋਵੇ, ਹਾਰੀ-ਹਾਰੀ ਜਿਹੀ।

ਜਿਸ ਬੋਰਡ ਨੇ ਇੰਟਰਵਿਊ ਲਈ, ਉਸ ਵਿੱਚ ਇੱਕ ਵੀ ਮਰਦ ਮੈਂਬਰ ਨਹੀਂ ਸੀ। ਤਿੰਨੋਂ ਬੋਰਡ ਮੈਂਬਰ ਔਰਤਾਂ ਸਨ। ਪੰਦਰਾਂ ਮਿੰਟਾਂ ਤੱਕ ਸਵਾਲ-ਜਵਾਬ ਹੋਏ ਤੇ ਉਹ ਬਾਹਰ ਆ ਗਈ। ਹੋਰ ਲੜਕੀਆਂ ਨਾਲ ਵੀ ਲੱਗਭੱਗ ਇਸੇ ਤਰ੍ਹਾਂ ਹੋਇਆ। ਘੱਟ ਤੋਂ ਘੱਟ ਪੰਦਰਾਂ ਤੇ ਵੱਧ ਤੋਂ ਵੱਧ ਵੀਹ ਮਿੰਟ। ਦੋ ਵਜੇ ਤੱਕ ਸਭ ਦੀ ਇੰਟਰਵਿਊ ਖ਼ਤਮ। ਫਿਰ ਸਭ ਨੇ ਮਿਲ ਕੇ ਲੰਚ ਕੀਤਾ। ਹੈਰਾਨੀ ਦੀ ਗੱਲ ਕਿ ਇੰਟਰਵਿਊ ਲੈਣ ਵਾਲੀਆਂ ਤਿੰਨੋ ਲੇਡੀਜ਼ ਮੈਂਬਰ ਨੇ ਵੀ ਸਾਡੇ ਨਾਲ ਮਿਲ ਕੇ ਲੰਚ ਕੀਤਾ। ਤਿੰਨ ਵਜੇ ਦੇ ਕਰੀਬ ਚਾਰ ਲੜਕੀਆਂ ਨੂੰ ਦੁਬਾਰਾ ਬੁਲਾਇਆ ਗਿਆ। ਫਿਰ ਪੰਜ-ਸੱਤ ਮਿੰਟ ਬਾਅਦ ਅਸੀਂ ਜੋ ਬਾਕੀ ਸਾਂ, ਸਭ ਨੂੰ ਵਾਪਸ ਜਾਣ ਲਈ ਕਹਿ ਦਿੱਤਾ। ਥੋੜ੍ਹਾ ਦਿਲਾਸਾ ਜ਼ਰੂਰ ਦਿੱਤਾ ਕਿ ਅਗਲੀ ਵਾਰ ਜਦੋਂ ਵੀ ਇੰਟਰਵਿਊ ਹੋਈ, ਤੁਹਾਨੂੰ ਦੁਬਾਰਾ ਮੌਕਾ ਦਿੱਤਾ ਜਾਵੇਗਾ। ਅਸੀਂ ਆਪਣਾ-ਆਪਣਾ ਬੈਗ ਚੁੱਕਿਆ ਤੇ ਇੱਕ-ਇੱਕ ਕਰਕੇ ਬਾਹਰ ਆ ਗਈਆਂ। ਨੌਕਰੀ ਨਾ ਮਿਲਣ ਦਾ ਦੁੱਖ, ਉਦਾਸ ਚਿਹਰਿਆਂ ਤੋਂ ਸਾਫ਼ ਝਲਕਦਾ ਸੀ।

'ਨੌਕਰੀ ਤਾਂ ਮਿਲੀ ਨਹੀਂ, ਹੁਣ ਕੀ ਕੀਤਾ ਜਾਵੇ।' ਸੋਚਾਂ 'ਚ ਪੈ ਗਈ, 'ਇੰਟਰਵਿਊ ਕਾਲ ਮਿਲਣ 'ਤੇ ਮੈਂ ਕਿੰਨੀ ਖ਼ੁਸ਼ ਸਾਂ। ਮੰਮੀ ਨਾਲ ਕਿੰਨੇ ਹੌਂਸਲੇ 'ਚ ਗੱਲਾਂ ਕੀਤੀਆਂ ਸੀ ਪਰ ਹੁਣ ਮੰਮੀ ਨੂੰ ਕੀ ਦੱਸਾਂ, ਉਹ ਤਾਂ ਮੇਰੇ ਫੋਨ ਦਾ ਇੰਤਜ਼ਾਰ ਕਰ ਰਹੀ ਹੋਵੇਗੀ।'

ਬਾਪ ਜੋ ਪਹਿਲਾਂ ਹੀ ਮਰ ਚੁੱਕਾ ਸੀ, ਉਸਦੀ ਯਾਦ ਆਈ। ਛੋਟਾ ਭਰਾ ਵੀ ਯਾਦ ਆਇਆ। ਭਰਾ ਨੂੰ ਯਾਦ ਕਰ ਫਿਰ ਸੋਚਣ ਲੱਗੀ, 'ਜੇ ਨੌਕਰੀ ਮਿਲ ਜਾਂਦੀ, ਉਸਦੀ ਪੜ੍ਹਾਈ ਦੇ ਖਰਚੇ ਦਾ ਫ਼ਿਕਰ ਮੁੱਕ ਜਾਂਦਾ। 'ਕੱਲਾ ਪੜ੍ਹਾਈ ਦਾ ਖਰਚਾ ਕਿਉਂ, ਫੇਰ ਤਾਂ ਸਾਰੇ ਹੀ ਫ਼ਿਕਰ ਮੁੱਕ ਜਾਂਦੇ। ਨਾਲੇ ਵੱਡਾ ਹੌਂਸਲਾ ਤਾਂ ਮਾਂ ਨੂੰ ਹੋਣਾ ਸੀ।'

ਉਹ ਛੋਟੇ ਭਰਾ ਨੂੰ ਐੱਮ.ਐੱਸ.ਸੀ. (ਐੱਮ.ਫਿਲ) ਤੱਕ ਪੜ੍ਹਾਉਣਾ ਚਾਹੁੰਦੀ ਸੀ, ਆਪ ਵੀ ਏਥੋਂ ਤੱਕ ਪੜ੍ਹਨਾ ਚਾਹੁੰਦੀ ਸੀ ਪਰ ਘਰ ਦੀ ਮਜ਼ਬੂਰੀ ਕਾਰਨ ਨੌਕਰੀ ਬਾਰੇ ਸੋਚਣਾ ਪੈ ਰਿਹਾ ਸੀ।

ਅੱਜ ਦਾ ਸਾਰਾ ਘਟਨਾ-ਕ੍ਰਮ ਉਸਦੀਆਂ ਅੱਖਾਂ ਅੱਗੇ ਘੁੰਮ ਰਿਹਾ ਸੀ। ਸੇਠ ਜੀ ਦਾ ਕਾਰਡ ਅਜੇ ਵੀ ਟੇਬਲ 'ਤੇ ਉਸੇ ਜਗ੍ਹਾ ਪਿਆ ਸੀ, ਜਿੱਥੇ ਸੁਰੇਸ਼ ਰੱਖ ਕੇ ਗਿਆ ਸੀ। ਕਾਰਡ 'ਤੇ ਨਜ਼ਰ ਜਾਂਦੇ ਹੀ ਫਿਰ ਸੋਚਣ ਲੱਗ ਪਈ, 'ਕੌਣ ਹੈ ਇਹ ਸੇਠ ਸਰੂਤੀ ਸ਼ਾਹ। ਵਾਪਸ ਜਾਣ ਤੋਂ ਪਹਿਲਾਂ ਇੱਕ ਵਾਰ ਮਿਲ ਨਾ ਲਵਾਂ? ਸੁਰੇਸ਼ ਦੱਸਦਾ ਸੀ ਉਹ ਕੰਪਨੀ ਵਿੱਚ ਹਿੱਸੇਦਾਰ ਹਨ।'

ਜਿਸ ਕਾਰਡ ਨੂੰ ਪਿਛਲੇ ਦੋ ਦਿਨਾਂ ਤੋਂ ਛੂਹਿਆ ਤੱਕ ਨਹੀਂ ਸੀ, ਹੁਣ ਉਹ ਉਸ ਕਾਰਡ ਵੱਲ ਵੇਖ ਰਹੀ ਸੀ। ਮਨ ਅੰਦਰ ਜਬਰਦਸਤ ਹਲਚਲ ਹੋ ਰਹੀ ਸੀ।

'ਮਿਲਾਂ, ਨਾ ਮਿਲਾਂ, ਕੋਈ ਮੱਦਦ ਕਰਨਗੇ?'

'ਸਿਲੈਕਸ਼ਨ ਤਾਂ ਹੋ ਚੁੱਕੀ, ਹੁਣ ਕੀ ਮੱਦਦ ਕਰਨਗੇ?'

'ਪਹਿਲਾਂ ਹੀ ਮਿਲਣਾ ਚਾਹੀਦਾ ਸੀ, ਨੌਕਰੀ ਤਾਂ ਮਿਲ ਜਾਂਦੀ।'

'ਸ਼ਾਇਦ ਅਜੇ ਵੀ ਕੁੱਝ ਕਰ ਸਕਣ, ਮਿਲਣ 'ਚ ਕੀ ਹਰਜ਼ ਹੈ?'

ਉਸਨੇ ਕਾਰਡ ਚੁੱਕਿਆ, ਦੋ-ਤਿੰਨ ਵਾਰ ਅੱਗੇ-ਪਿੱਛੇ ਘੁੰਮਾ ਕੇ ਵੇਖਿਆ ਤੇ ਕੁੱਝ ਚਿਰ ਇੰਝ ਹੀ ਵੇਖਦੀ ਰਹੀ। ਸੋਚਦੀ ਰਹੀ, ਵੇਖਦੀ ਰਹੀ। ਕਾਰਡ ਉਸਦੇ ਹੱਥ ਵਿੱਚ ਸੀ। ਫਿਰ ਉਸਨੇ ਕਾਰਡ ਵਾਲਾ ਨੰਬਰ ਡਾਇਲ ਕੀਤਾ ਤੇ ਸੇਠ ਜੀ ਨੂੰ ਮਿਲਣ ਦੀ ਇੱਛਾ ਜ਼ਾਹਰ ਕਰ ਦਿੱਤੀ। ਸ਼ਾਮੀਂ ਪੰਜ ਵਜੇ ਉਸ ਕੋਲ ਗੱਡੀ ਪਹੁੰਚ ਗਈ।

ਸੇਠ ਜੀ ਕੋਲ ਜਾਣ ਤੋਂ ਪਹਿਲਾਂ ਉਸਨੇ ਫਰੈੱਸ਼ ਹੋ ਕੇ, ਹਲਕਾ ਮੇਕ-ਅੱਪ ਕੀਤਾ। ਸੰਭਾਵੀ ਸਵਾਲ-ਜਵਾਬ ਲਈ ਆਪਣੇ ਆਪ ਨੂੰ ਤਿਆਰ ਕੀਤਾ ਤੇ ਮਨ ਨੂੰ ਤਕੜਾ ਕੀਤਾ। ਠੀਕ ਅੱਧੇ ਘੰਟੇ ਬਾਅਦ ਉਹ ਸੇਠ ਜੀ ਦੇ ਸਾਹਮਣੇ ਉਸਦੇ ਦਫ਼ਤਰ ਵਿੱਚ ਬੈਠੀ ਸੀ।

ਪੰਤਾਲੀ ਕੁ ਸਾਲ ਦੀ ਉਮਰ ਨੂੰ ਢੁੱਕ ਚੁੱਕੇ ਸੇਠ ਸਰੂਤੀ ਸ਼ਾਹ ਨੇ ਆਪਣੇ ਸਾਹਮਣੇ ਬੈਠੀ ਬਾਈ ਸਾਲਾ ਅੰਜਲੀ ਨੂੰ ਬੜੇ ਗੌਰ ਨਾਲ ਵੇਖਿਆ। ਉਹ ਉਮਰ ਨਾਲੋਂ ਵੱਧ ਸਿਆਣੀ ਲੱਗਦੀ ਸੀ। ਉਸਨੇ ਅੰਜਲੀ ਦੇ ਦਰਵਾਜ਼ੇ ਅੰਦਰ ਦਾਖ਼ਲ ਹੋਣ, ਉਸਨੂੰ ਵਿਸ਼ ਕਰਨ, ਆ ਕੇ ਕੁਰਸੀ ਉੱਪਰ ਬੈਠਣ, ਬੈਠੀ-ਬੈਠੀ ਨੇ ਕਿੰਨੀ ਕੁ ਹਿਲਜੁਲ ਕੀਤੀ, ਕਿਸ ਪੋਜ਼ ਵਿੱਚ ਬੈਠੀ, ਹਰ ਹਰਕਤ ਨੂੰ ਬੜੇ ਗੌਰ ਨਾਲ ਨੋਟ ਕੀਤਾ। ਆਤਮ ਵਿਸ਼ਵਾਸ ਨਾਲ ਭਰੀ ਬੈਠੀ ਅੰਜਲੀ ਦੇ ਚਿਹਰੇ, ਨਜ਼ਰਾਂ ਤੇ ਬਾਡੀ-ਲੈਂਗੁਏਜ਼ ਨੇ ਸੇਠ ਜੀ ਨੂੰ ਪ੍ਰਭਾਵਿਤ ਕੀਤਾ। ਹੁਣ ਉਹ, "ਨਮਸਤੇ ਸਰ।" ਕਹਿ ਚੁੱਪ-ਚਾਪ ਬੈਠੀ ਕੋਈ ਆਸਵੰਦ ਨਜ਼ਰਾਂ ਨਾਲ ਸੇਠ ਜੀ ਵੱਲ ਵੇਖ ਰਹੀ ਸੀ।

"ਹਾਂ ਅੰਜਲੀ, ਦੱਸੋ ਮੈਂ ਤੁਹਾਡੀ ਕੀ ਮੱਦਦ ਕਰ ਸਕਦਾ ਹਾਂ?" ਸੇਠ ਜੀ ਨੇ ਅੰਜਲੀ ਨੂੰ ਸਵਾਲ ਕੀਤਾ।

"ਸਰ, ਸੁਰੇਸ਼ ਨਾਮੀ ਲੜਕੇ ਨੇ ਤੁਹਾਡਾ ਇਹ ਕਾਰਡ ਦਿੱਤਾ ਸੀ ਤੇ ਕਿਹਾ ਸੀ ਕਿ ਸੇਠ ਜੀ ਤੁਹਾਨੂੰ ਮਿਲਣਾ ਚਾਹੁੰਦੇ ਹਨ।"

"ਠੀਕ, ਪਰ ਇਹ ਤਾਂ ਦੋ ਦਿਨ ਪਹਿਲਾਂ ਦੀ ਗੱਲ ਹੈ ਤੇ ਉਸ ਦਿਨ ਤੁਸੀਂ ਨਹੀਂ ਆਏ। ਅੱਜ ਮੈਂ ਨਹੀਂ ਬੁਲਾਇਆ, ਤੁਸੀਂ ਮਿਲਣ ਦੀ ਇੱਛਾ ਪ੍ਰਗਟ ਕੀਤੀ ਹੈ, ਦੱਸੋ ਕੀ ਕਹਿਣਾ ਚਾਹੁੰਦੇ ਹੋ?"

ਅੰਜਲੀ ਨੂੰ ਝਟਕਾ ਲੱਗਿਆ, ਸੋਚਿਆ ਹਾਂ, ਅੱਜ ਤਾਂ ਮੈਂ ਮਿਲਣ ਆਈ ਹਾਂ, ਕੀ ਗੱਲ ਕਰਾਂ।' ਸੋਚਾਂ ਵਿੱਚ ਪੈ ਗਈ।

ਸੇਠ ਜੀ ਨੇ ਉਸਦੀ ਪ੍ਰੇਸ਼ਾਨੀ ਨੂੰ ਸਮਝਦੇ ਕਿਹਾ, "ਘਬਰਾਉਣ ਦੀ ਲੋੜ ਨਹੀਂ। ਹੁਣ ਤੂੰ ਕੋਈ ਇੰਟਰਵਿਊ ਨਹੀਂ ਦੇ ਰਹੀ, ਰੀਲੈਕਸ। ਜੋ ਵੀ ਗੱਲ ਤੁਹਾਡੇ ਮਨ 'ਚ ਹੈ, ਦੱਸੋ। ਕੋਈ ਮੱਦਦ ਚਾਹੁੰਦੇ ਹੋ ਤਾਂ ਵੀ ਖੁੱਲ੍ਹ ਕੇ ਦੱਸੋ। ਮੈਂ ਕਾਇਦੇ ਅਨੁਸਾਰ ਜੋ ਵੀ ਕਰ ਸਕਦਾ ਹੋਇਆ, ਜ਼ਰੂਰ ਕਰਾਂਗਾ।"

ਅੰਜਲੀ ਥੋੜ੍ਹਾ ਸੰਭਲੀ, ਕੁੱਝ ਹੌਸਲਾ ਹੋਇਆ, ਉਹ ਬੋਲੀ, "ਸਰ, ਪਤਾ ਨਹੀਂ ਕਿਉਂ ਉਸ ਦਿਨ ਮੈਂ ਆ ਨਹੀਂ ਸਕੀ। ਮੇਰੇ ਮਨ ਅੰਦਰ ਕੋਈ ਡਰ ਸੀ। ਦੂਸਰਾ ਇਹ ਵੀ ਸੀ ਕਿ ਮੈਂ ਆਪਣੇ ਹੀ ਦਮ 'ਤੇ ਇੰਟਰਵਿਊ ਦੇਣਾ ਚਾਹੁੰਦੀ ਸੀ। ਹੁਣ ਮੈਂ ਸੋਚਦੀ ਹਾਂ ਮੈਂ ਗਲਤ ਸੀ।"

ਸੇਠ ਜੀ ਨੇ ਥੋੜ੍ਹਾ ਹੈਰਾਨੀ ਦਾ ਪ੍ਰਗਟਾਵਾ ਤਾਂ ਕੀਤਾ ਪਰ ਚੁੱਪ ਹੀ ਬੈਠੇ ਰਹੇ।

'ਆਪਣੇ ਦਮ ਵਾਲੀ ਗੱਲ' ਅੰਜਲੀ ਨੇ ਵੀ ਝੂਠ ਹੀ ਬੋਲਿਆ ਸੀ। ਮਨ ਹੀ ਮਨ ਸੋਚਣ ਲੱਗੀ ਕਿ ਬੋਰਡ ਦੇ ਕਿਸੇ ਮੈਂਬਰ ਜਾਂ ਕਿਸੇ ਹੋਰ ਸੰਪਰਕ ਨੂੰ ਪਹਿਲਾਂ ਮਿਲ ਸਕੇ, ਇਸ ਲਈ ਹੀ ਤਾਂ ਉਹ ਇੱਕ ਦਿਨ ਪਹਿਲਾਂ ਆਈ ਸੀ ਪਰ ਹੁਣ ਏਥੇ ਇਸ ਝੂਠ ਦਾ ਸਹਾਰਾ ਹੀ ਠੀਕ ਸੀ।

ਉਸਨੇ ਆਪਣੀ ਗੱਲ ਅੱਗੇ ਜਾਰੀ ਰੱਖਦੇ ਕਿਹਾ, "ਸਰ, ਮੇਰਾ ਨਾ ਆਉਣਾ ਸ਼ਾਇਦ ਆਪ ਜੀ ਨੂੰ ਚੰਗਾ ਨਹੀਂ ਲੱਗਾ, ਇਸ ਗੱਲ ਨੂੰ ਮੈਂ ਇੰਟਰਵਿਊ ਤੋਂ ਬਾਅਦ ਮਹਿਸੂਸ ਕੀਤਾ। ਤੁਹਾਨੂੰ ਪਹਿਲਾਂ ਮਿਲ ਲੈਂਦੀ ਤਾਂ ਸ਼ਾਇਦ ਨੌਕਰੀ ਵੀ ਮਿਲ ਜਾਂਦੀ।"

ਸੇਠ ਜੀ ਨੇ ਬੜੇ ਗੌਰ ਨਾਲ ਅੰਜਲੀ ਵੱਲ ਵੇਖਿਆ ਤੇ ਕਿਹਾ, "ਗਲਤ, ਲੜਕੀ ਤੂੰ ਗਲਤ ਸੋਚ ਰਹੀ ਹੈਂ। ਉਸ ਦਿਨ ਤੈਨੂੰ ਬੁਲਾਉਣ ਦਾ ਹੋਰ ਮਕਸਦ ਸੀ। ਮੈਂ ਕਿਸੇ ਹੋਰ ਵਿਸ਼ੇ 'ਤੇ ਗੱਲ ਕਰਨੀ ਸੀ, ਜਿਸਦਾ ਇਸ ਇੰਟਰਵਿਊ ਨਾਲ ਕੋਈ ਸਬੰਧ ਨਹੀਂ ਸੀ। ਤੂੰ ਆਪਣੀ ਮਰਜ਼ੀ ਨਾਲ ਜੋ ਕੀਤਾ, ਠੀਕ ਕੀਤਾ। ਇਨਸਾਨ ਨੂੰ ਹਮੇਸ਼ਾ ਆਪਣੀ ਮਰਜ਼ੀ ਕਰਨੀ ਚਾਹੀਦੀ ਹੈ। ਮੈਨੂੰ ਖ਼ੁਸ਼ੀ ਹੈ ਕਿ ਅੱਜ ਵੀ ਤੂੰ ਆਪਣੀ ਮਰਜ਼ੀ ਨਾਲ ਏਥੇ ਆਈ ਹੈਂ, ਕਿਸੇ ਦੇ ਦਬਾਅ ਪਾਉਣ 'ਤੇ ਨਹੀਂ। ਮੈਨੂੰ ਤੇਰੀ ਇਹ ਗੱਲ ਬੁਰੀ ਨਹੀਂ, ਸਗੋਂ ਚੰਗੀ ਲੱਗੀ। ਬਾਕੀ ਉਸ ਦਿਨ ਜੇ ਤੂੰ ਆ ਵੀ ਜਾਂਦੀ, ਇੰਟਰਵਿਊ ਵਿੱਚ ਮੈਂ ਤੇਰੀ ਕੋਈ ਮੱਦਦ ਨਹੀਂ ਸੀ ਕਰਨੀ।"

ਸੁਣ ਕੇ ਅੰਜਲੀ ਹੈਰਾਨ, ਸੇਠ ਜੀ ਦੀ ਇਸ ਗੱਲ ਦੀ ਵੀ ਹੈਰਾਨੀ ਹੋਈ ਕਿ 'ਮੈਂ ਕਿਸੇ ਹੋਰ ਵਿਸ਼ੇ 'ਤੇ ਗੱਲ ਕਰਨੀ ਸੀ, ਜਿਸਦਾ ਇਸ ਇੰਟਰਵਿਊ ਨਾਲ ਕੋਈ ਸਬੰਧ ਨਹੀਂ ਸੀ।'

“ਸਰ, ਸੁਰੇਸ਼ ਨੇ ਤਾਂ ਦੱਸਿਆ ਸੀ ਕਿ ਤੁਸੀਂ ਏਅਰ-ਲਾਈਨ ਵਿੱਚ ਹਿੱਸੇਦਾਰ ਹੋ, ਇਸ ਲਈ ਇੰਟਰਵਿਊ ਨਾਲ ਤੁਹਾਡਾ ਸਬੰਧ ਤਾਂ ਆਪਣੇ ਆਪ ਹੀ ਹੋ ਗਿਆ। ਮੈਂ ਤਾਂ ਏਹੋ ਸੋਚ ਰਹੀ ਸੀ ਤੁਹਾਡੀ ਗੱਲ ਨਹੀਂ ਮੰਨੀ ਤੇ ਮੈਨੂੰ ਨੌਕਰੀ ਨਹੀਂ ਮਿਲੀ।” ਅੰਜਲੀ ਕੁੱਝ ਹਿੰਮਤ ਨਾਲ ਗੱਲ ਕਰਨ ਲੱਗੀ।

“ਨਹੀਂ, ਇਹ ਗੱਲ ਨਹੀਂ, ਇੰਟਰਵਿਊ ਬੋਰਡ ਨੇ ਜੋ ਕਰਨਾ ਸੀ ਤੇ ਜੋ ਕੀਤਾ, ਇਹ ਉਨ੍ਹਾਂ ਦਾ ਆਪਣਾ ਫੈਸਲਾ ਸੀ ਤੇ ਆਪਣਾ ਕੰਮ। ਮੈਂ ਕਿਸੇ ਦੇ ਕੰਮ ’ਚ ਦਖ਼ਲਅੰਦਾਜ਼ੀ ਨਹੀਂ ਕਰਦਾ। ਦਖ਼ਲ-ਅੰਦਾਜ਼ੀ ਕਰਨ ਨਾਲ ਉਨ੍ਹਾਂ ਦੀ ਸਹੀ ਨਿਰਣਾ ਲੈਣ ਦੀ ਆਜ਼ਾਦੀ ਖ਼ਤਮ ਹੋ ਜਾਵੇਗੀ ਤੇ ਉਹ ਗਲਤ ਫੈਸਲਾ ਕਰ ਸਕਦੇ ਹਨ, ਕੰਪਨੀ ਦਾ ਨੁਕਸਾਨ ਹੋਵੇਗਾ। ਹਾਂ, ਜੇ ਉਨ੍ਹਾਂ ਨੇ ਮੇਰੀ ਕੋਈ ਸਲਾਹ ਲੈਣੀ ਹੈ ਤਾਂ ਮੈਂ ਸਲਾਹ ਦੇਵਾਂਗਾ, ਵਰਨਾ ਨਹੀਂ। ਮੈਂ ਕੰਮ ਵਿੱਚ ਵਿਸ਼ਵਾਸ ਰੱਖਦਾ ਹਾਂ। ਕੰਮ ਕਰੋ ਵੀ ਤੇ ਕੰਮ ਲਵੋ ਵੀ। ਕੰਮ ਲਵੋ, ਦੱਬ ਕੇ ਲਵੋ ਪਰ ਦਬਾ ਕੇ ਤੇ ਮਜ਼ਬੂਰ ਕਰਕੇ ਨਹੀਂ। ਕਿਸੇ ਦੀ ਅਜ਼ਾਦੀ ਨੂੰ ਖ਼ਤਮ ਕਰੋਗੇ, ਉਸਦੇ ਮਨ ਨੂੰ ਠੇਸ ਪਹੁੰਚੇਗੀ। ਕਿਸੇ ਸਟੇਜ ’ਤੇ ਜਾ ਕੇ ਉਹ ਰਿਐਕਟ ਕਰੇਗਾ ਤੇ ਮੌਕਾ ਆਉਣ ’ਤੇ ਤੁਹਾਨੂੰ ਠੇਸ ਵੀ ਪਹੁੰਚਾ ਸਕਦਾ ਹੈ। ਕੰਪਨੀ ਜਾਂ ਤੁਹਾਡਾ ਕੋਈ ਨੁਕਸਾਨ ਕਰ ਸਕਦਾ ਹੈ।”

ਅੰਜਲੀ ਇਹ ਗੱਲਾਂ ਸੁਣ ਕੇ ਹੈਰਾਨ ਕਿ ਸੇਠ ਜੀ ਇਹ ਕੀ ਕਹਿ ਰਹੇ ਨੇ। ਕੋਈ ਆਕਾਸ਼ਵਾਣੀ ਤਾਂ ਨਹੀਂ ਹੋ ਰਹੀ। ਕੋਈ ਬਿਜਨਸ-ਮੈਨ ਇਸ ਤਰ੍ਹਾਂ ਦੀਆਂ ਗੱਲਾਂ ਵੀ ਕਰ ਸਕਦਾ ਹੈ, ਇਹ ਤਾਂ ਕਦੇ ਸੋਚਿਆ ਹੀ ਨਹੀਂ। ਗੱਲਾਂ ’ਚ ਕੋਈ ਗੁੱਸਾ ਨਹੀਂ, ਕੋਈ ਗ਼ਿਲਾ ਨਹੀਂ, ਕੋਈ ਬਾੱਸ-ਗਿਰੀ ਵਾਲੀ ਗੱਲ ਨਹੀਂ। ਉਹ ਤਾਂ ਸੋਚਦੀ ਸੀ ਇੰਟਰਵਿਊ ਬੋਰਡ ਇੱਕ ਵਿਖਾਵਾ ਹੈ। ਮਾਲਕ ਆਪਣੀ ਪਸੰਦ ਦੀ ਸਿਲੈਕਸ਼ਨ ਲਿਸਟ ਬੋਰਡ ਕੋਲ ਭੇਜ ਦਿੰਦਾ ਹੋਵੇਗਾ ਤੇ ਬੋਰਡ ਉਸ ਉੱਪਰ ਮੋਹਰ ਲਾ ਦਿੰਦਾ ਹੋਵੇਗਾ। ਅੰਜਲੀ ਨੂੰ ਸੁਰੇਸ਼ ਦੀ ਉਹ ਗੱਲ ਯਾਦ ਆਈ, ਜਦ ਉਹ ਦੱਸ ਰਿਹਾ ਸੀ ਕਿ ਸੇਠ ਜੀ ਕਦੇ ਨਿਰਾਸ਼ ਤੇ ਨਾਰਾਜ਼ ਨਹੀਂ ਹੁੰਦੇ।

ਉਹ ਸੇਠ ਜੀ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋਣ ਲੱਗੀ। ਹੁਣ ਉਹ ਪੂਰੀ ਤਰ੍ਹਾਂ ਰੀਲੈਕਸ ਮਹਿਸੂਸ ਕਰ ਰਹੀ ਸੀ। ਉਸਨੂੰ ਸੇਠ ਜੀ ਦੇ ਇਹ ਵਿਚਾਰ ਵੀ ਚੰਗੇ ਲੱਗਣ ਲੱਗੇ, ‘ਦੱਬ ਕੇ ਕੰਮ ਲਵੋ ਪਰ ਦਬਾ ਕੇ ਨਹੀਂ।’ ਸੇਠ ਜੀ ਬਾਰੇ ਬਣਿਆ ਡਰ ਕਾਫ਼ੀ ਹੱਦ ਤੱਕ ਖ਼ਤਮ ਹੋਣ ਲੱਗਾ ਤੇ ਸਗੋਂ ਉਲਟਾ ਕੋਈ ਖਿੱਚ ਜਿਹੀ ਪੈਦਾ ਹੋ ਰਹੀ ਸੀ।

“ਸਰ ਕੀ ਮੈਨੂੰ ਇਸ ਕੰਪਨੀ ਵਿੱਚ ਕੋਈ ਕੰਮ ਮਿਲ ਸਕਦਾ ਹੈ?” ਉਸਨੇ ਬੇ-ਝਿਜਕ ਹੋ ਸਿੱਧਾ ਹੀ ਪੁੱਛ ਲਿਆ।

“ਬਿਲਕੁਲ ਮਿਲ ਸਕਦਾ ਹੈ। ਤੈਨੂੰ ਕੰਮ ਦੀ ਜ਼ਰੂਰਤ ਹੈ, ਮੈਨੂੰ

ਪਰਸਨਲ-ਸੈਕਟਰੀ ਦੀ। ਉਸ ਲੜਕੀ ਦੀ ਜ਼ਰੂਰਤ ਹੈ, ਜੋ ਪੂਰੀ ਤਰ੍ਹਾਂ ਆਪਣੇ ਆਪ ਨੂੰ ਮੇਰੇ ਲਈ ਤੇ ਮੇਰੇ ਕੰਮ ਲਈ ਸਮਰਪਣ ਕਰ ਦੇਵੇ। ਮੇਰੇ ਹਰ ਕੰਮ ਤੇ ਲੋੜ ਨੂੰ ਆਪਣੀ ਜ਼ਿੰਮੇਵਾਰੀ ਸਮਝ ਪੂਰਾ ਕਰ ਸਕਦੀ ਹੋਵੇ। ਉਸਦਾ ਹਰ ਕੰਮ ਤੇ ਲੋੜ ਨੂੰ ਪੂਰਾ ਕਰਨਾ, ਫਿਰ ਮੇਰੀ ਜ਼ਿੰਮੇਵਾਰੀ, ਜਸਟ ਗਿਵ ਐਂਡ ਟੇਕ।"

ਅੰਜਲੀ ਘਬਰਾ ਗਈ, ਸੋਚਣ ਲੱਗੀ, 'ਕੰਮ ਤਾਂ ਠੀਕ ਹੈ ਪਰ ਹਰ ਲੋੜ, ਸੇਠ ਜੀ ਦੀ ਕੀ-ਕੀ ਲੋੜ ਹੋ ਸਕਦੀ ਹੈ, ਕੀ ਉਹ ਹਰ ਲੋੜ ਪੂਰੀ ਕਰ ਸਕੇਗੀ ?'

ਬੈਠੇ-ਬੈਠੇ ਉਸਨੂੰ ਆਪਣੀ ਸਹੇਲੀ ਸ਼ਿਲਪੀ ਦੀ ਕਹੀ ਗੱਲ ਯਾਦ ਆਈ, "ਅੰਜਲੀ ਜ਼ਿੰਦਗੀ ਵਿੱਚ ਕੁੱਝ ਪਾਉਣ ਲਈ, ਕਈ ਵਾਰ ਕੁੱਝ ਖੋਣਾ ਵੀ ਪੈ ਜਾਂਦੈ। ਮੈਂ ਜਿਸ ਲਾਈਨ ਵਿੱਚ ਹਾਂ, ਏਥੇ ਵੀ ਕਦੀ-ਕਦੀ ਸਮਝੌਤੇ ਕਰਨੇ ਪੈਂਦੇ ਨੇ ਤੇ ਇਹ ਆਪਣੇ 'ਤੇ ਨਿਰਭਰ ਹੈ ਅਸੀਂ ਕੀ ਕਰਨੈ।'

ਅੰਜਲੀ ਨੂੰ ਸੋਚਾਂ 'ਚ ਪਈ ਵੇਖ ਸੇਠ ਜੀ ਬੋਲੇ, "ਅੰਜਲੀ, ਘਬਰਾਉਣ ਦੀ ਕੋਈ ਲੋੜ ਨਹੀਂ। ਤੂੰ ਜਿਸ ਆਜ਼ਾਦੀ ਨਾਲ ਇੱਥੇ ਆਈ ਹੈਂ, ਉਸੇ ਤਰ੍ਹਾਂ ਵਾਪਸ ਜਾ ਸਕਦੀ ਹੈਂ। ਨਾ ਤੇਰੇ ਵੱਲ ਕੋਈ ਉਂਗਲ ਕਰ ਸਕਦਾ ਹੈ, ਨਾ ਉਂਗਲ ਚੁੱਕ ਸਕਦਾ ਹੈ ਤੇ ਇਹ ਅਧਿਕਾਰ ਮੈਨੂੰ ਵੀ ਨਹੀਂ। ਤੂੰ ਜੋ ਵੀ ਫੈਸਲਾ ਲੈਣਾ ਹੈ, ਆਪਣੀ ਆਜ਼ਾਦ ਮਰਜ਼ੀ ਨਾਲ ਲੈਣਾ। ਮੈਨੂੰ ਕੋਈ ਜ਼ਰੂਰੀ ਕੰਮ ਹੈ ਤੇ ਠੀਕ ਅੱਧੇ ਘੰਟੇ ਬਾਅਦ ਵਾਪਸ ਆਵਾਂਗਾ। ਤੂੰ ਜਾਣਾ ਚਾਹੇਂ ਜਾ ਸਕਦੀ ਹੈਂ, ਇੰਤਜ਼ਾਰ ਕਰਨਾ ਚਾਹੇਂ ਤਾਂ ਨਾਲ ਦੇ ਕਮਰੇ ਵਿੱਚ ਜਾ ਕੇ ਆਰਾਮ ਕਰ ਸਕਦੀ ਹੈਂ।" ਐਨੀ ਗੱਲ ਕਹਿ ਸੇਠ ਜੀ ਖੜ੍ਹੇ ਹੋ ਗਏ।

"ਸਰ, ਮੈਂ ਸੋਚ ਕੇ ਦੱਸਾਂਗੀ।"

"ਠੀਕ ਹੈ, ਨਾਲ ਦੇ ਕਮਰੇ ਵਿੱਚ ਬੈਠ ਆਰਾਮ ਨਾਲ ਸੋਚੋ।" ਤੇ ਉਹ ਚਲਾ ਗਿਆ।

ਬੜਾ ਆਲੀਸ਼ਾਨ ਕਮਰਾ ਸੀ। ਥੋੜ੍ਹੀ ਦੇਰ ਬਾਅਦ ਕੋਈ ਮਾਈ ਆ ਕੇ ਉਸਨੂੰ ਪਾਣੀ ਦਾ ਗਿਲਾਸ ਦੇ ਗਈ। ਫਿਰ ਕਾਫ਼ੀ ਦਾ ਕੱਪ ਅਤੇ ਸਨੈਕਸ ਦੇ ਗਈ। ਹੁਣ ਉਹ ਕਾਫ਼ੀ ਪੀ ਰਹੀ ਸੀ ਤੇ ਸੋਚੀ ਜਾ ਰਹੀ ਸੀ।

'ਕੋਈ ਹੇਰ-ਫੇਰ ਨਹੀਂ, ਕੋਈ ਲੁਕ-ਲੁਕਾ ਨਹੀਂ, ਸਰ ਨੇ ਸਭ ਕੁੱਝ ਸਾਫ਼-ਸਾਫ਼ ਕਹਿ ਦਿੱਤਾ ਹੈ। ਕੀ ਫੈਸਲਾ ਕਰਾਂ, ਇਹ ਮੇਰੇ ਉੱਪਰ ਹੈ, ਮੇਰੀ ਮਰਜ਼ੀ ਉੱਪਰ।' ਅੰਜਲੀ ਨੂੰ ਆਪਣੀ ਮਾਂ ਯਾਦ ਆਈ, ਜੋ ਡੈਡੀ ਦੀ ਮੌਤ ਤੋਂ ਬਾਅਦ ਕਿਸੇ ਦਫ਼ਤਰ ਦੀ ਨੌਕਰੀ ਕਰਨ ਲੱਗੀ ਸੀ। ਡੈਡੀ ਇੱਕ ਫੈਕਟਰੀ ਵਰਕਰ ਸੀ ਤੇ ਘਰ ਆ ਕੇ ਹਮੇਸ਼ਾ ਫੈਕਟਰੀ ਮਾਲਕ ਬਾਬਤ ਬੁਰਾ-ਭਲਾ ਬੋਲਦਾ ਰਹਿੰਦਾ। ਮਾਲਕ ਨੂੰ ਹਮੇਸ਼ਾ ਕਾਲਾ ਅੰਗਰੇਜ਼ ਦੱਸਦਾ। ਉਸਨੂੰ ਸਭ ਫੈਕਟਰੀ ਮਾਲਕਾਂ ਨਾਲ ਨਫ਼ਰਤ ਸੀ ਤੇ ਕਿਹਾ ਕਰਦਾ, 'ਇਨ੍ਹਾਂ ਕਾਲੇ ਅੰਗਰੇਜ਼ਾਂ ਨੇ ਸਾਨੂੰ

ਗੁਲਾਮ ਬਣਾ ਰੱਖਿਆ ਹੈ, ਇੱਕ ਦਿਨ ਅਸੀਂ ਆਜ਼ਾਦੀ ਲੈ ਕੇ ਰਹਾਂਗੇ।' ਇੱਕ ਦਿਨ ਕੰਮ 'ਤੇ ਜਾ ਰਿਹਾ ਸੀ ਕਿ ਰਸਤੇ 'ਚ ਕੋਈ ਟਰੱਕ ਫੇਟ ਮਾਰ ਗਿਆ ਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ।

ਜਦ ਡੈਡੀ ਜਿੰਦਾ ਸਨ, ਕਾਫ਼ੀ ਲੋਕ ਘਰ ਆਉਂਦੇ ਤੇ ਉਹ ਸਭ ਆਪਣੇ ਮਾਲਕਾਂ ਨੂੰ ਗਾਲਾਂ ਕੱਢਦੇ। ਡੈਡੀ ਦੀ ਮੌਤ ਤੋਂ ਬਾਅਦ ਸਭ ਕੁੱਝ ਬਦਲ ਗਿਆ ਤੇ ਹੁਣ ਕੋਈ ਘਰ ਨਹੀਂ ਸੀ ਆਉਂਦਾ। ਇੱਕ ਭੈੜੇ ਜਿਹੇ ਮੂੰਹ ਵਾਲਾ ਜੋ ਆਪਣੇ-ਆਪ ਨੂੰ ਡੈਡੀ ਦਾ ਸਾਥੀ ਦੱਸਦਾ ਸੀ, ਮਿਲਣ ਬਹਾਨੇ ਇਕੱਲਾ ਘਰ ਆਉਣ ਲੱਗ ਪਿਆ। ਉਹ ਉਸ ਵਕਤ ਘਰ ਆਉਂਦਾ, ਜਦ ਅਸੀਂ ਸਕੂਲ ਗਏ ਹੁੰਦੇ ਤੇ ਮੰਮੀ ਨਾਲ ਕੁੱਝ ਹੋਰ-ਹੋਰ ਤਰ੍ਹਾਂ ਦੀਆਂ ਗੱਲਾਂ ਕਰਦਾ।

ਮੰਮੀ ਉਸਦਾ ਆਉਣਾ ਪਸੰਦ ਨਹੀਂ ਸੀ ਕਰਦੀ। ਮੰਮੀ ਸਭ ਸਮਝਦੀ ਸੀ। ਸਦਮੇ ਵਿੱਚ ਸੀ ਤੇ ਕੁੱਝ ਦਿਨ ਉਸਨੂੰ ਬਰਦਾਸ਼ਤ ਕਰਦੀ ਰਹੀ। ਇੱਕ ਦਿਨ ਗੱਲਾਂ-ਗੱਲਾਂ 'ਚ ਉਸਨੇ ਮੰਮੀ ਨਾਲ ਗਲਤ ਹਰਕਤ ਕਰਨ ਦੀ ਕੋਸ਼ਿਸ਼ ਕੀਤੀ। ਮੰਮੀ ਉਸਨੂੰ ਟੁੱਟ ਕੇ ਪੈ ਗਈ ਤੇ ਬੁਰੀ ਤਰ੍ਹਾਂ ਝਿੜਕ ਦਿੱਤਾ। ਫਿਰ ਉਹ ਕਦੀ ਨਹੀਂ ਸੀ ਆਇਆ। ਬਾਅਦ ਵਿੱਚ ਮੰਮੀ ਨੇ ਇਹ ਸਭ ਮੈਨੂੰ ਦੱਸਿਆ ਸੀ। ਛੋਟੇ ਭਰਾ ਨਾਲ ਅਸੀਂ ਕੋਈ ਗੱਲ ਨਹੀਂ ਸੀ ਕੀਤੀ।

ਅੰਜਲੀ ਨੂੰ ਉਹ ਸਭ ਯਾਦ ਆ ਰਿਹਾ ਸੀ, ਕਿਵੇਂ ਮੰਮੀ ਨੇ ਔਖੇ ਹੋ-ਹੋ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਝੱਲਦਿਆਂ ਅੰਜਲੀ ਨੂੰ ਪੜ੍ਹਾਇਆ ਤੇ ਬੇਟੇ ਨੂੰ ਵੀ ਪੜ੍ਹਾ ਰਹੀ ਸੀ। ਜਦੋਂ ਵੀ ਮੈਂ ਮੰਮੀ ਨੂੰ ਉਸਦੇ ਮਾਲਕ ਬਾਰੇ ਪੁੱਛਦੀ ਤਾਂ ਮੰਮੀ ਉਸਨੂੰ ਅਸੀਸਾਂ ਦੇਣ ਲੱਗ ਪੈਂਦੀ ਤੇ ਕਿਹਾ ਕਰਦੀ, "ਬੇਟੀ ਰੱਬ ਉਸਦਾ ਭਲਾ ਕਰੇ, ਉਹ ਰੱਬ ਨੂੰ ਮੰਨਣ ਵਾਲਾ ਬਹੁਤ ਸਾਊ ਤੇ ਸਮਾਜ-ਸੇਵੀ ਬੰਦਾ ਹੈ।" ਮੰਮੀ ਉਸਨੂੰ ਸਦਾ ਦੁਆਵਾਂ ਹੀ ਦਿੰਦੀ।

ਅੰਜਲੀ ਸੋਚ ਰਹੀ ਸੀ ਇੱਕ ਮੇਰੇ ਡੈਡੀ ਦਾ ਮਾਲਕ ਸੀ, ਇੱਕ ਮੇਰੀ ਮੰਮੀ ਦਾ ਮਾਲਕ। ਮਾਲਕਾਂ ਬਾਰੇ ਡੈਡੀ ਦੇ ਵਿਚਾਰਾਂ ਵਿੱਚ ਤੇ ਮੰਮੀ ਦੇ ਵਿਚਾਰਾਂ ਵਿੱਚ ਕਿੰਨਾ ਫ਼ਰਕ ਹੈ। ਤੀਜਾ ਇਹ ਮਾਲਕ ਹੈ, ਜਿਸ ਦੇ ਦਫ਼ਤਰ ਵਿੱਚ ਮੈਂ ਬੈਠੀ ਹਾਂ। ਮੈਂ ਕਿਸ ਦੇ ਵਿਚਾਰਾਂ ਨਾਲ ਸਹਿਮਤ ਹੋਵਾਂ, ਡੈਡੀ ਜਾਂ ਮੰਮੀ? ਆਹ ਚਾਹ ਵਾਲੀ ਮਾਈ ਵੀ ਇਸ ਮਾਲਕ ਬਾਰੇ ਕਹਿ ਰਹੀ ਸੀ, 'ਸੇਠ ਜੀ ਦੇਵਤਾ ਇਨਸਾਨ ਹਨ।'

ਪਰ ਆਹ 'ਗਿਵ ਐਂਡ ਟੇਕ' ਵਾਲੀ ਗੱਲ ਕੀ ਹੈ? ਸੇਠ ਜੀ ਦਾ ਕੀ ਮਤਲਬ ਹੋ ਸਕਦਾ ਹੈ। ਕਦੇ ਉਸਨੂੰ ਇਹ ਗੱਲ ਆਮ ਜਿਹੀ ਲੱਗਦੀ।

'ਇੱਕ ਆਦਮੀ ਤੇ ਔਰਤ ਵਿੱਚ ਵੱਧ ਤੋਂ ਵੱਧ ਕੀ ਹੋ ਸਕਦਾ ਹੈ, ਆਪਣਾ ਆਪ ਇੱਕ ਦੂਜੇ ਨੂੰ ਸਮਰਪਣ, ਹੋਰ ਕੀ?'

'ਨਹੀਂ, ਜਦ ਆਪਣਾ ਆਪ ਹੀ ਸਮਰਪਣ ਕਰ ਦਿੱਤਾ, ਬਾਕੀ ਬਚਿਆ

ਹੀ ਕੀ। ਸਰੀਰ ਵੀ ਤਾਂ ਗਹਿਣਾ ਹੈ, ਜੋ ਔਰਤ ਸ਼ਾਦੀ ਲਈ ਸੰਭਾਲ ਕੇ ਰੱਖਦੀ ਹੈ।' ਤੇ ਇਹੀ ਗੱਲ ਬਹੁਤ ਵੱਡੀ ਲੱਗਣ ਲੱਗ ਜਾਂਦੀ।

'ਕੀ ਇਹ ਐਨਾ ਅਨਮੋਲ ਹੈ ਕਿ ਇਸਨੂੰ ਸੰਭਾਲ ਕੇ ਰੱਖਣਾ ਬਹੁਤ ਜ਼ਰੂਰੀ ਹੈ?'

'ਕੀ ਘਰ, ਮੰਮੀ, ਭਰਾ ਦੀ ਪੜ੍ਹਾਈ, ਇਹ ਗੱਲਾਂ ਇਸਤੋਂ ਵੀ ਵੱਧ ਜ਼ਰੂਰੀ ਨਹੀਂ?'

'ਮੇਰਾ ਸਰੀਰ ਹੈ, ਮੇਰੀ ਜ਼ਿੰਦਗੀ ਹੈ, ਮੈਂ ਜੋ ਮਰਜ਼ੀ ਕਰਾਂ, ਕਿਸੇ ਨੂੰ ਕੀ ਮਤਲਬ?'

'ਨਹੀਂ, ਇਸ ਉੱਪਰ ਕਿਸੇ ਹੋਰ ਦਾ ਵੀ ਹੱਕ ਹੈ।'

'ਹੋਰ ਦਾ ਹੱਕ, ਉਹ ਕਿਵੇਂ?'

ਬੜੇ ਖ਼ਿਆਲ ਮਨ 'ਚ ਆ ਰਹੇ ਸਨ। ਖ਼ਿਆਲ ਕੀ, ਇਹ ਤਾਂ ਖ਼ਿਆਲਾਂ ਦਾ ਤੂਫ਼ਾਨ ਸੀ, ਜਿਸ 'ਚ ਉਹ ਆਪਣੇ ਆਪ ਨੂੰ ਫਸੀ ਮਹਿਸੂਸ ਕਰ ਰਹੀ ਸੀ। ਕੀ ਫੈਸਲਾ ਕਰੇ, ਕੁਝ ਸਮਝ ਨਹੀਂ ਸੀ ਆ ਰਿਹਾ। ਠੀਕ ਅੱਧੇ ਘੰਟੇ ਬਾਅਦ ਸੇਠ ਜੀ ਵਾਪਸ ਆ ਗਏ। ਅੰਜਲੀ ਫਿਰ ਸੇਠ ਜੀ ਦੇ ਸਾਹਮਣੇ ਜਾ ਬੈਠੀ।

"ਹਾਂ ਅੰਜਲੀ, ਬੋਰ ਤਾਂ ਨਹੀਂ ਹੋਈ?"

"ਨਹੀਂ ਸਰ, ਐਸੀ ਕੋਈ ਗੱਲ ਨਹੀਂ।"

"ਫਿਰ ਕੀ ਇਰਾਦਾ ਹੈ?"

ਕੁਝ ਸੋਚ ਕੇ, "ਸਰ, ਮੈਨੂੰ ਡਰ ਲੱਗਦਾ ਹੈ।"

"ਕਿਸ ਤੋਂ, ਮੇਰੇ ਤੋਂ ਡਰ ਲੱਗਦਾ ਹੈ, ਜਾਂ ਕੰਮ ਤੋਂ?"

ਅੰਜਲੀ ਫਿਰ ਇਸਦਾ ਕੋਈ ਜਵਾਬ ਨਾ ਦੇ ਸਕੀ, ਕਿਸ ਤੋਂ ਦੱਸਦੀ, ਉਹ ਚੁੱਪ ਸੀ।

"ਡਰ ਕੇ ਕੋਈ ਕੰਮ ਨਹੀਂ ਕਰਨਾ ਚਾਹੀਦਾ। ਮੈਂ ਵਿਸ਼ਵਾਸ, ਯਕੀਨ, ਭਰੋਸਾ, ਤਸੱਲੀ, ਸੰਤੁਸ਼ਟੀ ਵਰਗੇ ਰਿਸ਼ਤਿਆਂ 'ਚ ਵਿਸ਼ਵਾਸ ਰੱਖਦਾ ਹਾਂ ਤੇ ਏਹੋ ਮੇਰੀ ਜ਼ਿੰਦਗੀ ਦਾ ਅਸੂਲ ਹੈ।"

ਭਾਵੇਂ ਸੇਠ ਜੀ ਅੰਜਲੀ ਨੂੰ ਆਪਣੀ ਸੈਕਟਰੀ ਦੇ ਤੌਰ 'ਤੇ ਰੱਖਣ ਦਾ ਮਨ ਕੁੱਝ-ਕੁੱਝ ਬਣਾ ਚੁੱਕੇ ਸਨ। ਉਨ੍ਹਾਂ ਨੂੰ ਜ਼ਿਆਦਾ ਮਤਲਬ ਵੀ ਕੰਮ ਤੱਕ ਹੀ ਸੀ। ਉਨ੍ਹਾਂ ਦੀ ਆਪਣੀ ਇੱਕ ਸਮੱਸਿਆ ਸੀ ਤੇ ਡਰ ਵੀ। ਉਹ ਸਮਝਦਾ ਸੀ ਅੰਜਲੀ ਜਵਾਨ ਹੈ। ਇਸ ਉਮਰ ਦੀਆਂ ਕੁੜੀਆਂ ਦੇ ਮਨ ਅੰਦਰ ਕਈ ਤਰ੍ਹਾਂ ਦੇ ਜਜ਼ਬੇ ਤੇ ਉਬਾਲ ਹੁੰਦੇ ਹਨ। ਘਰ ਤੋਂ ਦੂਰ ਇਕੱਲੀ ਲੜਕੀ ਤੇ ਇਹ ਜਜ਼ਬੇ ਹੋਰ ਭਾਰੂ ਹੋ ਜਾਂਦੇ ਹਨ। ਅਗਰ ਇਹ ਆਪਣੇ ਜਜ਼ਬਿਆਂ 'ਤੇ ਕਾਬੂ ਨਾ ਰੱਖ ਸਕੀ ਤਾਂ ਮਨ 'ਚ ਆਏ ਪੁੱਠੇ-ਸਿੱਧੇ ਖ਼ਿਆਲ ਇਸਨੂੰ ਭਟਕਾ ਸਕਦੇ ਹਨ। ਇਹ ਆਪਣੀ ਜਿਸਮਾਨੀ ਲੋੜ ਲਈ ਕਿਸੇ ਨਾਲ ਰਿਲੇਸ਼ਨ ਵਿੱਚ ਉਲਝ

ਸਕਦੀ ਹੈ। ਇਹ ਕਿਸੇ ਗਲਤ ਆਦਮੀ ਨਾਲ ਉਲਝ ਗਈ ਤਾਂ ਕੰਪਨੀ ਦਾ ਨੁਕਸਾਨ ਹੋ ਸਕਦਾ ਹੈ। ਕੰਪਨੀਆਂ ਦੇ ਕਈ ਬੜੇ ਗੁੱਝੇ ਭੇਦ ਹੁੰਦੇ ਹਨ, ਜੋ ਇਹ ਜ਼ਾਹਰ ਕਰ ਸਕਦੀ ਹੈ। ਇਸਦਾ ਪ੍ਰੇਮੀ ਇਸਨੂੰ ਈਮੋਸ਼ਨਲ ਬਲੈਕ-ਮੇਲ ਕਰਕੇ ਭੇਦ ਪਾ ਸਕਦਾ ਹੈ। ਇਸ ਉਮਰ ਦੀ ਕੁੜੀ ਆਪਣੇ ਪ੍ਰੇਮੀ ਮੂਹਰੇ, ਟਰੈਂ-ਟਰੈਂ ਕਰ ਸਭ ਉਗਲ ਜਾਂਦੀ ਹੈ।

ਇਸ ਲਈ ਸੇਠ ਜੀ ਬਿਨਾਂ ਕੋਈ ਦਬਾਅ ਦੇ, 'ਗਿਵ ਐਂਡ ਟੇਕ' ਦੇ ਭੇਦ ਨੂੰ ਬਣਾਈ ਰੱਖਣਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਅੰਜਲੀ ਦੇ ਮਨ 'ਤੇ ਖ਼ੁਦ ਹੀ, ਕੰਮ ਦਾ ਤੇ ਸੇਠ ਜੀ ਦਾ ਡਰ ਬਣਿਆ ਰਹੇ। ਉਹ ਕਿਸੇ ਰਿਲੇਸ਼ਨ ਵਾਲੀ ਗੱਲ ਤੋਂ ਦੂਰ ਹੀ ਰਹੇ ਤਾਂ ਚੰਗਾ।

"ਠੀਕ ਹੈ ਅੰਜਲੀ, ਤੂੰ ਜਾ ਸਕਦੀ ਹੈਂ।" ਸਭ ਗੱਲਾਂ ਨੂੰ ਧਿਆਨ 'ਚ ਰੱਖਦਿਆਂ ਸੇਠ ਜੀ ਨੇ ਫੈਸਲਾ ਸੁਣਾ ਦਿੱਤਾ।

ਇਹ ਸੁਣ ਕੇ ਅੰਜਲੀ ਨੂੰ ਝਟਕਾ ਲੱਗਾ, ਹੈਰਾਨੀ ਹੋਈ ਤੇ ਥੋੜ੍ਹੀ ਨਮੋਸ਼ੀ ਵੀ। ਨਮੋਸ਼ੀ ਇਸ ਗੱਲ ਦੀ ਕਿ ਉਸਦੇ ਮਨ ਅੰਦਰ ਡੈਡੀ ਤੇ ਉਸ ਦੇ ਸਾਥੀਆਂ ਦੀਆਂ ਗੱਲਾਂ ਸੁਣ-ਸੁਣ, ਮਾਲਕਾਂ ਪ੍ਰਤੀ ਇੱਕ ਸਟੀਰੀਓ ਟਾਈਪ ਭਾਵਨਾ ਭਰੀ ਪਈ ਹੈ, ਜੋ ਸ਼ਾਇਦ ਅੱਜ ਵੀ ਉਸ 'ਤੇ ਭਾਰੂ ਹੈ।

"ਸਰ ਉਸ ਦਿਨ ਆਪ ਨੇ ਮੈਨੂੰ ਕਿਉਂ ਬੁਲਾਇਆ ਸੀ?" ਇਸਤੋਂ ਪਹਿਲਾਂ ਕਿ ਸੇਠ ਜੀ ਚਲੇ ਜਾਂਦੇ, ਉਸਨੇ ਇਕਦਮ ਗੱਲ ਬਦਲੀ।

"ਇੰਟਰਵਿਊ ਵਾਲੀਆਂ ਸਾਰੀਆਂ ਕੁੜੀਆਂ ਦੇ ਬਾਇਓ-ਡਾਟਾ ਮੈਂ ਪੜ੍ਹੇ ਤੇ ਸਭ ਦੀ ਫੋਟੋ ਵੀ ਗੌਰ ਨਾਲ ਦੇਖੀ। ਕਈ ਕੁੜੀਆਂ ਤੈਥੋਂ ਵੀ ਬਹੁਤ ਸੋਹਣੀਆਂ ਸਨ ਤੇ ਹੁਣ ਤੂੰ ਸਭ ਨੂੰ ਮਿਲ ਤੇ ਦੇਖ ਚੁੱਕੀ ਹੈਂ। ਮੈਨੂੰ ਸਿਰਫ਼ ਤੇ ਸਿਰਫ਼ ਸੋਹਣੀ ਕੁੜੀ ਚਾਹੀਦੀ ਹੁੰਦੀ, ਫੇਰ ਮੈਂ ਤੈਨੂੰ ਨਾ ਬੁਲਾਉਂਦਾ। ਮੈਨੂੰ ਕੁੱਝ ਹੋਰ ਚਾਹੀਦਾ ਸੀ, ਜੋ ਮੈਨੂੰ ਲੱਗਾ ਸ਼ਾਇਦ ਉਹ ਤੇਰੇ ਵਿੱਚ ਹੋਵੇ। ਇਸ ਲਈ ਤੈਨੂੰ ਬੁਲਾਇਆ ਸੀ।"

ਅੰਜਲੀ ਹੈਰਾਨ, 'ਸਰ ਦੀ ਗੱਲ ਬਿਲਕੁਲ ਠੀਕ ਸੀ। ਕਈ ਕੁੜੀਆਂ ਰੂਪ ਤੇ ਸੁੰਦਰਤਾ ਪੱਖੋਂ ਮੇਰੇ ਤੋਂ ਬਹੁਤ ਸੋਹਣੀਆਂ ਸਨ। ਮੇਰੇ ਵਿੱਚ ਐਸਾ ਕੀ ਹੈ, ਜੋ ਸਰ ਨੂੰ ਚਾਹੀਦਾ ਹੈ। ਇੰਟਰਵਿਊ ਬੋਰਡ ਵਾਲੀਆਂ ਨੇ ਮੇਰੇ ਅੰਦਰ ਅਜਿਹਾ ਸਪੈਸ਼ਲ ਕੁੱਝ ਕਿਉਂ ਨਹੀਂ ਦੇਖਿਆ, ਜੋ ਸਰ ਨੇ ਦੇਖ ਲਿਆ।' ਉਹ ਸੋਚਣ ਲੱਗੀ।

"ਅੰਜਲੀ ਮੈਂ ਫਿਰ ਕਹਿੰਦਾ ਹਾਂ, ਮਨ 'ਤੇ ਬੋਝ ਪਾਉਣ ਵਾਲੀ ਕੋਈ ਗੱਲ ਨਹੀਂ। ਮੈਂ ਕੋਈ ਲੰਬੀ-ਚੌੜੀ ਗੱਲ ਕਰਨੀ ਵੀ ਨਹੀਂ ਚਾਹੁੰਦਾ ਪਰ ਹਾਂ, ਐਨਾ ਜ਼ਰੂਰ ਕਹਾਂਗਾ ਕਿ ਬਹੁਤੀਆਂ ਲੜਕੀਆਂ ਆਪਣੇ ਬੱਸ ਲਈ ਕੁੱਝ ਵੀ ਕਰਨ ਨੂੰ ਤਿਆਰ ਨੇ। ਸਮਝਦੀ ਹੈ ਨਾ, ਕੁੱਝ ਵੀ ਪਰ ਕੰਮ ਨੀ। ਵਿਹਲੀਆਂ

ਰਹਿਣਾ ਚਾਹੁੰਦੀਆਂ ਨੇ। ਸ਼ੋਅ-ਪੀਸ ਬਣ ਕੇ ਆਲੇ-ਦੁਆਲੇ ਘੁੰਮਣਾ ਚਾਹੁੰਦੀਆਂ ਨੇ ਤੇ ਜ਼ਿਆਦਾ ਸੋਹਣੀਆਂ ਖ਼ਾਸ ਤੌਰ 'ਤੇ।"

"ਮੈਨੂੰ ਇੱਕ ਸੁਸ਼ੀਲ, ਇਮਾਨਦਾਰ, ਸਮਝਦਾਰ, ਮਿਹਨਤੀ, ਕੰਮ ਕਰਨ ਵਾਲੀ ਲੜਕੀ ਦੀ ਲੋੜ ਹੈ। ਤੇਰੇ ਬਾਰੇ ਹੋ ਸਕਦੈ, ਮੈਂ ਗਲਤ ਹੋਵਾਂ ਪਰ ਇਹ ਵੀ ਇੱਕ ਦਾਅ ਹੈ। ਮੇਰੀ ਇਹ ਸੋਚ ਬਣੀ ਕਿ ਤੂੰ ਇੱਕ ਖ਼ੁੱਦਾਰ ਲੜਕੀ ਹੈ। ਮੈਂ ਤੇਰਾ ਬਾਇਓ-ਡਾਟਾ ਤੇ ਤੇਰੀ ਫੋਟੋ ਬੜੇ ਧਿਆਨ ਨਾਲ ਦੇਖੀ ਸੀ। ਸੁਰੇਸ਼ ਨੇ ਆ ਕੇ ਵੀ ਤੇਰੀ ਸਾਰੀ ਤਸਵੀਰ ਪੇਸ਼ ਕੀਤੀ ਸੀ। ਤੇਰਾ ਉਸ ਦਿਨ ਨਾ ਆਉਣਾ ਮੈਨੂੰ ਚੰਗਾ ਲੱਗਾ। ਮੇਰਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਤੂੰ ਇੱਕ ਖ਼ੁੱਦਾਰ ਲੜਕੀ ਹੈ ਤੇ ਮੈਨੂੰ ਇੱਕ ਖ਼ੁੱਦਾਰ ਲੜਕੀ ਦੀ ਜ਼ਰੂਰਤ ਹੈ, ਬੱਸ।"

"ਕੋਈ ਜਲਦੀ ਨਹੀਂ, ਕੋਈ ਦਬਾਅ ਨਹੀਂ। ਫੈਸਲਾ ਤੂੰ ਕਰਨਾ ਹੈ। ਜਦ ਮਰਜ਼ੀ ਦੱਸ ਦੇਣਾ। ਨਹੀਂ ਦੱਸਣਾ ਫਿਰ ਵੀ ਕੋਈ ਗੱਲ ਨਹੀਂ। ਹੁਣ ਤੂੰ ਜਾ ਸਕਦੀ ਐਂ।" ਤੇ ਉਹ ਜਾਣ ਲਈ ਉੱਠ ਕੇ ਖੜ੍ਹਾ ਹੋ ਗਿਆ।

ਅੰਜਲੀ ਦੇ ਮਨ 'ਚ ਕੋਈ ਘਮਸਾਨ ਚੱਲ ਰਿਹਾ ਸੀ। ਵਕਤ ਰੇਤ ਦੀ ਤਰ੍ਹਾਂ ਮੁੱਠੀ 'ਚੋਂ ਕਿਰਦਾ ਜਾ ਰਿਹਾ ਸੀ। ਇਹ ਉਸਦੇ ਆਤਮ ਵਿਸ਼ਵਾਸ ਦੇ ਪਰਖ਼ ਦੀ ਘੜੀ ਸੀ। ਜਾਨੀ ਕਿ ਫ਼ੈਸਲੇ ਦੀ ਘੜੀ ਆ ਚੁੱਕੀ ਸੀ। 'ਹਾਂ ਜਾਂ ਨਾਹ' — 'ਹਾਂ ਜਾਂ ਨਾਹ' ਕੋਈ ਨਾ ਕੋਈ ਫ਼ੈਸਲਾ ਤਾਂ ਲੈਣਾ ਹੀ ਪੈਣਾ ਸੀ।

ਅੰਜਲੀ ਨੇ ਮਨ ਹੀ ਮਨ ਸੋਚਿਆ ਤੇ ਆਪਣੇ ਆਪ ਨੂੰ ਫਿਟਕਾਰਿਆ, 'ਅੰਜਲੀ ਤੂੰ ਕਮਜ਼ੋਰ ਤਾਂ ਨਹੀਂ ਸੀ, ਅੱਜ ਐਨੀ ਕਮਜ਼ੋਰੀ ਕਿਉਂ? ਫ਼ੈਸਲਾ ਲੈਣ ਵਿੱਚ ਐਨੀ ਝਿਜਕ ਤੇ ਡਰ ਕਿਉਂ?'

ਕੋਈ ਕਰੰਟ ਜਿਹਾ ਸਰੀਰ ਵਿੱਚੋਂ ਲੰਘਿਆ। ਉਹ ਝਟਕੇ ਨਾਲ ਉੱਠ ਕੇ ਖੜ੍ਹੀ ਹੋ ਗਈ। ਫਿਰ ਪੂਰੇ ਆਤਮ-ਵਿਸ਼ਵਾਸ ਨਾਲ ਸੇਠ ਜੀ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਬੋਲੀ, "ਸਰ ਮੈਂ ਫੈਸਲਾ ਕਰ ਲਿਆ ਹੈ।"

# ਸੁਪਨੇ ਦੀ ਜ਼ਖ਼ਮੀ ਗਾਥਾ

ਜਦ ਦੋਵੇਂ ਘਰ ਪਹੁੰਚੇ ਤਾਂ ਸਭ ਕੁੱਝ ਦੇਖ ਕੇ ਹੈਰਾਨ ਰਹਿ ਗਏ। ਜੀਤੀ ਤਾਂ ਸਾਰੇ ਰਾਹ ਇਹੀ ਸੋਚਦੀ ਆਈ ਸੀ ਕਿ ਘਰ ਪਹੁੰਚ ਕੇ ਸਭ ਤੋਂ ਪਹਿਲਾਂ ਮੰਮੀ ਨਾਲ ਜਹਾਜ਼ ਦੀਆਂ ਗੱਲਾਂ ਕਰਨੀਆਂ ਨੇ। ਸਾਰੀਆਂ ਉਹ ਗੱਲਾਂ, ਜੋ ਪਿਛਲੇ ਛੇ ਮਹੀਨੇ 'ਚ ਉਸ ਨੇ ਦੇਖੀਆਂ ਜਾਂ ਸੁਣੀਆਂ। ਬਾਕੀ ਸਭ ਬਾਅਦ 'ਚ ਪਰ ਆਹ ਸਰਪ੍ਰਾਈਜ਼ ਪਾਰਟੀ ਤੇ ਐਨਾ ਵੱਡਾ ਸਵਾਗਤ ਦੇਖ ਉਹ ਤਾਂ ਸਭ ਕੁੱਝ ਹੀ ਭੁੱਲ ਗਈ।

ਸੋਹਣੀ, ਸੁਨੱਖੀ ਤੇ ਬੜੀ ਹੀ ਚੰਚਲ, ਜੀਤੀ ਦੀ ਸ਼ਾਦੀ ਰਾਜ ਨਾਲ ਹੋਈ। ਰਾਜ ਇੱਕ ਚੰਗੇ ਪਰਿਵਾਰ 'ਚੋਂ ਹੈ ਤੇ ਮਰਚੈਂਟ-ਨੇਵੀ ਵਿੱਚ ਅਫ਼ਸਰ ਹੈ। ਪਹਿਲਾਂ ਇਹ ਦੋਵੇਂ ਇੱਕੋ ਹੀ ਕਾਲਜ ਵਿੱਚ ਪੜ੍ਹਦੇ ਸਨ। ਕਾਲਜ 'ਚ ਜੀਤੀ ਦੀ ਆਪਣੀ ਅੱਡ ਹੀ ਟੋਲੀ ਸੀ ਤੇ ਉਹ ਆਪਣੇ-ਆਪ ਨੂੰ ਬਹੁਤ ਹੀ ਫੰਨੇ-ਖਾਂ ਸਮਝਦੀ ਹੁੰਦੀ। ਉਹ ਰਾਜ ਉੱਪਰ ਕਦ ਤੇ ਕਿਵੇਂ ਫਿਦਾ ਹੋ ਗਈ, ਸਹੇਲੀਆਂ ਨੂੰ ਵੀ ਪਤਾ ਨਹੀਂ ਸੀ ਲੱਗਾ। ਇਹ ਗੱਲ ਸਭਨਾਂ ਲਈ ਬੁਝਾਰਤ ਹੀ ਬਣੀ ਰਹੀ। ਦੋਵਾਂ ਦਿਲਾਂ ਵਿੱਚ ਪਨਪੀ ਇਹ ਮੁਹੱਬਤ ਵਧ ਕੇ ਪਹਿਲਾਂ ਪਿਆਰ, ਫਿਰ ਇਕੱਠੇ ਜਿਉਣ-ਮਰਨ ਦੀਆਂ ਗੱਲਾਂ, ਕਸਮਾਂ, ਇਕਰਾਰਾਂ ਤੋਂ ਹੁੰਦੀ ਹੋਈ, ਗੱਲ ਦੋਵਾਂ ਪਰਿਵਾਰਾਂ ਤੱਕ ਪਹੁੰਚ ਗਈ।

ਲਾਡ-ਪਿਆਰ ਨਾਲ ਪਾਲੀ ਜੀਤੀ ਦੇ ਡੈਡੀ ਨੂੰ ਜਦ ਪਤਾ ਲੱਗਾ, ਉਹ ਇਕਦਮ ਲੋਹਾ-ਲਾਖਾ ਹੋ ਗਿਆ। ਕੁੜੀ ਨੂੰ ਡਾਂਟਿਆ ਤੇ ਸਪੱਸ਼ਟ ਨਾਂਹ ਕਰ ਦਿੱਤੀ। ਡੈਡੀ ਦਾ ਗੁੱਸਾ ਦੇਖ ਜੀਤੀ ਆਪਣੀ ਮਾਂ ਦੀ ਬੁੱਕਲ 'ਚ ਸਿਰ ਦੇ ਕੇ ਰੋਣ ਲੱਗ ਪਈ। ਮਾਂ ਤੋਂ ਧੀ ਦੇ ਹੰਝੂ ਕਦ ਝੱਲ ਹੁੰਦੇ ਨੇ, ਜੀਤੀ ਨੂੰ ਬੁੱਕਲ 'ਚ ਲੈ ਉਹ ਵੀ ਅੱਖਾਂ ਭਰ ਆਈ। ਦੋਵਾਂ ਨੂੰ ਡੁਸਕਦੀਆਂ ਦੇਖ ਗੁੱਸੇ 'ਚ ਬੋਲਦਾ-ਬੋਲਦਾ ਦਿਲਬਾਗ ਸਿੰਘ ਬਾਹਰ ਨੂੰ ਤੁਰ ਗਿਆ।

ਬਲਬੀਰ ਕੌਰ ਬੜੀ ਸਿਆਣੀ ਤੇ ਸ਼ਾਂਤ ਸੁਭਾਅ ਦੀ ਔਰਤ ਸੀ। ਸਾਰੇ ਮੁਹੱਲੇ 'ਚ ਉਸ ਦਾ ਬੜਾ ਆਦਰ ਮਾਣ ਸੀ। ਉਸਦੇ ਵਾਰ-ਵਾਰ ਕਹਿਣ 'ਤੇ ਕਿ, "ਦੇਖੋ ਜੀ ਸ਼ਾਦੀ ਤਾਂ ਕਰਨੀ ਹੀ ਹੈ, ਬਰਾਬਰੀ ਦਾ ਰਿਸ਼ਤਾ ਹੈ, ਦੋਵਾਂ ਦੀ ਜੋੜੀ ਜੱਚਦੀ ਵੀ ਹੈ, ਸੋ ਇਸ 'ਚ ਹਰਜ਼ ਵੀ ਕੀ ਹੈ। ਫਿਰ ਉਹ ਵੀ ਪਟਿਆਲੇ 'ਚ ਹੀ ਰਹਿੰਦੇ ਨੇ, ਆਪਾਂ ਨੂੰ ਹੋਰ ਸੌਖਾ ਕਿ ਬੇਟੀ ਕੋਲ ਰਹੂ।"

ਬੱਚਿਆਂ ਦੀ ਖ਼ੁਸ਼ੀ ਨੂੰ ਮੁੱਖ ਰੱਖਦਿਆਂ ਦੋਵਾਂ ਪਰਿਵਾਰਾਂ ਦੀ ਸਹਿਮਤੀ ਹੋ ਗਈ। ਦਿਲਬਾਗ ਸਿੰਘ ਨੇ ਪੂਰੇ ਧੂਮਧਾਮ ਨਾਲ ਬੇਟੀ ਦਾ ਵਿਆਹ ਕੀਤਾ। ਦੋਵੇਂ ਬਹੁਤ ਖ਼ੁਸ਼। ਵਿਆਹ ਤੋਂ ਕੁੱਝ ਚਿਰ ਬਾਅਦ, ਰਾਜ ਜਹਾਜ਼ ਵਿੱਚ ਚਲਾ ਗਿਆ। ਪਿੱਛੇ ਜੀਤੀ ਦੇ ਕੁੱਝ ਦਿਨ ਤਾਂ ਚਾਅ-ਚਾਅ ਵਿੱਚ ਹੀ ਨਿਕਲ ਗਏ। ਉਹ ਕਦੇ ਸਹੁਰੇ ਘਰ ਚਲੀ ਜਾਂਦੀ, ਜੀਅ ਕਰਦਾ ਆਪਣੇ ਘਰ ਆ ਜਾਂਦੀ। ਕਿਤੇ ਕੋਈ ਰੋਕ-ਟੋਕ ਨਹੀਂ ਸੀ। ਹੌਲੀ-ਹੌਲੀ ਉਸਨੂੰ ਮਹਿਸੂਸ ਹੋਣ ਲੱਗਾ ਕਿ ਉਸਦਾ ਤਾਂ ਕਿਤੇ ਵੀ ਜੀਅ ਨਹੀਂ ਲੱਗਦਾ। ਰਾਜ ਬਿਨਾਂ ਸਾਰਾ ਪਟਿਆਲਾ ਹੀ ਸੁੰਨਾ-ਸੁੰਨਾ ਲੱਗਣ ਲੱਗਾ। ਕਦੇ-ਕਦੇ ਤਾਂ ਰਾਜ ਨੂੰ ਯਾਦ ਕਰ ਉਹਦਾ ਰੋਣ ਨਿਕਲ ਜਾਂਦਾ।

ਉਹ ਗੰਭੀਰ ਹੋ ਕੇ ਸੋਚਣ ਲੱਗਦੀ, 'ਉਹੀ ਘਰ, ਉਹੀ ਮੁਹੱਲਾ, ਉਹੀ ਸ਼ਹਿਰ, ਆਲੇ-ਦੁਆਲੇ ਉਹੀ ਲੋਕ, ਸਹੇਲੀਆਂ ਵੀ, ਫਿਰ ਵੀ ਇਹ ਸੁੰਨਾਪਣ ਕਿਉਂ, ਹੁਣ ਕੀ ਹੋ ਗਿਆ। ਰਾਜ ਦੀ ਐਨੀ ਲੋੜ ਕਿਉਂ ਮਹਿਸੂਸ ਹੋ ਰਹੀ ਹੈ। ਮੈਂ ਐਨੀ ਕਮਜ਼ੋਰ ਕਿਵੇਂ ਹੋ ਗਈ। ਕੀ ਸਭ ਨਾਲ ਇਸ ਤਰ੍ਹਾਂ ਵਾਪਰਦਾ ਹੈ। ਸਭ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ, ਕੁੱਝ ਸਮਝ ਨਾ ਪੈਂਦੀ।'

ਆਪਣੀ ਸਹੇਲੀ ਰਜਨੀ ਨੂੰ ਯਾਦ ਕਰ-ਕਰ ਉਹ ਬੜਾ ਕੁੱਝ ਹੋਰ ਸੋਚਣ ਲੱਗ ਪੈਂਦੀ, 'ਕਿੰਨੀ ਪਾਗਲ ਸਾਂ ਮੈਂ, ਹਰ ਵਕਤ ਮਖ਼ੌਲ, ਹਰ ਗੱਲ 'ਤੇ ਮਖ਼ੌਲ, ਕਦੇ ਕਿਸੇ ਦੇ ਦਰਦ ਜਾਂ ਪੀੜ ਨੂੰ ਸਮਝਣ ਦੀ ਕੋਸ਼ਿਸ਼ ਹੀ ਨੀ ਕੀਤੀ। ਰਜਨੀ ਦੇ ਵਿਆਹ ਤੋਂ ਬਾਅਦ ਉਸਦਾ ਘਰ ਵਾਲਾ ਕੈਨੇਡਾ ਚਲਾ ਗਿਆ। ਮੈਂ ਉਸਨੂੰ ਖ਼ੂਬ ਛੇੜਦੀ ਤੇ ਮਜ਼ਾ ਲੈਂਦੀ ਪਰ ਉਹ ਚੁੱਪ ਦੇਖਦੀ ਰਹਿੰਦੀ। ਕਈ ਵਾਰ ਤਾਂ ਵਿਚਾਰੀ ਅੱਖਾਂ ਵੀ ਭਰ ਆਉਂਦੀ ਪਰ ਮੈਂ ਹੋਰ ਹੱਸ ਛੱਡਦੀ। ਤਦੇ ਇੱਕ ਵਾਰ ਬਹੁਤ ਨਾਰਾਜ਼ ਤੇ ਅੱਖਾਂ 'ਚ ਹੰਝੂ ਭਰ ਕੇ ਉਸ ਕਿਹਾ ਸੀ, "ਕੋਈ ਨੀ ਹਰਾਂਬੜੇ, ਤੇਰਾ ਵਿਆਹ ਹੋ ਜਾਣ ਦੇ, ਫੇਰ ਪੁੱਛੂੰ ਤੈਨੂੰ, ਹਰ ਵਕਤ ਚਾਂਭਲੀ ਫਿਰਦੀ ਰਹਿਨੀਂ ਏ।" ਕਿੰਨੀ ਵੱਡੀ ਗੱਲ ਕਹਿ ਗਈ ਸੀ ਰਜਨੀ ਪਰ ਮੈਂ ਸਿਰਫ਼ ਹੱਸ ਕੇ ਟਾਲ ਛੱਡਿਆ। ਕਾਸ਼! ਰਜਨੀ ਅੱਜ ਏਥੇ ਹੁੰਦੀ। ਮੈਂ ਉਸ ਕੋਲ ਜਾ ਕੇ ਮਾਫ਼ੀ ਮੰਗਦੀ। ਨਾਲ ਹੁਣ ਆਪਣਾ ਦਰਦ ਸਾਂਝਾ ਕਰਦੀ। ਉਹ ਤਾਂ ਬਹੁਤ ਚੰਗੀ ਸੀ, ਉਹ ਮੈਨੂੰ ਮਾਫ਼ ਕਰ ਦਿੰਦੀ। ਜ਼ਰੂਰ ਕੋਈ ਧਰਵਾਸ ਵੀ ਦਿੰਦੀ ਪਰ ਹੁਣ ਤਾਂ ਉਹ ਵੀ ਕੈਨੇਡਾ ਜਾ ਚੁੱਕੀ ਹੈ। ਅਣਜਾਣੇ ਹੀ ਮੈਂ ਰਜਨੀ ਨਾਲ ਕਿੰਨਾ ਧੱਕਾ ਕਰਦੀ ਰਹੀ।'

ਇਸੇ ਤਰ੍ਹਾਂ ਵਿਛੋੜੇ ਦੇ ਗ਼ਮ ਤੇ ਸੋਚਾਂ 'ਚ ਉਲਝੀ ਜੀਤੀ ਦੇ ਦਿਨ ਤੇ ਮਹੀਨੇ ਗੁਜ਼ਰਦੇ ਰਹੇ। ਓਧਰ ਰਾਜ ਦੇ ਦੁਬਾਰਾ ਛੁੱਟੀ ਆਉਣ ਦੇ ਦਿਨ ਨੇੜੇ ਲੱਗ ਗਏ। ਰਾਜ ਵਾਪਸ ਆ ਗਿਆ ਤੇ ਹੁਣ ਉਹ ਜੀਤੀ ਨੂੰ ਨਾਲ ਲੈ ਕੇ ਜਾਣਾ ਚਾਹੁੰਦਾ ਸੀ। ਰਾਜ ਨੇ ਜੀਤੀ ਨੂੰ ਵਿਆਹ ਤੋਂ ਪਹਿਲਾਂ ਵੀ ਤੇ ਬਾਅਦ

ਵਿੱਚ ਵੀ, ਸਮੁੰਦਰ ਬਾਰੇ, ਜਹਾਜ਼ਾਂ ਬਾਰੇ, ਉੱਥੋਂ ਦੀ ਜ਼ਿੰਦਗੀ ਬਾਰੇ ਤੇ ਹੋਰ ਬਹੁਤ ਕੁੱਝ ਦੱਸਿਆ ਹੋਇਆ ਸੀ। ਇਹ ਵੀ ਦੱਸਿਆ ਸੀ ਕਿ ਕੰਪਨੀ ਕੁੱਝ ਅਫ਼ਸਰਾਂ ਨੂੰ ਪਰਿਵਾਰ ਸਮੇਤ ਰਹਿਣ ਦੀ ਇਜਾਜ਼ਤ ਦੇ ਦਿੰਦੀ ਹੈ। ਉਹ ਘਰਵਾਲੀ ਨੂੰ ਨਾਲ ਲੈ ਜਾਂਦੇ ਹਨ। ਉੱਥੇ ਕੋਈ ਖ਼ਤਰਾ ਨਹੀਂ ਤੇ ਘੁੰਮ-ਫਿਰ ਕੇ ਦੁਨੀਆਂ ਦੇਖਣ ਦਾ ਆਪਣਾ ਹੀ ਮਜ਼ਾ ਹੈ।

ਜੀਤੀ ਵੀ ਨਾਲ ਜਾਣਾ ਚਾਹੁੰਦੀ ਸੀ ਪਰ ਮਨ 'ਚ ਇੱਕ ਡਰ ਵੀ ਸੀ। ਉਸਨੇ ਟੀ.ਵੀ. ਉੱਪਰ ਸਮੁੰਦਰਾਂ 'ਚ ਉਠਦੀਆਂ ਲਹਿਰਾਂ ਤੇ ਡਿੱਕ-ਡੋਲੇ ਖਾਂਦੇ ਜਹਾਜ਼ ਵੇਖੇ ਸੀ। ਇਸੇ ਗੱਲ ਤੋਂ ਡਰਦੀ ਓਪਰੇ ਜਿਹੇ ਮਨ ਨਾਲ ਜਾਣ ਤੋਂ ਮਨ੍ਹਾਂ ਵੀ ਕਰਦੀ ਰਹਿੰਦੀ ਪਰ ਰਾਜ ਦੇ ਵਾਰ-ਵਾਰ ਕਹਿਣ 'ਤੇ ਉਹ ਰਾਜ਼ੀ ਹੋ ਗਈ ਤੇ ਨਾਲ ਚਲੀ ਗਈ। ਪੂਰੇ ਛੇ ਮਹੀਨੇ ਬਾਅਦ ਜੀਤੀ ਤੇ ਰਾਜ ਵਾਪਸ ਘਰ ਮੁੜੇ ਸਨ।

ਉਨ੍ਹਾਂ ਨੂੰ ਬਿਲਕੁਲ ਨਹੀਂ ਸੀ ਪਤਾ ਕਿ ਮੰਮੀ-ਡੈਡੀ ਨੇ ਘਰ 'ਚ ਪਾਰਟੀ ਦਾ ਪ੍ਰਬੰਧ ਕਰ ਰੱਖਿਆ ਹੈ। ਸਾਰੇ ਦੋਸਤ-ਮਿੱਤਰ, ਗੁਆਂਢੀ, ਰਾਜ ਦਾ ਸਾਰਾ ਪਰਿਵਾਰ, ਸਾਰੇ ਰਿਸ਼ਤੇਦਾਰ, ਜੀਤੀ ਦੇ ਘਰ ਪਹੁੰਚੇ ਹੋਏ ਸਨ ਤੇ ਦੋਵਾਂ ਨੂੰ ਜਹਾਜ਼ ਤੋਂ ਵਾਪਸ ਆਉਣ 'ਤੇ ਸਵਾਗਤ ਲਈ ਪੂਰੇ ਜੋਸ਼ੋ-ਖ਼ਰੋਸ਼ ਨਾਲ ਹਾਜ਼ਰ ਸਨ। ਇੱਕ ਤਰ੍ਹਾਂ ਨਾਲ ਦੁਬਾਰਾ ਵਿਆਹ ਵਰਗੇ ਮਾਹੌਲ 'ਚ ਸਾਰਿਆਂ ਨੂੰ ਮਿਲ ਕੇ ਦੋਵੇਂ ਬਹੁਤ ਖ਼ੁਸ਼ ਹੋਏ। ਫਿਰ ਕਈ ਦਿਨਾਂ ਤੱਕ ਇਸ ਪਾਰਟੀ ਦੀਆਂ ਗੱਲਾਂ ਹੀ ਹੁੰਦੀਆਂ ਰਹੀਆਂ।

ਦੋਵਾਂ ਨੂੰ ਜਹਾਜ਼ 'ਚੋਂ ਆਇਆਂ ਮਹੀਨਾ ਹੋਣ ਵਾਲਾ ਸੀ। ਇੱਕ ਘਰ ਆਉਣ ਦੀ ਖ਼ੁਸ਼ੀ, ਦੂਸਰਾ ਸਵਾਗਤ ਪਾਰਟੀ ਦੀਆਂ ਗੱਲਾਂ, ਤੀਜਾ ਹੋਰ ਮਿਲਣ-ਗਿਲਣ ਵਾਲੇ ਲੋਕ। ਇਸ ਮਾਹੌਲ 'ਚ ਜੀਤੀ, ਆਪਣੇ ਮੰਮੀ-ਪਾਪਾ ਨਾਲ ਜਹਾਜ਼ ਦੀ ਕੋਈ ਗੱਲ ਨਾ ਕਰ ਸਕੀ। ਭੱਜ-ਨੱਠ 'ਚ ਉਸਨੂੰ ਤਾਂ ਇਹ ਵੀ ਖ਼ਿਆਲ ਨਾ ਰਿਹਾ ਕਿ ਉਸਦਾ ਪੀਰੀਅਡ ਟੱਪ ਚੁੱਕਾ ਹੈ।

ਅਚਾਨਕ ਇੱਕ ਦਿਨ ਖ਼ਿਆਲ ਆਇਆ ਤਾਂ ਉਹ ਚੈੱਕ ਕਰਵਾਉਣ ਲਈ ਫੈਮਿਲੀ ਡਾਕਟਰ ਕੋਲ ਗਏ। ਡਾਕਟਰ ਨੇ ਦੋਵਾਂ ਨੂੰ ਵਧਾਈ ਦਿੱਤੀ ਤੇ ਨਾਲ ਹੀ ਕੁੱਝ ਖ਼ਾਸ ਹਦਾਇਤਾਂ ਵੀ ਦਿੱਤੀਆਂ। ਚੈੱਕ ਕਰਵਾਉਣ 'ਤੇ ਪਤਾ ਲੱਗਾ ਕਿ ਜੀਤੀ ਮਾਂ ਬਣਨ ਵਾਲੀ ਹੈ। ਘਰ ਆ ਕੇ ਪਰਿਵਾਰ ਨੂੰ ਜਦ ਇਹ ਖ਼ਬਰ ਦੱਸੀ ਤਾਂ ਦੋਵਾਂ ਪਰਿਵਾਰਾਂ ਨੂੰ ਹੋਰ ਵੀ ਖ਼ੁਸ਼ੀ ਹੋਈ।

ਰਾਜ ਦੀ ਛੁੱਟੀ ਖ਼ਤਮ ਹੋਣ ਦੇ ਨੇੜੇ ਆ ਗਈ। ਸਭ ਨੂੰ ਹੋਰ ਫ਼ਿਕਰ ਹੋ ਗਿਆ। ਐਸੀ ਹਾਲਤ 'ਚ ਜੀਤੀ ਨਾਲ ਨਹੀਂ ਸੀ ਜਾ ਸਕਦੀ। ਰਾਜ ਵੀ ਚਾਹੁੰਦਾ ਸੀ ਹੁਣ ਉਹ ਮੰਮੀ-ਡੈਡੀ ਦੀ ਦੇਖ-ਰੇਖ ਹੇਠਾਂ ਹੀ ਰਹੇ।

ਵੱਡਾ ਫ਼ਿਕਰ ਜੀਤੀ ਨੂੰ ਸੀ। ਉਹ ਚਾਹੁੰਦੀ ਸੀ ਬੱਚਾ ਹੋਣ ਤੱਕ, ਰਾਜ

ਉਸ ਦੇ ਕੋਲ ਰਹੇ ਪਰ ਐਨਾ ਲੰਬਾ ਸਮਾਂ ਉਹ ਘਰ ਕਿਵੇਂ ਬੈਠ ਸਕਦਾ ਸੀ। ਫੈਸਲਾ ਹੋਇਆ, ਰਾਜ ਜਹਾਜ਼ 'ਚ ਜਾਵੇ ਤੇ ਚਾਰ ਮਹੀਨੇ ਲਾ ਕੇ ਵਾਪਸ ਆ ਜਾਵੇ। ਪ੍ਰਾਈਵੇਟ ਜਹਾਜ਼ੀ ਕੰਪਨੀਆਂ ਵਿੱਚ ਇਸ ਤਰ੍ਹਾਂ ਹੋ ਜਾਂਦਾ ਹੈ।

ਰਾਜ ਜਹਾਜ਼ ਵਿੱਚ ਚਲਾ ਗਿਆ। ਪਿੱਛੇ ਜੀਤੀ ਫਿਰ ਉਦਾਸ ਰਹਿਣ ਲੱਗੀ। ਹੁਣ ਉਸਦਾ ਉਦਾਸ ਰਹਿਣਾ ਠੀਕ ਨਹੀਂ ਸੀ। ਇੱਕ ਨਵਾਂ ਜੀਅ ਉਸਦੇ ਅੰਦਰ ਪਲ ਰਿਹਾ ਸੀ। ਹਰ ਕੋਈ ਉਸ ਦਾ ਜੀਅ ਲਵਾਈ ਰੱਖਣ ਦੀ ਕੋਸ਼ਿਸ਼ ਕਰਦਾ ਕਿ ਉਹ ਖ਼ੁਸ਼ ਰਹੇ ਪਰ ਉਸ ਨੂੰ ਵਾਰ-ਵਾਰ ਰਾਜ ਦੀ ਯਾਦ ਆ ਜਾਂਦੀ। ਜਹਾਜ਼ 'ਚ ਵਾਪਰੀ ਘਟਨਾ ਦੀ ਯਾਦ ਆਉਂਦੀ ਤਾਂ ਰਾਜ ਦਾ ਹੋਰ ਫ਼ਿਕਰ ਕਰਦੀ।

ਇਕ ਰਾਤ ਸਭ ਸੁੱਤੇ ਪਏ ਸਨ। ਜੀਤੀ ਦੇ ਕਮਰੇ 'ਚੋਂ ਕੋਈ ਆਵਾਜ਼ ਆਉਣ ਲੱਗੀ। ਉਹ ਜ਼ੋਰ ਲਾ-ਲਾ ਕੇ ਬੋਲਣ ਦੀ ਕੋਸ਼ਿਸ਼ ਰਹੀ ਸੀ। ਆਵਾਜ਼ ਡਰ ਤੇ ਸਹਿਮ ਭਰੀ ਸੀ, 'ਓਅ....ਓਅ....ਅ....ਓਅ....ਨਾ ਮਾਰੋ....ਨਾ ਮਾਰੋ....ਓਅ....ਨਾ ਮਾਰੋ....।'

ਆਵਾਜ਼ ਕੁੱਝ ਇਸ ਤਰ੍ਹਾਂ ਸੀ, ਕਿਸੇ ਨੇ ਜੀਤੀ ਦਾ ਗਲਾ ਦਬਾ ਦਿੱਤਾ ਹੋਵੇ। ਬਲਬੀਰ ਕੌਰ ਉਭੜ-ਵਾਹੇ ਉੱਠੀ ਤੇ ਭੱਜ ਕੇ ਜੀਤੀ ਕੋਲ ਗਈ। ਉੱਥੇ ਕੋਈ ਵੀ ਨਹੀਂ ਸੀ। ਜੀਤੀ ਬੈੱਡ 'ਤੇ ਪਈ ਇਕੱਲੀ ਹੀ ਰੁਕ-ਰੁਕ ਬੋਲੀ ਜਾ ਰਹੀ ਸੀ।

"ਜੀਤੀ....ਜੀਤੀ....ਓ ਜੀਤੀ।" ਉਸਨੇ ਜੀਤੀ ਨੂੰ ਮੋਢੇ ਤੋਂ ਫੜ ਕੇ ਹਲੂਣਿਆ।" ਜੀਤੀ ਦੀ ਅੱਖ ਖੁੱਲ੍ਹ ਗਈ। ਉਹ ਡਰੀ ਤੇ ਸਹਿਮੀ ਹੋਈ ਸੀ ਪਰ ਮਾਂ ਨੂੰ ਕੋਲ ਵੇਖ ਉਸਨੇ ਰਾਹਤ ਮਹਿਸੂਸ ਕੀਤੀ।

"ਕੀ ਹੋਇਆ ਜੀਤੀ, ਤੂੰ ਠੀਕ ਤਾਂ ਹੈਂ, ਕੋਈ ਮਾੜਾ ਸੁਪਨਾ ਵੇਖਿਆ?" ਬਲਬੀਰ ਕੌਰ ਨੇ ਉਸਦੇ ਸਰ੍ਹਾਣੇ ਕੋਲ ਬੈਠ, ਜੀਤੀ ਦੇ ਸਿਰ 'ਤੇ ਹੱਥ ਫੇਰਦਿਆਂ ਪੁੱਛਿਆ।

ਬਿਨਾਂ ਕੁੱਝ ਬੋਲੇ ਜੀਤੀ ਉੱਠ ਕੇ ਬੈਠ ਗਈ। ਸਰ੍ਹਾਣੇ ਕੋਲ ਪਏ ਗਿਲਾਸ 'ਚੋਂ ਪਾਣੀ ਪੀਤਾ। ਆਲੇ-ਦੁਆਲੇ ਦੇਖ ਮਾਂ ਦੇ ਹੋਰ ਨਜ਼ਦੀਕ ਨੂੰ ਹੋ ਗਈ। ਹੁਣ ਉਸਨੂੰ ਤਸੱਲੀ ਸੀ ਕਿ ਉਹ ਜਹਾਜ਼ ਵਿੱਚ ਨਹੀਂ, ਆਪਣੇ ਘਰ ਵਿੱਚ ਹੈ। ਮਾਂ ਵੀ ਕੋਲ ਬੈਠੀ ਹੈ।

"ਕੀ ਗੱਲ ਸੀ ਪੁੱਤ, ਤੂੰ ਬੋਲਦੀ ਕਿਉਂ ਨਹੀਂ, ਪਹਿਲਾਂ ਵੀ ਇੱਕ ਰਾਤ ਤੂੰ ਬੋਲੀ ਜਾਂਦੀ ਸੀ। ਦੂਸਰੇ ਦਿਨ ਤੇਰੇ ਡੈਡੀ ਨੇ ਪੁੱਛਿਆ ਵੀ, ਜੀਤੀ ਰਾਤ ਕੀ ਗੱਲਾਂ ਕਰਦੀ ਸੀ ਪਰ ਮੈਂ ਗੱਲ ਟਾਲ ਦਿੱਤੀ।" ਮਾਂ ਨੇ ਫ਼ਿਕਰ 'ਚ ਕਿਹਾ।

ਇਹ ਸੱਚ ਸੀ ਕਿ ਇਸ ਤਰ੍ਹਾਂ ਦਾ ਦਬਾਅ ਜੀਤੀ ਨੂੰ ਪਹਿਲਾਂ ਵੀ ਇਕ-ਦੋ ਵਾਰ ਪੈ ਚੁੱਕਾ ਸੀ। ਜੀਤੀ ਨੇ ਹੁਣ ਵੀ ਆਪਣੀ ਮਾਂ ਨੂੰ ਟਾਲਣ

ਦੀ ਕੋਸ਼ਿਸ਼ ਕੀਤੀ, "ਮੰਮੀ ਕੁੱਝ ਨਹੀਂ, ਬੱਸ ਐਵੇਂ ਸੁਪਨਾ ਸੀ, ਮੈਂ ਹੁਣ ਠੀਕ ਹਾਂ।"

ਪਰ ਅੱਜ ਉਸਦੀ ਮੰਮੀ ਸੌਣ ਦੀ ਬਜਾਏ, ਜੀਤੀ ਦੇ ਮੰਜੇ 'ਤੇ ਜੰਮ ਕੇ ਬੈਠ ਗਈ। ਉਹ ਪੁੱਛਣ ਲੱਗੀ, "ਤੂੰ ਕੀ ਵੇਖਿਆ, ਕੀ ਹੋਇਆ, ਕੌਣ ਕਿਸ ਨੂੰ ਮਾਰ ਰਿਹਾ ਸੀ, ਮੇਰੀ ਧੀ ਕੁੱਝ ਦੱਸ ਤਾਂ ਸਹੀ।"

ਕੁੱਝ ਚਿਰ ਜੀਤੀ ਚੁੱਪ ਰਹੀ। ਅਖ਼ੀਰ ਮਨ ਬਣਾ ਲਿਆ ਕਿ ਅੱਜ ਸਭ ਕੁੱਝ ਦੱਸ ਹੀ ਦੇਣਾ ਚਾਹੀਦਾ ਹੈ। ਸ਼ਾਇਦ ਪਹਿਲਾਂ ਹੀ ਦੱਸ ਦੇਣਾ ਚਾਹੀਦਾ ਸੀ। ਜੀਤੀ ਥੋੜ੍ਹਾ ਠੀਕ ਹੋ ਕੇ ਬੈਠ ਗਈ ਤੇ ਕਿਹਾ, "ਠੀਕ ਹੈ।" ਤੇ ਉਹ ਦੱਸਣ ਲੱਗੀ।

"ਮੰਮੀ ਇਹ ਤਾਂ ਨੀ ਪਤਾ ਇਹਨੂੰ ਦਬਾਅ ਕਹਿੰਦੇ ਨੇ ਜਾਂ ਕੀ ਪਰ ਇਹ ਬੜਾ ਡਰਾਉਣਾ ਸੁਪਨਾ ਸੀ। ਮੈਂ ਬਹੁਤ ਡਰ ਗਈ ਸੀ। ਸੁਪਨੇ 'ਚ ਵੇਖਿਆ ਕਿ ਰਾਜ ਤੇ ਮੈਂ, ਜਹਾਜ਼ ਦੇ ਡੈਕ 'ਤੇ ਖੜ੍ਹੇ ਹਾਂ। ਕੈਪਟਨ ਸਾਡੇ ਵੱਲ ਆਇਆ ਤੇ ਇਸ਼ਾਰੇ ਨਾਲ ਰਾਜ ਨੂੰ ਥੋੜ੍ਹਾ ਪਰ੍ਹੇ ਲੈ ਗਿਆ। ਉਹ ਰਾਜ ਨੂੰ ਕਹਿਣ ਲੱਗਾ, 'ਆਪਾਂ ਡੇਂਜ਼ਰ-ਏਰੀਆ 'ਚ ਹਾਂ, ਸਤਰਕ ਰਹਿਣਾ।' ਤੇ ਕੈਪਟਨ ਵਾਪਸ ਮੁੜ ਗਿਆ। ਰਾਜ ਹੌਲੀ-ਹੌਲੀ ਤੁਰਦਾ ਫੇਰ ਮੇਰੇ ਕੋਲ ਆ ਖੜ੍ਹਾ। ਭਾਵੇਂ ਉਨ੍ਹਾਂ ਹੌਲੀ ਆਵਾਜ਼ ਵਿੱਚ ਗੱਲ ਕੀਤੀ ਸੀ ਪਰ ਮੈਂ ਸਭ ਸੁਣ ਲਿਆ। ਕੁੱਝ ਚਿਰ ਸੋਚਦੀ ਰਹੀ, ਪੁੱਛਾਂ ਕਿ ਨਾ। ਰਾਜ ਵੀ ਚੁੱਪ ਖੜ੍ਹਾ ਸੀ। ਅਖ਼ੀਰ ਮੈਂ ਰਾਜ ਨੂੰ ਪੁੱਛ ਹੀ ਲਿਆ, 'ਡੇਂਜ਼ਰ-ਏਰੀਆ ਦੀ ਕੀ ਗੱਲ ਹੋ ਰਹੀ ਸੀ?' ਰਾਜ ਥੋੜ੍ਹਾ ਘਬਰਾਈ ਨਜ਼ਰ ਨਾਲ ਮੇਰੇ ਵੱਲ ਵੇਖਣ ਲੱਗਾ। ਮੈਂ ਵੀ ਘਬਰਾ ਗਈ। ਫੇਰ ਉਹ ਬੋਲਿਆ, 'ਕੁੱਝ ਨੀ, ਚੱਲ ਕੈਬਿਨ ਵਿੱਚ ਚਲਦੇ ਹਾਂ।' ਤੇ ਅਸੀਂ ਕੈਬਿਨ ਵੱਲ ਚੱਲ ਪਏ। ਅਜੇ ਰਾਹ 'ਚ ਹੀ ਸੀ ਕਿ ਮੂਹਰੇ ਅਚਾਨਕ ਡਾਕੂ ਆ ਗਏ। ਉਨ੍ਹਾਂ ਝੱਟ ਰਾਜ ਦੀਆਂ ਬਾਹਾਂ ਮਰੋੜੀਆਂ ਤੇ ਥੱਲੇ ਸੁੱਟ ਲਿਆ। ਮੈਂ ਘਬਰਾ ਕੇ ਚੀਕਣ ਲੱਗ ਗਈ, ਓਅ, ਨਾ-ਮਾਰੋ, ਓ ਨਾ-ਮਾਰੋ - ਆਹ ਸੁਪਨਾ ਸੀ।"

ਬਲਬੀਰ ਕੌਰ ਹੈਰਾਨ ਹੋ ਕੇ ਬੋਲੀ, "ਹੈਂਅ! ਜਹਾਜ਼ ਦਾ ਸੁਪਨਾ। ਡਾਕੂ ਆ ਗਏ। ਰਾਜ ਨੂੰ ਮਾਰਨ ਲੱਗ ਪਏ। ਜਹਾਜ਼ ਵਿੱਚ ਡਾਕੂ ਵੀ ਆ ਜਾਂਦੇ ਨੇ?"

"ਹਾਂ ਮੰਮੀ ਆ ਜਾਂਦੇ ਨੇ। ਇੱਕ ਵਾਰ ਮੇਰੇ ਹੁੰਦੇ ਵੀ ਆ ਗਏ ਸੀ। ਮੈਂ ਸਭ ਕੁੱਝ ਅੱਖੀਂ ਦੇਖਿਆ। ਸ਼ਾਇਦ ਇਸੇ ਲਈ ਮੈਨੂੰ ਇਹ ਸੁਪਨਾ ਆਇਆ।" ਜੀਤੀ ਨੇ ਜਵਾਬ ਦਿੱਤਾ।

"ਵਾਹਿਗੁਰੂ....ਵਾਹਿਗੁਰੂ! ਮਿਹਰ ਕਰੀਂ ਰੱਬਾ!" ਬਲਬੀਰ ਕੌਰ ਦੇ ਮੂੰਹੋਂ ਇਸ ਤਰ੍ਹਾਂ ਨਿਕਲਿਆ, ਜਿਵੇਂ ਉਸਦਾ ਸਾਹ ਚੜ੍ਹ ਗਿਆ ਹੋਵੇ, "ਤੇਰੇ ਹੁੰਦੇ ਵੀ ਡਾਕੂ ਆ ਗਏ ਸੀ, ਪੁੱਤ ਤੂੰ ਕਦੇ ਦੱਸਿਆ ਤਾਂ ਹੈ ਨਹੀਂ?"

"ਕੀ ਦੱਸਦੀ ਮੰਮੀ। ਸਾਡੇ ਨਾਲ ਤਾਂ ਜੋ ਹੋਈ ਸੋ ਹੋਈ, ਤੁਹਾਨੂੰ ਏਥੇ ਵਾਧੂ ਚਿੰਤਾ ਲੱਗ ਜਾਂਦੀ।"

"ਪਰ ਮੇਰੀ ਬੱਚੀ ਉਦੋਂ ਨਹੀਂ ਸੀ ਦੱਸਿਆ, ਹੁਣ ਆ ਕੇ ਤਾਂ ਦੱਸ ਦਿੰਦੀ। ਮੈਨੂੰ ਦੱਸਦੀ, ਆਪਣੇ ਡੈਡੀ ਨੂੰ ਦੱਸਦੀ, ਕਿਸੇ ਨੂੰ ਤਾਂ ਦੱਸਦੀ। ਐਨਾ ਚਿਰ ਆਈ ਨੂੰ ਹੋ ਗਿਆ ਤੇ ਤੂੰ ਇਹ ਗੱਲ ਦਿਲ 'ਚ ਹੀ ਲਈ ਫਿਰਦੀ ਹੈਂ। ਅਜਿਹੀ ਗੱਲ ਦਿਲ 'ਚ ਨੀ ਰੱਖਣੀ ਚਾਹੀਦੀ। ਇਹੀ ਡਰ ਤੇਰੇ ਮਨ 'ਤੇ ਬੈਠਾ ਹੈ। ਜ਼ਰਾ ਠੀਕ ਹੋ ਕੇ ਬੈਠ, ਮੈਂ ਪਾਠ ਕਰਦੀ ਹਾਂ।"

"ਨਹੀਂ ਮੰਮੀ....ਉਹ ਸਾਰੀ ਗੱਲ ਜੋ ਜਹਾਜ਼ 'ਚ ਵਾਪਰੀ, ਪਹਿਲਾਂ ਉਹ ਸੁਣ, ਸ਼ਾਇਦ ਮੇਰਾ ਮਨ ਹਲਕਾ ਹੋ ਜਾਵੇ।"

"ਠੀਕ ਹੈ, ਗੱਲ ਮਨ 'ਚੋਂ ਕੱਢ ਦੇਣੀ ਚਾਹੀਦੀ ਹੈ ਪਰ ਰੁਕ, ਮੈਂ ਤੇਰੇ ਡੈਡੀ ਨੂੰ ਵੀ ਜਗਾ ਲਵਾਂ।"

"ਨਹੀਂ ਮੰਮੀ....ਡੈਡੀ ਨੂੰ ਪਏ ਰਹਿਣ ਦੇ। ਉਨ੍ਹਾਂ ਦੇ ਸੁਭਾਅ ਨੂੰ ਆਪਾਂ ਜਾਣਦੇ ਹੀ ਹਾਂ। ਸੁਣ ਕੇ ਹੁਣੇ ਭੜਕ ਜਾਣਗੇ।"

"ਠੀਕ ਹੈ ਪਰ ਤੇਰਾ ਡੈਡੀ ਦਿਲ ਦਾ ਨੀ ਮਾੜਾ। ਜਦੋਂ ਤੂੰ ਜਹਾਜ਼ ਵਿੱਚ ਸੀ, ਰੋਜ਼ ਤੈਨੂੰ ਯਾਦ ਕਰਦਾ ਸੀ। ਹਰ ਵਕਤ ਤੇਰਾ ਹੀ ਫ਼ਿਕਰ ਕਰਦਾ ਰਹਿੰਦਾ ਸੀ।"

ਫਿਰ ਦੋਵੇਂ ਮਾਵਾਂ-ਧੀਆਂ ਠੀਕ ਹੋ ਕੇ ਬੈਠ ਗਈਆਂ ਤੇ ਜੀਤੀ ਨੇ ਦੱਸਣਾ ਸ਼ੁਰੂ ਕੀਤਾ।

ਇਹ ਉਸ ਟਾਇਮ ਦੀ ਗੱਲ ਹੈ, ਜਦੋਂ ਮੈਂ ਤੇ ਰਾਜ ਦੋਵੇਂ ਜਹਾਜ਼ ਵਿੱਚ ਸੀ। ਇੱਕ ਦਿਨ ਰਾਜ ਡੈਕ 'ਤੇ ਕੰਮ ਕਰ ਰਿਹਾ ਸੀ। ਮੈਂ ਕੈਬਿਨ ਵਿੱਚ ਪਈ ਆਰਾਮ ਕਰ ਰਹੀ ਸੀ। ਅਚਾਨਕ ਰਾਜ ਭੱਜਿਆ-ਭੱਜਿਆ ਕੈਬਿਨ ਵਿੱਚ ਆਇਆ। ਉਹ ਸਹਿਮਿਆ ਹੋਇਆ ਸੀ ਤੇ ਉਸ ਦੀ ਇੱਕ ਬਾਂਹ ਵਿੱਚੋਂ ਖ਼ੂਨ ਵਹਿ ਰਿਹਾ ਸੀ। ਖ਼ੂਨ ਦੇਖ ਮੇਰੇ ਤਾਂ ਹੋਸ਼ ਉੱਡ ਗਏ। ਅੱਖਾਂ ਵਿੱਚ ਹੰਝੂ ਭਰ ਆਏ। ਮੈਂ ਰੋਣਹਾਕੀ ਹੋ ਕੇ ਪੁੱਛਿਆ, "ਆਹ ਕੀ?"

"ਕੁੱਝ ਨੀ....ਚੁੱਪ ਕਰ ਜਾ ਬੱਸ। ਦਰਵਾਜ਼ਾ ਬੰਦ ਕਰ ਲੈ। ਜਹਾਜ਼ 'ਤੇ ਡਾਕੂਆਂ ਦਾ ਹਮਲਾ ਹੋ ਗਿਆ।" ਹਫ਼ਦੇ-ਹਫ਼ਦੇ ਰਾਜ ਨੇ ਮੈਨੂੰ ਦੱਸਿਆ।

"ਹਮਲਾ ਹੋ ਗਿਆ! ਕਾਹਦਾ ਹਮਲਾ?" ਮੈਂ ਹੋਰ ਡਰ ਗਈ। ਮੈਨੂੰ ਕੁੱਝ ਸੁੱਝੇ ਹੀ ਨਾ। ਸਭ ਅਕਲ ਸਿਆਣਪ ਪਤਾ ਨੀ ਕਿੱਧਰ ਗੁੰਮ ਹੋਗੀ। ਫਿਰ ਕੁੱਝ ਹੋਸ਼ ਆਈ। ਰਾਜ ਅਜੇ ਵੀ ਬਾਂਹ ਫੜੀ ਖੜ੍ਹਾ ਸੀ। ਮੈਂ ਪਹਿਲਾਂ ਦਰਵਾਜ਼ਾ ਬੰਦ ਕੀਤਾ। ਫਿਰ ਝੱਟ ਹੀ ਚੁੰਨੀ ਪਾੜ ਕੇ ਰਾਜ ਦੀ ਬਾਂਹ ਦੁਆਲੇ ਲਪੇਟਣੀ ਸ਼ੁਰੂ ਕੀਤੀ। ਨਾਲੇ ਚੁੰਨੀ ਲਪੇਟੀ ਜਾਵਾਂ, ਨਾਲੇ ਰੋਈ ਜਾਵਾਂ। ਜ਼ਖ਼ਮੀ ਰਾਜ ਨੂੰ ਹੌਂਸਲਾ ਦੇਣ ਦੀ ਬਜਾਏ, ਉਸ ਨੂੰ ਤਾਅਨੇ-ਮਿਹਣੇ ਦੇਣ ਲੱਗ ਪਈ।

"ਆਹ ਕੁੱਝ ਦਿਖਾਉਣ ਨੂੰ ਮੈਨੂੰ ਜਹਾਜ਼ 'ਚ ਲਿਆਂਦਾ ਸੀ। ਜਿੱਦਣ ਦੀ ਆਈ ਹਾਂ, ਸਿਰ ਚੱਕਰ ਖਾਂਦਾ ਰਹਿੰਦਾ ਹੈ। ਸਾਰਾ ਜਹਾਜ਼ ਡਿੱਕ-ਡੋਲੇ ਖਾਂਦਾ ਰਹਿੰਦੈ। ਕੈਬਿਨ 'ਚੋਂ ਬਾਹਰ ਨਿਕਲਣ ਨੂੰ ਜੀਅ ਨਹੀਂ ਕਰਦਾ। ਚਾਰ-ਚੁਫ਼ੇਰੇ ਪਾਣੀ ਹੀ ਪਾਣੀ। ਏਥੇ ਨਾ ਕੋਈ ਧਰਤੀ ਦਿਸਦੀ ਹੈ, ਨਾ ਦਰੱਖ਼ਤ, ਨਾ ਕੋਈ ਜਨੌਰ, ਨਾ ਬੰਦਾ। ਮੈਨੂੰ ਤਾਂ ਹਰ ਵਕਤ ਹੌਲ ਪੈਂਦੇ ਰਹਿੰਦੇ ਨੇ ਬਈ ਕਿਤੇ ਏਥੇ ਪਾਣੀ 'ਚ ਹੀ ਨਾ ਡੁੱਬ ਕੇ ਮਰ ਜਾਈਏ। ਏਥੇ ਕਿਹੜੇ ਅਰਥੀਆਂ ਨੂੰ ਮੋਢੇ ਲੱਗਣਗੇ, ਕਿਹੜੇ ਸਸਕਾਰ ਹੋਣਗੇ, ਕਿਹੜੇ ਫੁੱਲ ਚੁਗੇ ਜਾਣਗੇ। ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਮੈਂ ਜਹਾਜ਼ 'ਚ ਨਹੀਂ ਜਾਣਾ। ਅਖੇ ਕੋਈ ਨੀ, ਘੁੰਮ ਕੇ ਦੁਨੀਆਂ ਦੇਖਾਂਗੇ, ਆਹ ਦਿਖਾ ਤੀ ਦੁਨੀਆਂ।"

"ਪੁੱਤ ਤੂੰ ਐਨਾ ਬੋਲਣ ਲੱਗ ਗਈ?" ਹੈਰਾਨੀ ਨਾਲ ਮਾਂ ਨੇ ਪੁੱਛਿਆ।

"ਮੈਂ ਖ਼ੁਦ ਹੈਰਾਨ ਸੀ ਮਾਂ ਕਿ ਮੈਨੂੰ ਕੀ ਹੋ ਗਿਆ। ਮੈਂ ਲਗਾਤਾਰ ਬੋਲੀ ਜਾ ਰਹੀ ਸੀ, ਝਗੜ ਰਹੀ ਸੀ ਪਰ ਰਾਜ ਚੁੱਪ ਸੀ। ਮੈਂ ਕੁੱਝ ਵੀ ਬੋਲੀ ਜਾਂਦੀ ਸੀ ਤੇ ਨਾਲੇ ਰੋਈ ਜਾਂਦੀ ਸੀ।"

ਰਾਜ ਥੋੜ੍ਹਾ ਖਿਝ ਗਿਆ, "ਜੀਤੀ ਕਿਉਂ ਕਮਲੀ ਹੋਈ ਏਂ। ਆਪਾਂ ਕਿਹੜਾ ਜਹਾਜ਼ ਵਿੱਚ ਇਕੱਲੇ ਹਾਂ। ਆਪਣੇ ਨਾਲ ਹੋਰ ਵੀ ਸਾਰੇ ਲੋਕ ਨੇ। ਜਿਹੜੀ ਹੋਰਾਂ ਨਾਲ ਹੋਊ, ਉਹੀ ਆਪਣੇ ਨਾਲ। ਤੂੰ ਹੌਂਸਲਾ ਰੱਖ।"

ਮੈਂ ਫਿਰ ਬੋਲਣ ਲੱਗ ਪਈ, "ਰਾਜ ਇਹ ਵੀ ਕੋਈ ਜ਼ਿੰਦਗੀ ਐ। ਕੀ ਨੌਕਰੀ ਹੈ ਇਹ। ਆਹ ਐਨੀ ਵੱਡੀ ਗੱਲ ਹੋ ਗਈ। ਕੋਈ ਭੈਣ-ਭਰਾ, ਚਾਚਾ-ਤਾਇਆ ਹੈ ਏਥੇ, ਜੀਹਦੇ ਨਾਲ ਗੱਲ ਕਰ ਸਕੀਏ। ਕੋਈ ਦੁੱਖ ਸਾਂਝਾ ਕਰ ਸਕੀਏ। ਕਿਸੇ ਮਾਂ, ਭੂਆ, ਮਾਸੀ, ਚਾਚੀ, ਤਾਈ ਦੇ ਗਲ ਲੱਗ ਸਕੀਏ। ਭਾਵੇਂ ਰੋ ਕੇ ਹੀ ਸਹੀ ਪਰ ਆਪਣਾ ਢਿੱਡ ਤਾਂ ਕਿਸੇ ਕੋਲ ਹੌਲਾ ਕਰ ਸਕੀਏ।"

"ਕੋਈ ਨੀ ਮਰਨ ਲੱਗਾ ਮੈਂ, ਐਵੇਂ ਨਾ ਦਿਲ ਛੋਟਾ ਕਰੀ ਜਾ। ਸੋਚਿਆ ਹੀ ਨਹੀ ਸੀ ਬਈ ਸਾਲੇ ਇੰਝ ਵੀ ਜਹਾਜ਼ ਵਿੱਚ ਆ ਵੜਨਗੇ। ਇਹ ਤਾਂ ਪਤਾ ਹੀ ਬਾਅਦ ਵਿੱਚ ਲੱਗਾ, ਬਈ ਕੰਜਰ ਦੇ ਡਾਕੂ ਨੇ। ਨਹੀਂ ਮੈਂ ਕਾਹਨੂੰ ਪੰਗਾ ਲੈਂਦਾ। ਆਪੇ ਸਾਲੇ ਲੁੱਟਮਾਰ ਕਰਕੇ ਚਲੇ ਜਾਂਦੇ।" ਰਾਜ ਹੋਰ ਖਿਝ ਗਿਆ।

ਮੈਂ ਵੀ ਹੋਰ ਖਿਝ ਗਈ, "ਅਜੇ ਤਾਂ ਬਾਂਹ 'ਤੇ ਹੀ ਜ਼ਖ਼ਮ ਹੈ, ਸਿਰ 'ਚ ਹੋ ਜਾਂਦਾ ਫੇਰ। ਰੱਬ ਨਾ ਕਰੇ ਅੱਜ ਤੁਹਾਨੂੰ ਕੁੱਝ ਹੋ ਜਾਂਦਾ ਤਾਂ ਮੈਂ ਕੀ ਕਰਦੀ? ਕਿਵੇਂ ਇੰਡੀਆ ਵਾਪਸ ਜਾਂਦੀ? ਇਕੱਲੀ ਕਿਹੜੇ ਘਰ ਜਾ ਕੇ ਵੜਦੀ, ਕਦੇ ਸੋਚਿਐ? ਮੈਨੂੰ ਨਹੀਂ ਪਤਾ, ਅਗਲੀ ਬੰਦਰਗਾਹ 'ਤੇ ਜਹਾਜ਼ ਛੱਡੋ ਤੇ ਘਰ ਚੱਲੋ।" ਮੈਂ ਲਗਾਤਾਰ ਬਹਿਸੀ ਜਾ ਰਹੀ ਸਾਂ।

"ਜੀਤੀ ਬਾਹਰ ਡਾਕੂਆਂ ਦਾ ਹੱਲਾ ਪਿਐ, ਏਧਰ ਤੂੰ ਮੇਰੇ ਨਾਲ ਸਿਰ

ਖਪਾਈ ਸ਼ੁਰੂ ਕਰਤੀ। ਲੁੱਟਮਾਰ ਕਰਕੇ ਚਲੇ ਜਾਣਗੇ, ਬਾਅਦ 'ਚ ਦੇਖਦੇ ਹਾਂ। ਐਨਾ ਭਾਵੁਕ ਹੋ ਕੇ ਜ਼ਿੰਦਗੀ ਨਹੀਂ ਨਿਕਲਦੀ। ਪਤੈ ਜਹਾਜ਼ 'ਚ ਕਿੰਨੇ ਡਾਲਰ ਮਿਲਦੇ ਨੇ। ਫਿਰ ਉਨ੍ਹਾਂ ਨੂੰ ਪੰਜਾਹ ਨਾਲ ਹੋਰ ਗੁਣਾ ਕਰਦੇ, ਐਨੇ ਰੁਪਏ ਬਣਦੇ ਨੇ। ਕੀ ਕਰਾਂਗੇ ਇੰਡੀਆ ਜਾ ਕੇ। ਜੇ ਮਾੜੀ-ਮੋਟੀ ਨੌਕਰੀ ਮਿਲ ਵੀ ਗਈ ਤਾਂ ਉਹਦੇ 'ਚ ਕੀ ਰਾਸ਼ਨ ਖਰੀਦਾਂਗੇ, ਕੀ ਕੱਪੜਾ-ਲੀੜਾ, ਦਵਾਈਆਂ ਤੇ ਅੱਗੇ ਬੱਚਿਆਂ ਦੇ ਖਰਚੇ। ਹੋਰ ਬਥੇਰੇ ਖਰਚੇ ਨੇ। ਉਹਦੇ 'ਚ ਤਾਂ ਤੇਰੀਆਂ ਪਾਊਡਰ-ਕਰੀਮਾਂ ਹੀ ਨੀ ਪੂਰੀਆਂ ਹੋਣੀਆਂ।"

ਪੋਡਰ-ਕਰੀਮਾਂ ਸੁਣ ਮੈਨੂੰ ਹੋਰ ਗੁੱਸਾ ਆ ਗਿਆ, "ਰਾਜ ਮੈਨੂੰ ਕੁੱਝ ਨਹੀਂ ਚਾਹੀਦਾ, ਬੰਦੇ ਨਾਲ ਹੀ ਸਭ ਕੁੱਝ ਚੰਗਾ ਲਗਦੈ। ਤੂੰ ਸਮਝਦਾ ਕਿਉਂ ਨਹੀਂ? ਮੇਰਾ ਮਨ ਬਹੁਤ ਡਰ ਰਿਹਾ ਹੈ। ਹੁਣ ਇੱਥੇ ਭੋਰਾ ਵੀ ਜੀਅ ਨਹੀ ਲੱਗਦਾ। ਸਮੁੰਦਰ ਵੀ ਦੇਖ ਲਏ, ਦੁਨੀਆਂ ਵੀ ਦੇਖ ਲਈ, ਤੈਨੂੰ ਕਦੇ ਨੀ ਕਹਿੰਦੀ ਬਈ ਬਾਹਰ ਘੁੰਮਾ ਕੇ ਲਿਆ। ਚੰਡੀਗੜ੍ਹ ਘੁੰਮ ਕੇ ਸਮਝ ਲਿਆ ਕਰਾਂਗੇ, ਸਾਰੀ ਦੁਨੀਆਂ ਘੁੰਮ ਲਈ। ਸੁਖਨਾ ਝੀਲ ਦੇ ਕਿਨਾਰੇ ਬੈਠ ਸਮਝ ਲਿਆ ਕਰਾਂਗੇ ਸਾਰੀ ਦੁਨੀਆਂ ਦੇ ਬੀਚ ਘੁੰਮ ਲਏ। ਚੱਲ ਪੰਜਾਬ ਚੱਲੀਏ। ਨੌਕਰੀ ਛੱਡ ਕੇ ਮੈਨੂੰ ਤਾਂ ਪਟਿਆਲੇ ਲੈ ਚੱਲ ਬੱਸ।"

"ਜੀਤੀ, ਅਸੀਂ ਕਿਉਂ ਨੌਕਰੀ ਛੱਡੀਏ। ਜਿਸਦਾ ਇਹ ਜਹਾਜ਼ ਹੈ, ਇਹ ਬਹੁਤ ਵੱਡੀ ਕੰਪਨੀ ਹੈ। ਮਸਾਂ ਇਸ ਕੰਪਨੀ ਵਿੱਚ ਨੌਕਰੀ ਮਿਲੀ ਹੈ। ਮੈਂ ਨੌਕਰੀ ਛੱਡ ਵੀ ਦੇਵਾਂ ਤਾਂ ਨਾਲ ਦੀ ਨਾਲ ਏਥੇ ਕੋਈ ਹੋਰ ਦੂਸਰਾ ਅਫ਼ਸਰ ਆ ਜਾਵੇਗਾ। ਨੌਕਰੀ ਲਈ ਕੰਪਨੀ ਦਫ਼ਤਰਾਂ ਵਿੱਚ ਲਾਈਨਾਂ ਲੱਗੀਆਂ ਰਹਿੰਦੀਆਂ ਨੇ। ਕੰਪਨੀ ਨੂੰ ਕੋਈ ਫ਼ਰਕ ਨੀ ਪੈਣ ਲੱਗਾ ਪਰ ਜੀਤੀ ਮੈਨੂੰ ਫ਼ਰਕ ਪੈਂਦਾ ਹੈ। ਬਹੁਤ ਵੱਡਾ ਫ਼ਰਕ, ਸਮਝ ਇਸ ਗੱਲ ਨੂੰ। ਨੌਕਰੀ ਵਿੱਚੋਂ ਛੱਡ ਕੇ ਜਾਵਾਂਗਾ ਤਾਂ ਦੁਬਾਰਾ ਕੰਪਨੀ 'ਚ ਨੌਕਰੀ ਮੁਸ਼ਕਿਲ ਹੋ ਜਾਏਗੀ। ਕਿਸੇ ਹੋਰ ਕੰਪਨੀ ਕੋਲ ਜਾਵਾਂਗਾ, ਉਹ ਸੋਚਣਗੇ, ਐਨੀ ਵੱਡੀ ਕੰਪਨੀ 'ਚ ਕੰਮ ਨੀ ਕੀਤਾ, ਕੋਈ ਗੱਲ ਹੈ, ਸਾਡੇ ਕੋਲ ਕੀ ਕਰੇਗਾ। ਇਹ ਵੱਡੀਆਂ ਕੰਪਨੀਆਂ ਕੋਲ ਸਭ ਰਿਕਾਰਡ ਹੁੰਦੇ ਹਨ।"

"ਵੱਡੀਆਂ ਕੰਪਨੀਆਂ ਨੂੰ ਕੀ ਚੱਟੀਏ, ਆਪਣੀ ਜ਼ਿੰਦਗੀ ਨਾਲੋਂ ਕੁੱਝ ਵੀ ਵੱਡਾ ਨਹੀਂ ਹੁੰਦਾ। ਤੂੰ ਆਪ ਹੀ ਕਹਿ ਰਿਹਾ ਹੈਂ ਕਿ ਇਨ੍ਹਾਂ ਕੰਪਨੀਆਂ ਨੂੰ ਕੋਈ ਫ਼ਰਕ ਨੀ ਪੈਂਦਾ ਪਰ ਰਾਜ ਮੈਨੂੰ ਪੈਂਦਾ ਹੈ। ਤੇਰੇ ਬਿਨਾਂ ਮੈਂ ਜੀਅ ਨਹੀਂ ਸਕਦੀ।" ਅੱਗੇ ਮੈਥੋਂ ਬੋਲ ਨਾ ਹੋਇਆ ਤੇ ਹੋਰ ਰੋਣ ਲੱਗ ਪਈ।

"ਐਨਾ ਦੁੱਖ ਤੂੰ 'ਕੱਲੀ ਨੇ ਝੱਲਿਆ ਧੀਏ! ਹੇ ਵਾਹਿਗੁਰੂ, ਹੇ ਮਾਲਕਾ, ਬੱਚੀ 'ਤੇ ਰਹਿਮ ਕਰਦਾ, ਅਸੀਂ ਤਾਂ ਫੁੱਲਾਂ ਵਾਂਗੂ ਰੱਖੀ ਸੀ, ਐਨਾ ਇਹ ਕਿੱਥੇ ਝੱਲਣ ਜੋਗੀ ਸੀ।" ਸੁਣ-ਸੁਣ ਮਾਂ ਦਾ ਕਲੇਜਾ ਬਹਿੰਦਾ ਜਾ ਰਿਹਾ ਸੀ।

"ਹੋਰ ਮਾਂ, ਸੱਚੀਂ ਉਹ ਤਾਂ ਕੋਈ ਘੜੀ ਹੀ ਮਾੜੀ ਸੀ। ਰਾਜ ਪੂਰੀ ਤਲਖ਼ੀ ਵਿੱਚ ਆ ਗਿਆ, "ਕਹਿੰਦਾ ਤੂੰ ਮੈਨੂੰ ਚੰਗੇ-ਭਲੇ ਨੂੰ ਹੀ ਮਾਰੀ ਜਾਨੀ ਐਂ। ਸਮੁੰਦਰਾਂ 'ਚ ਰੋਜ਼ ਕਿਧਰੇ ਨਾ ਕਿਧਰੇ ਐਕਸੀਡੈਂਟ ਹੁੰਦੇ ਨੇ, ਡਾਕੇ ਵੀ ਪੈਂਦੇ ਰਹਿੰਦੇ ਨੇ, ਜਹਾਜ਼ ਵੀ ਡੁਬਦੇ ਨੇ, ਕਦੇ ਮੌਤ ਵੀ ਹੋ ਜਾਂਦੀ ਹੈ, ਇਹ ਕੋਈ ਨਵੀਂ ਗੱਲ ਨਹੀਂ। ਕੀ ਪੰਜਾਬ 'ਚ ਐਕਸੀਡੈਂਟ ਨੀ ਹੁੰਦੇ? ਚੋਰੀਆਂ ਡਾਕੇ ਨੀ ਪੈਂਦੇ? ਲੋਕ ਨੀ ਮਰਦੇ? ਇਹ ਦੁਨੀਆਂ ਐਵੇਂ ਹੀ ਚੱਲੀ ਜਾਂਦੀ ਐ, ਚੱਲੀ ਜਾਣ ਦੇ।"

ਪਰ ਮੈਂ ਵੀ ਕਿੱਥੇ ਚੁੱਪ ਹੋਣਾ ਸੀ। ਫੇਰ ਗੁੱਸਾ ਚੜ੍ਹ ਗਿਆ। ਪਤਾ ਨੀ ਉਸ ਦਿਨ ਮੈਨੂੰ ਕੀ ਹੋ ਗਿਆ ਕਿ ਹੋਰ ਬਹਿਸਣ ਲੱਗੀ, "ਮੈਨੂੰ ਪਤੈ ਹਰ ਥਾਂ ਲੋਕ ਮਰਦੇ ਨੇ ਪਰ ਅਸੀਂ ਏਥੇ ਇਸ ਹਾਲਾਤ ਵਿੱਚ ਕਿਉਂ ਮਰੀਏ। ਸਾਡੇ ਮਾਪੇ ਐਨੇ ਗਏ-ਗੁਜ਼ਰੇ ਤਾਂ ਨਹੀਂ ਕਿ ਸਾਨੂੰ ਕੱਫਣ ਵੀ ਨਾ ਜੁੜੂ।"

"ਸ਼ਟ-ਅੱਪ ਯਾਰ, ਜੋ ਮੂੰਹ ਆਇਆ ਬੇ-ਅਕਲਾਂ ਦੀ ਤਰ੍ਹਾਂ ਬਕੀ ਜਾਂਦੀ ਐਂ। ਹੋਰ ਕਿਸੇ ਦਾ ਫ਼ਿਕਰ ਈ ਨੀ।" ਰਾਜ ਜ਼ੋਰ-ਜ਼ੋਰ ਦੀ ਚਿੱਲਾਉਣ ਲੱਗਾ ਤੇ ਉਸ ਦੀਆਂ ਅੱਖਾਂ ਵਿੱਚ ਲਾਲੀ ਆ ਗਈ।

ਫੇਰ ਮੈਂ ਚੁੱਪ ਕਰ ਗਈ ਤੇ ਉਸ ਦੀ ਛਾਤੀ 'ਤੇ ਸਿਰ ਰੱਖ ਕੇ ਡੁਸਕਣ ਲੱਗ ਗਈ, ਹੋਰ ਕੀ ਕਰਦੀ। ਐਨੇ ਨੂੰ ਕੈਬਿਨ ਦੇ ਦਰਵਾਜ਼ੇ 'ਤੇ ਐਨਾ ਜ਼ੋਰ ਦੀ ਧੱਕਾ ਵੱਜਾ ਕਿ ਉੱਚੀ ਖੜਾਕ ਹੋਇਆ। ਦਰਵਾਜ਼ੇ ਦਾ ਪੱਲਾ ਠਾਹ ਕਰਕੇ ਖੁੱਲ੍ਹ ਗਿਆ। ਬਾਹਰ ਕਈ ਡਾਕੂ ਖੜ੍ਹੇ ਸਨ। ਵੇਖ ਕੇ ਮੇਰੀ ਚੀਕ ਨਿਕਲ ਗਈ। ਰਾਜ ਤਾਂ ਪਹਿਲਾਂ ਹੀ ਜ਼ਖ਼ਮੀ ਸੀ। ਦੋ ਜਣਿਆਂ ਨੇ ਤੁਰੰਤ ਕਾਬੂ ਕਰ ਲਿਆ। ਘੜੀਸ ਕੇ ਬਾਹਰ ਲੈ ਗਏ। ਮੈਂ ਨਾਲ ਜਾਣ ਲਈ ਤੜਫ਼ੀ। ਉੱਚੀ-ਉੱਚੀ ਰੋਣ ਲੱਗੀ। ਚੀਕਾਂ ਮਾਰੀਆਂ ਪਰ ਡਾਕੂਆਂ ਇੱਕ ਨਾ ਸੁਣੀ ਤੇ ਮੈਨੂੰ ਉੱਥੇ ਹੀ ਰੋਕ ਲਿਆ। ਰਾਜ ਨੇ ਵੀ ਬਹੁਤ ਜਾਨ ਤੁੜਾਈ। ਬਹੁਤ ਰੌਲਾ ਪਾਇਆ ਪਰ ਉਹ ਉਸਨੂੰ ਖਿੱਚ ਕੇ ਲੈ ਗਏ।

"ਫਿਰ ਇੱਕ ਡਾਕੂ ਨੇ ਮੇਰੇ 'ਤੇ ਗੰਨ ਤਾਣ ਲਈ ਤੇ ਚਿੱਲਾਇਆ, 'ਸਭ ਸੋਨਾ ਤੇ ਡਾਲਰ ਬਾਹਰ ਕੱਢੋ।' ਸਾਹਮਣੇ ਖੜ੍ਹੇ ਭੱਦੀ ਜੀ ਸ਼ਕਲ ਵਾਲੇ ਖ਼ੌਫ਼ਨਾਕ ਡਾਕੂ ਦੇ ਇਹ ਸ਼ਬਦ ਸੁਣ ਕੇ ਮੈਂ ਕੰਬਣ ਲੱਗ ਪਈ। ਪਸੀਨੋ-ਪਸੀਨਾ ਹੋ ਗਈ। ਮੇਰੇ ਦੋਵੇਂ ਹੱਥ ਕਦੋਂ ਉਸ ਸਾਹਮਣੇ ਜੁੜ ਗਏ, ਮੈਨੂੰ ਕੁੱਝ ਯਾਦ ਨੀ। ਮੈਂ ਉਸ ਤੋਂ ਕੋਈ ਭੀਖ ਮੰਗ ਰਹੀ ਸੀ, ਕਾਹਦੀ? ਆਪਣੀ, ਆਪਣੇ ਸੋਨੇ ਦੀ, ਰਾਜ ਦੀ ਜਾਂ ਕਿਸੇ ਹੋਰ ਗੱਲ ਦੀ, ਕੁੱਝ ਪਤਾ ਨੀ। ਸ਼ਾਇਦ ਡਰ ਦੀ ਮਾਰੀ ਦੇ ਹੀ ਹੱਥ ਜੁੜ ਗਏ ਸੀ। ਮੈਂ ਆਪਣੀ ਹੋਸ਼ ਖੋ ਬੈਠੀ ਸੀ।"

"ਵਾਹਿਗੁਰੂ....ਵਾਹਿਗੁਰੂ। ਧੀਏ ਐਨਾ ਕੁੱਝ ਹੋ ਗਿਆ ਤੇ ਤੂੰ ਅੱਜ ਤੱਕ ਕੁੱਝ ਨੀ ਦੱਸਿਆ। ਐਡੀ ਵੱਡੀ ਗੱਲ ਢਿੱਡ ਵਿੱਚ ਲਈ ਬੈਠੀ ਹੈਂ। ਤੇਰੀਆਂ

ਗੱਲਾਂ ਸੁਣ-ਸੁਣ, ਡਰ ਤਾਂ ਮੈਨੂੰ ਲੱਗੀ ਜਾਂਦੈ, ਤੂੰ ਤਾਂ ਡਰਨਾ ਹੀ ਸੀ। ਤੂੰ ਕਿਸੇ ਨਾਲ ਤਾਂ ਗੱਲ ਕਰਦੀ। ਐਸੀ ਗੱਲ ਤੇਰੇ ਡੈਡੀ ਨੂੰ ਜ਼ਰੂਰ ਦੱਸਣੀ ਬਣਦੀ ਸੀ।"

"ਬੱਸ ਮੰਮੀ, ਫਿਰ ਮੈਂ ਡਰਦੀ ਨੇ ਆਪਣਾ ਸਾਰਾ ਸੋਨਾ, ਕੈਸ਼, ਕੈਬਿਨ ਵਿੱਚ ਪਿਆ ਹੋਰ ਕੀਮਤੀ ਸਾਮਾਨ, ਸਭ ਕੁੱਝ ਉਨ੍ਹਾਂ ਡਾਕੂਆਂ ਨੂੰ ਫੜਾ 'ਤਾ। ਫੇਰ ਉਹ ਮੈਨੂੰ ਵੀ ਖਿੱਚ ਕੇ ਕੈਬਿਨ 'ਚੋਂ ਬਾਹਰ ਲੈ ਗਏ ਤੇ ਜਹਾਜ਼ ਦੀ ਮੈਸ, ਜਿੱਥੇ ਰੋਟੀ ਖਾਂਦੇ ਹੁੰਦੇ ਸੀ, ਵਿੱਚ ਲਿਜਾ ਸੁੱਟਿਆ। ਕੁੱਝ ਬੰਦੇ ਪਹਿਲਾਂ ਉੱਥੇ ਸੀ, ਜੋ ਜਹਾਜ਼ ਦੇ ਸਟਾਫ਼ ਦੇ ਬੰਦੇ ਸੀ। ਜਹਾਜ਼ ਦੇ ਸਟਾਫ਼ ਨੂੰ ਦੇਖ ਕੇ, ਉਨ੍ਹਾਂ ਕੋਲ ਆ ਕੇ ਮੇਰੀ ਜਾਨ ਵਿੱਚ ਜਾਨ ਆਈ। ਕੁੱਝ ਕੁ ਸੁਰਤ ਸੰਭਲੀ।

ਫੇਰ ਮੈਂ ਦੇਖਿਆ, ਇੱਕ ਕੋਨੇ 'ਚ ਰਾਜ ਆਪਣਾ ਸਿਰ ਗੋਡਿਆਂ ਵਿੱਚ ਦੇਈ ਬੈਠਾ ਸੀ। ਮੈਂ ਭੱਜ ਕੇ ਜਾ ਉਸ ਨੂੰ ਚਿੰਬੜ ਗਈ ਤੇ ਉੱਚੀ-ਉੱਚੀ ਰੋਣ ਲੱਗੀ। ਮੈਨੂੰ ਦੇਖਦੇ ਹੀ ਜਿਵੇਂ ਉਸ ਵਿੱਚ ਜਾਨ ਆ ਗਈ। ਉਸ ਦੀ ਧਾਅ ਨਿਕਲ ਗਈ ਤੇ ਕਾਫ਼ੀ ਦੇਰ ਇੱਕ-ਦੂਜੇ ਦੇ ਗਲ ਨੂੰ ਚਿੰਬੜੇ ਅਸੀਂ ਰੋਂਦੇ ਰਹੇ।"

# ਵਰ ਕਿ ਸਰਾਪ

ਮੈਂ ਕਲੱਬ ਬਾਰ ਦੇ ਦਰਵਾਜ਼ੇ ਵੱਲ ਵਧਿਆ। ਇੱਕ ਵਰਦੀਧਾਰੀ ਨੌਜਵਾਨ ਨੇ ਸਲੂਟ ਮਾਰ ਕੇ ਦਰਵਾਜ਼ਾ ਖੋਲ੍ਹਿਆ। ਅੰਦਰੋਂ ਸਿਗਰਟਾਂ ਦੇ ਧੂੰਏਂ ਦੀ ਹਵਾੜ੍ਹ ਨੇ ਮੇਰਾ ਸਵਾਗਤ ਕੀਤਾ। ਬਿਨਾਂ ਝਿਜਕ ਮੈਂ ਦਾਖ਼ਲ ਹੋ ਗਿਆ। ਅੰਦਰ ਰੌਣਕ ਸੀ।

ਹੌਲੀ-ਹੌਲੀ ਮੈਂ ਰੰਗ-ਬਿਰੰਗੀਆਂ ਲਾਈਟਾਂ ਨਾਲ ਸਜੇ ਸ਼ਰਾਬ ਦੇ ਕਾਊਂਟਰ ਵੱਲ ਵਧਣ ਲੱਗਾ। ਮੇਰੀ ਨਜ਼ਰ ਚਾਰ-ਚੁਫ਼ੇਰੇ ਰਡਾਰ ਦੀ ਤਰ੍ਹਾਂ ਘੁੰਮ ਰਹੀ ਸੀ। ਵਧ-ਘਟ ਰਹੀ ਇਸ ਰੌਸ਼ਨੀ 'ਚ, ਮੇਰੀਆਂ ਨਜ਼ਰਾਂ ਪੂਰੀ ਵਾਹ ਲਾ ਰਹੀਆਂ ਸਨ। ਉਹ ਥੋੜ੍ਹਾ ਮਧਰਾ ਕੱਦ, ਚੁਸਤ ਗੁੰਦਵਾਂ ਸਰੀਰ, ਗੋਰਾ ਰੰਗ, ਤਿੱਖੇ ਨੈਣ-ਨਕਸ਼, ਗੋਲ ਜਿਹੇ ਹਸੂੰ-ਹਸੂੰ ਕਰਦੇ ਚਿਹਰੇ ਨੂੰ ਤਲਾਸ਼ ਰਹੀਆਂ ਸਨ। ਅਜੇ ਤੱਕ ਉਹ ਪਿਆਰਾ ਤੇ ਸੁੰਦਰ ਚਿਹਰਾ ਵਿਖਾਈ ਨਹੀਂ ਸੀ ਦਿੱਤਾ।

ਮੁਸਕਰਾਹਟਾਂ ਬਖੇਰਦੀ, ਚੁਸਤ ਚਾਲ ਚਲਦੀ, ਬਾਰ-ਟੇਬਲਾਂ ਉੱਪਰ ਸ਼ਰਾਬ ਤੇ ਹੋਰ ਸਨੈਕਸ ਵਰਤਾਉਂਦੀ, ਏਧਰ-ਓਧਰ ਘੁੰਮਦੀ, ਉਹ ਬੜੀ ਪਿਆਰੀ ਲੱਗਦੀ। ਝੂੰਮ-ਝੂੰਮ ਕੇ ਤੁਰਦੀ ਜਦ ਮੇਰੇ ਟੇਬਲ 'ਤੇ ਆਉਂਦੀ ਤਾਂ ਵੱਧ ਸਮਾਂ ਰੁਕਦੀ। ਕਿੰਨਾ-ਕਿੰਨਾ ਚਿਰ ਗੱਲਾਂ ਮਾਰਦੀ ਰਹਿੰਦੀ। ਕਈ ਵਾਰ ਗੱਲਾਂ ਦੇ ਨਾਲ-ਨਾਲ ਕੋਈ ਪਿਆਰੀ ਸ਼ਰਾਰਤ ਵੀ ਕਰਦੀ। ਮੇਰੇ ਅੰਦਰ ਖ਼ੁਸ਼ੀ ਤੇ ਮਸਤੀ ਦੇ ਸਾਜ਼ ਆਪ-ਮੁਹਾਰੇ ਵੱਜਣ ਲੱਗਦੇ। ਕੋਲ ਬੈਠਦੀ ਨਹੀਂ ਸੀ ਕਿਉਂਕਿ ਉਹ ਬੈਠ ਨਹੀਂ ਸੀ ਸਕਦੀ। ਹਾਂ, ਡਾਂਸ ਕਰਨ ਲਈ ਉਕਸਾਉਂਦੀ ਰਹਿੰਦੀ। ਬਾਰ ਗੈਸਟਾਂ ਨਾਲ ਡਾਂਸ ਕਰਨ ਦੀ ਉਨ੍ਹਾਂ ਨੂੰ ਪੂਰੀ ਖੁੱਲ੍ਹ ਸੀ। ਇਹ ਸਭ ਬਿਜ਼ਨਿਸ ਦੇ ਢੰਗ-ਤਰੀਕੇ ਹਨ।

ਬੜੇ ਹੀ ਸਲੀਕੇ ਤੇ ਪ੍ਰੇਮ ਭਰੇ ਅੰਦਾਜ਼ ਨਾਲ ਮਨ ਨੂੰ ਮੋਹ ਲੈਣ ਵਾਲੀ ਉਸ ਕੁੜੀ 'ਤੇ ਮੈਂ ਕੁੱਝ ਜ਼ਿਆਦਾ ਹੀ ਮੋਹਿਤ ਸੀ। ਉਸ ਨੂੰ ਦੇਖਣ ਲਈ ਮਨ ਬੇਚੈਨ ਸੀ ਪਰ ਉਹ ਤਾਂ ਅੱਜ ਨਜ਼ਰ ਹੀ ਨਹੀਂ ਸੀ ਪੈ ਰਹੀ। ਮਨ ਉਦਾਸ ਹੋ ਗਿਆ, ਚਲੋ ਵਾਪਸ ਚਲਦੇ ਹਾਂ। ਫਿਰ ਸੋਚਿਆ, 'ਸ਼ਾਇਦ ਏਥੇ ਹੀ ਕਿਤੇ ਹੋਵੇ ਤੇ ਜਲਦੀ ਆ ਜਾਵੇ।' ਮੈਂ ਪੈੱਗ ਲਿਆ ਤੇ ਇੱਕ ਖਾਲੀ ਟੇਬਲ 'ਤੇ ਜਾ ਬੈਠਾ।

ਹੋਰ ਟੇਬਲਾਂ 'ਤੇ ਬੈਠੇ ਲੋਕ ਸ਼ਰਾਬ ਦੀਆਂ ਚੁਸਕੀਆਂ ਲੈ ਰਹੇ ਸਨ। ਬਾਰ-ਗਰਲਜ਼ ਏਧਰ-ਓਧਰ ਘੁੰਮ ਰਹੀਆਂ ਸਨ। ਹਲਕਾ ਮਿਊਜ਼ਿਕ ਮਾਹੌਲ ਨੂੰ

ਸੰਗੀਤਮਈ ਬਣਾ ਰਿਹਾ ਸੀ। ਕਿਸੇ-ਕਿਸੇ ਟੇਬਲ ’ਤੇ ਹਾਸੀ-ਮਜ਼ਾਕ ਵੀ ਚੱਲ ਰਿਹਾ ਸੀ। ਪਤਾ ਨਹੀਂ ਕਿਉਂ, ਮੈਨੂੰ ਸਾਰੀ ਬਾਰ ਸੁੰਨੀ-ਸੁੰਨੀ ਲੱਗ ਰਹੀ ਸੀ। ਮੈਂ ਪਹਿਲਾਂ ਵੀ ਕਈ ਵਾਰ ਇਸ ਬਾਰ ਵਿੱਚ ਆਇਆ ਸੀ। ਕਦੀ ਵੀ ਇਸ ਤਰ੍ਹਾਂ ਮਹਿਸੂਸ ਨਹੀਂ ਸੀ ਹੋਇਆ। ਸ਼ਾਇਦ ਉਸ ਕੁੜੀ ਨੂੰ ਮੈਂ ਲੋੜ ਤੋਂ ਵੱਧ ਚਾਹੁਣ ਲੱਗ ਪਿਆ ਸੀ ਤੇ ਉਸਦਾ ਬਾਰ ਵਿੱਚ ਨਾ ਹੋਣਾ ਮੈਨੂੰ ਉਦਾਸ ਕਰ ਰਿਹਾ ਸੀ।

‘ਚੈਰੀ’, ਹਾਂ ਇਹੀ ਨਾਮ ਤਾਂ ਦੱਸਿਆ ਸੀ ਉਸਨੇ। ਬਾਰ ਅੰਦਰ ਵੀ ਸਾਰੇ ਉਸ ਨੂੰ ‘ਚੈਰੀ’ ਨਾਮ ਨਾਲ ਹੀ ਬੁਲਾਉਂਦੇ ਸੀ। ਵੈਸੇ ਮੈਨੂੰ ਸ਼ੱਕ ਸੀ, ਇਹ ਨਾਮ ਉਹ ਸਿਰਫ਼ ਬਾਰ ਲਈ ਵਰਤਦੀ ਹੋਵੇਗੀ। ਉਸ ਦਾ ਅਸਲੀ ਨਾਮ ਜ਼ਰੂਰ ਕੋਈ ਹੋਰ ਹੋਵੇਗਾ.... ਪਰ ਨਾਮ ਨਾਲ ਕੀ, ਕੋਈ ਵੀ ਹੋਵੇ, ਕੀ ਫ਼ਰਕ ਪੈਂਦੈ। ਗੱਲ ਤਾਂ ਇਹ ਹੈ ਕਿ ਮੇਰੀਆਂ ਨਜ਼ਰਾਂ ਐਨੀ ਬੇਸਬਰੀ ਨਾਲ ਉਸ ਨੂੰ ਕਿਉਂ ਤਲਾਸ਼ ਰਹੀਆਂ ਨੇ? ਉਸ ਬਿਨਾਂ ਬਾਰ ਸੁੰਨੀ-ਸੁੰਨੀ ਕਿਉਂ ਲੱਗ ਰਹੀ ਹੈ?

ਪੈੱਗ ਖ਼ਤਮ ਹੋ ਚੁੱਕਾ ਸੀ। ਮੈਂ ਖਾਲੀ ਪਏ ਗਿਲਾਸ ਵੱਲ ਵੇਖ ਰਿਹਾ ਸੀ। ਇੱਕ ਬਾਰ-ਗਰਲ ਮੇਰੇ ਕੋਲ ਆਈ ਤੇ ਮੁਸਕਰਾ ਕੇ ਬੋਲੀ, “ਸਰ, ਹੋਰ ਪੈੱਗ ਜਾਂ ਸਨੈਕਸ, ਕੋਈ ਮੱਦਦ ਸਰ?”

ਮਨ ਹੀ ਮਨ ਸੋਚਣ ਲੱਗਾ, ‘ਹੋਰ ਪੈੱਗ ਲਵਾਂ ਕਿ ਜਾਵਾਂ?’ ਅਖ਼ੀਰ ਫੈਸਲਾ ਕੀਤਾ, ਮਜ਼ਾ ਨੀ ਆ ਰਿਹਾ, ਚੱਲਿਆ ਜਾਵੇ।

“ਨਹੀਂ, ਧੰਨਵਾਦ, ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ।” ਉਸ ਕੁੜੀ ਨੂੰ ਇਹ ਕਹਿ ਮੈਂ ਉੱਠ ਕੇ ਜਾਣ ਲਈ ਤਿਆਰ ਹੋ ਗਿਆ। ਉਹ ਖਾਲੀ ਗਿਲਾਸ ਲੈ ਕੇ ਚਲੀ ਗਈ।

ਮੈਂ ਵਾਪਸ ਜਾਣ ਲਈ ਬਾਹਰ ਨੂੰ ਮੂੰਹ ਕੀਤਾ ਹੀ ਸੀ ਕਿ ਇੱਕ ਕੋਨੇ ਵਿੱਚੋਂ ਆਵਾਜ਼ ਆਈ, “ਬਾਈ ਕੀ ਗੱਲ, ਬੜੀ ਜਲਦੀ ਉੱਠ ਕੇ ਤੁਰ ਚੱਲਿਆਂ?”

ਮੈਂ ਹੈਰਾਨ ਹੋ ਕੇ ਉਸ ਕੋਨੇ ਵੱਲ ਵੇਖਿਆ। ਓਧਰ ਬਹੁਤ ਹੀ ਹਲਕਾ ਜਿਹਾ ਚਾਨਣ ਸੀ। ਨਾ ਤਾਂ ਮੈਨੂੰ ਕੋਈ ਉਮੀਦ ਸੀ ਕਿ ਮੈਕਸੀਕੋ ਦੀ ਇਸ ਬਾਰ ਵਿੱਚ ਕੋਈ ਪੰਜਾਬੀ ਵੀ ਹੋ ਸਕਦਾ ਹੈ ਤੇ ਨਾ ਹੀ ਮੈਂ ਉਸ ਕੋਨੇ ਵੱਲ ਕੋਈ ਖ਼ਾਸ ਧਿਆਨ ਦਿੱਤਾ ਸੀ। ਮੈਂ ਤਾਂ ਚੈਰੀ ਨੂੰ ਮਿਲਣ ਆਇਆ ਸੀ। ਉਸੇ ਬਾਰੇ ਸੋਚ ਰਿਹਾ ਸੀ ਤੇ ਉਸੇ ਨੂੰ ਲੱਭ ਰਿਹਾ ਸੀ।

ਖ਼ੈਰ, ਕਿਸੇ ਪੰਜਾਬੀ ਬੰਦੇ ਦੇ ਮਿਲਣ ਦੀ ਖ਼ੁਸ਼ੀ ਹੋਈ। ਮੈਂ ਉਸ ਕੋਨੇ ਵੱਲ ਮੁੜ ਕੇ ਉਸ ਟੇਬਲ ਵੱਲ ਵਧਿਆ, ਜਿੱਧਰੋਂ ਆਵਾਜ਼ ਆਈ ਸੀ। ਇੱਕ ਕਲੀਨ-ਸ਼ੇਵ ਸੋਹਣਾ ਜਵਾਨ, ਪੈੱਗ ਲਈ ਟੇਬਲ ’ਤੇ ਇਕੱਲਾ ਬੈਠਾ ਸੀ। ਸਪਾਟ ਚਿਹਰਾ, ਕੋਈ ਹਾਵ-ਭਾਵ ਨਹੀਂ। ਮੇਰੇ ਜਾਣ ’ਤੇ ਉੱਠਿਆ ਵੀ ਨਹੀਂ ਤੇ ਨਾ

ਹੀ ਹੱਥ ਮਿਲਾਉਣ ਦੀ ਕੋਈ ਕੋਸ਼ਿਸ਼ ਕੀਤੀ। ਇੱਕ ਕੁਰਸੀ ਵੱਲ ਇਸ਼ਾਰਾ ਕੀਤਾ ਤੇ ਕਿਹਾ, "ਆ ਜਾ, ਬਹਿ ਜਾ, ਸੁਣਾ ਕੋਈ ਗੱਲਬਾਤ। ਜਦੋਂ ਤੂੰ ਬਾਰ 'ਚ ਦਾਖ਼ਲ ਹੋਇਆ, ਮੈਂ ਵੇਖ ਲਿਆ ਸੀ ਕਿ ਬੰਦਾ ਪੰਜਾਬੀ ਹੈ।"

ਬੈਠਣ ਤੋਂ ਪਹਿਲਾਂ ਮੈਂ ਸਤਿ ਸ੍ਰੀ ਅਕਾਲ ਬੁਲਾਈ। ਮਿਲਾਉਣ ਲਈ ਹੱਥ ਵੀ ਅੱਗੇ ਵਧਾਇਆ। ਉਸ ਨੇ ਬੈਠੇ-ਬੈਠੇ ਹੀ ਰਸਮੀ ਜਿਹਾ ਹੱਥ ਮਿਲਾ ਤਾਂ ਲਿਆ ਪਰ ਉਸ ਵਿੱਚ ਪੰਜਾਬੀਆਂ ਵਾਲੀ ਗਰਮ-ਜੋਸ਼ੀ ਨਹੀਂ ਸੀ। ਮੈਨੂੰ ਧੱਕਾ ਜਿਹਾ ਲੱਗਾ। ਫਿਰ ਮੈਂ ਕੁਰਸੀ 'ਤੇ ਬੈਠ ਗਿਆ ਤੇ ਗੱਲ ਸ਼ੁਰੂ ਕਰਨ ਦੇ ਇਰਾਦੇ ਨਾਲ ਪੁੱਛਿਆ, "ਹੋਰ ਸੁਣਾਓ ਵੀਰ ਜੀ ਕੀ ਹਾਲ ਚਾਲ ਹੈ, ਤੁਸੀਂ ਏਥੇ ਕਿਵੇਂ?"

ਉਸਨੇ ਮੇਰੇ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ। ਚੁੱਪ-ਚਾਪ ਬੈਠਾ ਮੇਰੇ ਵੱਲ ਵੇਖਦਾ ਰਿਹਾ। ਮੈਨੂੰ ਅਜੀਬ ਜਿਹਾ ਲੱਗਾ। ਜਵਾਬ ਦੇਣ ਦੀ ਬਜਾਏ ਹੌਲੀ ਜਿਹੀ ਬੋਲ ਕੇ ਕਹਿੰਦਾ, "ਜਹਾਜ਼ੀ ਲੱਗਦੈਂ, ਪਹਿਲਾਂ ਤਾਂ ਕਦੇ ਦੇਖਿਆ ਨੀ?"

ਉਸ ਦੀ ਇਹ ਗੱਲ ਮੈਨੂੰ ਚੁਭੀ। ਪਹਿਲੀ ਸੱਟੇ ਹੀ 'ਪੰਜਾਬੀ ਭਰਾ ਮਿਲ ਗਿਆ' ਵਾਲਾ ਚਾਅ ਢੈਲ਼ਾ ਪੈ ਗਿਆ। ਉਸਦਾ ਗੱਲ ਕਰਨ ਦਾ ਵਿਵਹਾਰ ਵਧੀਆ ਨਾ ਲੱਗਾ। ਉਹ ਕੋਈ ਵੱਡੀ ਉਮਰ ਦਾ ਨਹੀਂ ਸੀ ਕਿ ਇਸ ਤਰ੍ਹਾਂ ਗੱਲ ਕਰਦਾ।

ਬੁਝੇ ਜਿਹੇ ਮਨ ਨਾਲ ਮੈਂ ਦੱਸਿਆ, "ਹਾਂ ਵੀਰ ਜਹਾਜ਼ੀ ਹਾਂ, ਜਹਾਜ਼ ਵਿੱਚ ਨੌਕਰੀ ਕਰਦਾਂ। ਅੱਜ ਹੀ ਮੇਰਾ ਜਹਾਜ਼ ਇਸ ਬੰਦਰਗਾਹ 'ਤੇ ਆਇਐ।"

ਉਹ ਕੁੱਝ ਸੋਚਣ ਲੱਗਾ। ਦੋ ਘੁੱਟ ਦਾਰੂ ਦੇ ਭਰੇ ਪਰ ਬੋਲਿਆ ਕੁੱਝ ਨਾ, ਚੁੱਪ ਰਿਹਾ। ਮੈਂ ਗੱਲ ਨੂੰ ਹੋਰ ਅੱਗੇ ਤੋਰਦੇ ਫੇਰ ਪੁੱਛਿਆ, "ਵੀਰ ਜੀ ਤੁਸੀਂ ਏਥੇ ਕਿਵੇਂ, ਕਿੰਨਾ ਕੁ ਚਿਰ ਹੋ ਗਿਆ ਏਥੇ ਆਇਆਂ ਨੂੰ?"

ਕੋਈ ਜਵਾਬ ਨਹੀਂ, ਉਲਟਾ ਮੈਨੂੰ ਹੀ ਫਿਰ ਸਵਾਲ ਕਰ ਦਿੱਤਾ, "ਤੈਨੂੰ ਕਿੰਨਾ ਕੁ ਚਿਰ ਹੋ ਗਿਆ ਜਹਾਜ਼ ਚੜ੍ਹੇ ਨੂੰ? ਪੰਜਾਬ ਤੋਂ ਕਦੋਂ ਆਇਆਂ? ਪੰਜਾਬ ਦਾ ਕੀ ਹਾਲ-ਚਾਲ ਹੈ?"

ਬੜਾ ਅਜੀਬ ਲੱਗਿਆ। 'ਕਿੱਦਾਂ ਦਾ ਬੰਦਾ ਹੈ ਯਾਰ।'

ਉਹ ਲਗਾਤਾਰ ਮੇਰੇ ਵੱਲ ਵੇਖੀ ਜਾ ਰਿਹਾ ਸੀ। ਜਲਦੀ ਮੈਂ ਕੁੱਝ ਬੋਲਾਂ ਤੇ ਉਸ ਦੇ ਸਵਾਲ ਦਾ ਜਵਾਬ ਦੇਵਾਂ। ਮੈਨੂੰ ਖੁੰਧਕ ਜਿਹੀ ਹੋਈ ਤੇ ਮੈਂ ਬੋਲਣਾ ਸ਼ੁਰੂ ਕੀਤਾ, "ਪੰਜਾਬ ਠੀਕ ਹੈ, ਰੰਗੀਂ ਵੱਸਦੈ, ਢੋਲੇ ਦੀਆਂ ਲਾਉਂਦੇ ਨੇ ਲੋਕ। ਜੱਟਾਂ ਦੇ ਮੁੰਡੇ ਜੀਅ ਕਰੇ ਮੋਟਰਸਾਈਕਲ 'ਤੇ ਖੇਤ ਗੇੜਾ-ਗੂੜਾ ਮਾਰ ਆਉਂਦੇ ਆ, ਨਹੀਂ ਤਾਂ ਖ਼ੈਰ ਸੱਲਾ। ਫਿਰ ਸ਼ਾਮ ਨੂੰ ਪੈੱਗ-ਪੁੱਗ ਚਲਦੈ। ਕਈਆਂ ਨੇ ਲੰਡੀਆਂ ਜੀਪਾਂ ਤੇ ਕਈਆਂ ਨੇ ਮਹਿੰਗੀਆਂ ਕਾਰਾਂ ਵੀ ਰੱਖੀਆਂ ਹੋਈਆਂ ਨੇ।

ਰੋਜ਼ ਹੀ ਸ਼ਹਿਰ ਦਾ ਗੇੜਾ-ਗੂੜਾ ਵੀ ਮਾਰਦੇ ਰਹਿੰਦੇ ਨੇ। ਕੋਈ ਬੱਸ ਅੱਡਿਆਂ ਵੱਲ 'ਤੇ, ਕੋਈ ਕੁੜੀਆਂ ਦੇ ਸਕੂਲਾਂ-ਕਾਲਜਾਂ ਵੱਲ ਚੱਕਰ-ਚੁੱਕਰ ਮਾਰ ਛੱਡਦੇ ਨੇ। ਉਨ੍ਹਾਂ ਲਈ ਉਹ ਵੀ ਜ਼ਰੂਰੀ ਕੰਮ ਹੋਇਆ। ਕਈ ਬਾਹਰ ਜਾਣ ਖ਼ਾਤਰ ਏਜੰਟਾਂ ਕੋਲ ਗੇੜੇ ਮਾਰਦੇ ਨੇ। ਆਈਲੈਟ ਸੈਂਟਰ ਵਾਧੂ। ਖੁੰਬਾਂ ਵਾਂਗੂੰ ਉੱਗ ਪਏ ਨੇ ਹਰੇਕ ਸ਼ਹਿਰ 'ਚ। ਨੌਜਵਾਨ ਮੁੰਡੇ-ਕੁੜੀਆਂ ਨਾਲ ਭਰੇ ਪਏ ਨੇ। ਉੱਥੇ ਨਾਲੇ ਅੰਗਰੇਜ਼ੀ ਬੋਲਣੀ ਸਿਖਦੇ ਨੇ, ਨਾਲ ਅੰਗਰੇਜ਼ੀ ਫੈਸ਼ਨ ਤੇ ਹੋਰ ਵੀ ਕਈ ਕੁੱਝ। ਬਾਕੀ ਜਿਹੜੇ ਬਾਹਲੇ ਹੀ ਉੜੇ-ਥੁੜੇ ਨੇ ਤੇ ਕੋਈ ਵਾਹ ਨੀ ਲੱਗਦੀ, ਉਨ੍ਹਾਂ 'ਚੋ ਇੱਕ-ਦੋ ਰੋਜ਼ ਪੰਜਾਬ ਤੋਂ ਸਿੱਧੀ ਰੱਬ ਦੀ ਟਿਕਟ ਕਟਾ ਲੈਂਦੇ ਆ। ਕੋਈ ਕਰਜ਼ੇ ਦਾ ਭੰਨਿਆ ਪਿਆ, ਕੋਈ ਨਸ਼ਿਆਂ ਦਾ। ਖੇਤੀ ਦਾ ਕੰਮ ਤਾਂ ਅੱਜ-ਕੱਲ੍ਹ ਸਾਰਾ ਭਈਏ ਹੀ ਕਰਦੇ ਨੇ ਜਾਂ ਮਾੜਾ-ਮੋਟਾ ਪੁਰਾਣੇ ਬੰਦੇ। ਤੈਨੂੰ ਵੀ ਸਾਰਾ ਪਤਾ ਹੀ ਹੋਣੈ।" ਮੈਂ ਰੁੱਖਾ ਜਿਹਾ ਜਵਾਬ ਦਿੱਤਾ।

"ਹੂੰ....ਅ....ਅ।" ਇਹ ਕਹਿ ਉਹਨੇ ਬਾਰ-ਗਰਲ ਨੂੰ ਇਸ਼ਾਰਾ ਕੀਤਾ ਤੇ ਪੈੱਗ ਲਿਆਉਣ ਲਈ ਕਿਹਾ। ਫਿਰ ਉਹ ਮੈਨੂੰ ਹੋਰ ਪੁੱਛਣ ਲੱਗਾ, "ਕਿੰਨੇ ਕੁ ਚਿਰ ਬਾਅਦ ਪੰਜਾਬ ਗੇੜਾ ਮਾਰ ਆਉਨੈਂ?"

"ਪੰਜ ਮਹੀਨੇ ਹੋ ਗਏ ਪੰਜਾਬ ਤੋਂ ਆਏ ਨੂੰ। ਅਜੇ ਦੋ-ਢਾਈ ਮਹੀਨੇ ਹੋਰ ਲਾਉਣੇ ਆਂ। ਫੇਰ ਛੁੱਟੀ ਚਲੇ ਜਾਣਾ ਤੇ ਘੱਟੋ-ਘੱਟ ਤਿੰਨ ਕੁ ਮਹੀਨੇ ਘਰ। ਫਿਰ ਵਾਪਸ ਕਿਸੇ ਜਹਾਜ਼ 'ਚ। ਐਦਾਂ ਹੀ ਗੇੜ ਜਿਹਾ ਚਲਦਾ ਰਹਿੰਦੈ ਸਾਡਾ ਤਾਂ। ਜਹਾਜ਼ਾਂ ਵਿੱਚ ਹੁਣ ਚਾਰ-ਪੰਜ ਸਾਲ ਹੀ ਹੋਰ ਲਾਉਣੇ ਨੇ। ਬੱਸ ਫੇਰ ਪੰਜਾਬ ਵਿੱਚ ਪੱਕਾ ਅੱਡਾ ਲਾ ਲੈਣਾ। ਛੱਡ ਦੇਣੀ ਹੈ ਜਹਾਜ਼ਾਂ ਦੀ ਨੌਕਰੀ। ਨੌਕਰੀ ਤਾਂ ਠੀਕ ਹੈ ਪਰ ਕੰਪਨੀਆਂ ਨਿਚੋੜ ਲੈਂਦੀਆਂ ਨੇ ਬੰਦੇ ਨੂੰ। ਕੰਮ ਦੀ ਟੈਂਸ਼ਨ ਬਹੁਤ ਹੈ। ਪੰਜਾਬ ਵਿੱਚ ਹੀ ਵੇਖਾਂਗੇ ਕੋਈ ਕੰਮ-ਕਾਰ।" ਮੈਂ ਸਾਰੀ ਸਥਿਤੀ ਦੱਸ ਦਿੱਤੀ ਜਾਂ ਇੰਝ ਮੰਨੋ ਆਪਣੀ ਸਾਰੀ ਭੜਾਸ ਹੀ ਕੱਢ ਦਿੱਤੀ।

"ਵਧੀਆ ਗੱਲ ਹੈ, ਤੇਰਾ ਛੇਤੀ-ਛੇਤੀ ਪੰਜਾਬ ਗੇੜਾ ਵੱਜਦਾ ਰਹਿੰਦੈ। ਚੰਗੀ ਨੌਕਰੀ ਐ, ਲਾ ਲੈ ਹੋਰ 10-12 ਸਾਲ। ਛੱਡਣ ਦੀ ਕਾਹਲ ਨਾ ਕਰੀਂ। ਪੰਜਾਬ ਦਾ ਕੀ ਐ, ਜਦੋਂ ਮਰਜ਼ੀ ਜਾ ਬੈਠੋ। ਕੁਛ ਨੀ ਰਹਿ ਗਿਆ ਹੁਣ ਪੰਜਾਬ 'ਚ। ਬਹੁਤ ਬੁਰਾ ਹਾਲ ਐ ਉਥੇ।" ਉਹ ਗੰਭੀਰ ਹੋ ਕੇ ਗੱਲ ਕਰ ਰਿਹਾ ਸੀ। ਉਸ ਦੀ ਇਹ ਗੱਲ ਮੈਨੂੰ ਚੰਗੀ ਲੱਗੀ।

ਪਰ ਆਪਣੇ ਬਾਰੇ ਅਜੇ ਵੀ ਉਸਨੇ ਕੋਈ ਗੱਲ ਨਹੀਂ ਸੀ ਕੀਤੀ। ਥੋੜ੍ਹੀ ਹੈਰਾਨੀ ਹੋਈ ਕਿ ਆਪਣੇ ਬਾਰੇ ਕੋਈ ਗੱਲ ਕਿਉਂ ਨਹੀਂ ਕਰ ਰਿਹਾ ਜਾਂ ਦੱਸਣ ਤੋਂ ਝਿਜਕ ਰਿਹਾ ਹੈ।

"ਤੁਹਾਨੂੰ ਪੰਜਾਬ ਤੋਂ ਆਇਆਂ ਕਿੰਨੇ ਸਾਲ ਹੋ ਗਏ?" ਮੈਂ ਸਿੱਧਾ ਸਵਾਲ ਕੀਤਾ।

"ਕਰੀਬ ਤਿੰਨ ਸਾਲ ਪਰ ਐਂ ਮੰਨ ਅਜੇ ਵੀ ਪੰਜਾਬ 'ਚ ਹੀ ਹਾਂ। ਰੋਜ਼ ਦੋ ਵਾਰ ਗੱਲ ਕਰਦਾ ਹਾਂ। ਰੋਜ਼ ਘਰਦਿਆਂ ਦਾ ਰੋਣਾ-ਧੋਣਾ ਸੁਣਦਾ ਹਾਂ। ਹੋਰ ਵੀ ਬਥੇਰਾ ਕੁੱਝ ਸੁਣਦਾਂ।" ਮੈਂ ਨੋਟ ਕੀਤਾ, ਇਹ ਗੱਲਾਂ ਕਰ ਕੇ ਉਹ ਖ਼ੁਸ਼ ਨਹੀਂ ਸੀ।

"ਹੁਣ ਕਦੋਂ ਜਾਣੈ ਫੇਰ ਪੰਜਾਬ?" ਮੈਂ ਫਿਰ ਸਵਾਲ ਕੀਤਾ।

"ਪੰਜਾਬ! ਕੋਈ ਪਤਾ ਨੀ।" ਪੰਜਾਬ, ਉਸ ਨੇ ਇਸ ਢੰਗ ਨਾਲ ਕਿਹਾ, ਜਿਵੇਂ ਕਹਿ ਰਿਹਾ ਹੋਵੇ, ਪੰਜਾਬ ਕਾਹਦੇ ਲਈ?

"ਏਥੇ ਮੈਕਸੀਕੋ ਕਿਵੇਂ ਪਹੁੰਚੇ?"

"ਪਹੁੰਚਿਆ ਕਾਹਦਾ, ਕਈ ਥਾਂਈਂ ਧੱਕੇ ਖਾ-ਖਾ ਏਥੇ ਤੱਕ ਅੱਪੜ ਗਿਆ। ਅੱਗੇ ਦੇਖੋ।"

ਮੈਂ ਸਮਝ ਗਿਆ। ਇਹ ਦੋ ਨੰਬਰ ਵਾਲਾ ਕੋਈ ਵਿੰਗਾ-ਟੇਢਾ ਕੇਸ ਹੈ। ਪੰਜਾਬ ਦੇ ਲਾਲਚੀ ਏਜੰਟਾਂ ਦਾ ਫਸਾਇਆ ਕੋਈ ਮੁਰਗਾ। ਪਤਾ ਨੀ ਕਿੱਧਰ-ਕਿੱਧਰ ਦੀ ਗੇੜੇ ਖਵਾ ਕੇ ਏਥੇ ਲਿਆ ਫਸਾਇਆ ਹੋਣੈ।

ਮਨ ਹੀ ਮਨ ਏਜੰਟਾਂ 'ਤੇ ਬੜਾ ਗੁੱਸਾ ਆਇਆ, 'ਪਤੰਦਰੋ ਪਤਾ ਨੀ ਕਿੰਨੇ ਲੱਖ ਲਏ ਹੋਣੇ ਨੇ। ਫੇਰ ਕਿਹੜੇ-ਕਿਹੜੇ ਮੁਲਕਾਂ ਦੀਆਂ ਚੋਰੀ-ਛੁਪੇ ਹੱਦਾਂ ਟਪਾਉਂਦੇ ਇਹਨੂੰ ਏਥੇ ਮੈਕਸੀਕੋ 'ਚ ਲਿਆ ਕੇ ਛੱਡ ਗਏ। ਦੱਸੋ ਇਹ ਧਗੜਾ ਹੁਣ ਏਥੇ ਕੀ ਕਰੇ? ਏਥੇ ਕਿਹੜੇ ਨੌਂਕਰੇ ਨੇ। ਸਾਰਾ ਮੈਕਸੀਕੋ ਤਾਂ ਪਹਿਲਾਂ ਹੀ ਚੋਰੀ-ਛੁਪੇ ਅਮਰੀਕਾ ਦਾਖ਼ਲ ਹੋਣ ਨੂੰ ਫਿਰਦੈ, ਇਹਨੂੰ ਇੱਥੇ ਕੰਮ ਕਿੱਥੇ। ਫੇਰ ਮਨ 'ਚ ਆਇਆ, ਇਹਨੂੰ ਵੀ ਇਹੀ ਲਾਲਚ ਦਿੱਤਾ ਹੋਊ ਬਈ ਅੱਗੇ ਅਮਰੀਕਾ ਟਪਾ ਦਿਆਂਗੇ। ਬਥੇਰੇ ਪੁੱਠੇ-ਸਿੱਧੇ ਸੁਪਨੇ ਦਿਖਾਉਂਦੇ ਨੇ ਕੰਜਰ ਦੇ। ਹੁਣ ਇਹ ਵੀ ਉਸ ਦਿਨ ਦੀ ਉਡੀਕ 'ਚ ਹੋਣੈ ਕਿ ਕਦੋਂ ਅਮਰੀਕਾ 'ਚ ਦਾਖ਼ਲ ਹੋਵਾਂਗੇ।'

ਬੈਠੇ-ਬੈਠੇ ਲਾਗਲੇ ਪਿੰਡ ਦਾ ਇੱਕ ਕੇਸ ਯਾਦ ਆ ਗਿਆ। ਇਸ ਵਾਰ ਛੁੱਟੀ ਦੌਰਾਨ ਪਿੰਡ ਦੇ ਲੋਕਾਂ ਤੋਂ ਹੀ ਗੱਲਾਂ ਸੁਣੀਆਂ ਸਨ। ਏਜੰਟਾਂ ਨੇ ਅਮਰੀਕਾ ਲੰਘਾਉਣ ਦੀ ਗੱਲ ਕਰਕੇ ਵੀਹ ਲੱਖ ਲੈ ਲਿਆ। ਰੋਂਦੇ-ਪਿਟਦੇ ਬਾਪੂ ਨੇ ਜ਼ਮੀਨ 'ਤੇ 'ਗੂਠਾ ਲਾ ਕੇ ਪੈਸੇ ਦੇ ਦਿੱਤੇ। ਕੀ ਕਰਦਾ, ਘਰ ਦੀਆਂ ਬੁੱਢੀਆਂ ਹੀ ਨੀ ਸੀ ਮਾਣ, 'ਵੇ ਜ਼ਮੀਨ ਤੈਨੂੰ ਵਾਧੂ ਲੈ ਦੂ, ਤੂੰ ਇੱਕ ਵਾਰ ਮੁੰਡੇ ਨੂੰ 'ਮਰੀਕਾ (ਅਮਰੀਕਾ) ਤਾਂ ਭੇਜ।'

ਚਾੜ੍ਹ 'ਤਾ ਜਹਾਜ਼, ਸਾਰਾ ਟੱਬਰ ਖ਼ੁਸ਼। ਮਹੀਨੇ ਕੁ ਬਾਅਦ ਪਤਾ ਲੱਗਿਆ ਕਿਹੜਾ ਅਮਰੀਕਾ, ਏਜੰਟਾਂ ਨੇ ਮੁੰਡਾ ਮਨੀਲਾ ਜਾ ਕੇ ਲਾਹਤਾ। ਪਾਸਪੋਰਟ ਲੈ ਕੇ ਆਪ ਕਿਧਰੇ ਹੋਰ ਖਿਸਕ ਗਏ। ਲੋਕ ਗੱਲਾਂ ਕਰਦੇ ਸੀ ਬਈ ਹੁਣ ਸਾਰਾ ਟੱਬਰ ਪਿਟਦੈ। ਲੀਡਰਾਂ ਦੀਆਂ ਮਿੰਨਤਾਂ ਕਰਦੇ ਫਿਰਦੇ ਨੇ। ਇਹ

ਤਾਂ ਹਾਲ ਨੇ ਸਾਡੇ ਲੋਕਾਂ ਦੇ।

ਮੈਨੂੰ ਉਸ ਨਾਲ ਥੋੜ੍ਹੀ ਹਮਦਰਦੀ ਤਾਂ ਹੋਣ ਲੱਗੀ। ਫਿਰ ਵੀ ਉਹਦੇ ਕੋਲ ਬੈਠਣਾ ਚੰਗਾ ਨਹੀਂ ਸੀ ਲੱਗ ਰਿਹਾ। ਕਦੇ ਉਸ 'ਤੇ ਗੁੱਸਾ ਆਉਂਦਾ ਤੇ ਕਦੇ ਤਰਸ, 'ਚਲੋ ਜੋ ਵੀ ਹੈ ਉਹ ਤੂੰ ਜਾਣੇ ਤੇ ਤੇਰੇ ਏਜੰਟ ਪਰ ਯਾਰ ਪੰਜਾਬੀ ਬੰਦੇ ਆਮ ਤੌਰ 'ਤੇ ਤਾਂ ਇਸ ਤਰ੍ਹਾਂ ਦੇ ਨਹੀਂ ਹੁੰਦੇ। ਨਾਲੇ ਫੇਰ ਪੈੱਗ ਲਾ ਕੇ ਤਾਂ ਭਾਵੇਂ ਪਲ ਦੀ ਪਲ ਹੀ ਸਹੀ, ਸਭ ਕੁੱਝ ਉਈਂ ਹਵਾ 'ਚ ਉਡਾ ਦਿੰਦੇ ਨੇ। ਪੂਰੀ ਬੜ੍ਹਕ ਮਾਰਦੇ ਨੇ। ਬਾਅਦ 'ਚ ਸਵੇਰੇ ਭਾਵੇਂ ਸਿਰ ਫੜ ਕੇ ਜੋ ਮਰਜ਼ੀ ਸੋਚੀ ਜਾਣ। ਇਹ ਕਿਸ ਬੋਰ ਆਦਮੀ ਨਾਲ ਪਾਲਾ ਪੈ ਗਿਆ।'

ਸੋਚਿਆ ਸੀ ਪੰਜਾਬੀ ਭਰਾ ਮਿਲ ਗਿਆ, ਵਧੀਆ ਟਾਇਮ ਪਾਸ ਹੋ ਜੂ। ਇਸ ਨੂੰ ਸ਼ਹਿਰ ਦਾ ਵੱਧ ਪਤਾ ਹੋਣੈ। ਕਿਸੇ ਹੋਰ ਵਧੀਆ ਕਲੱਬ ਜਾਂ ਅੱਡੇ ਬਾਰੇ ਗੱਲਬਾਤ ਦੱਸੇਗਾ, ਜਿੱਥੇ ਰਾਤ ਸੋਹਣੀ ਲੰਘ ਜਾਵੇ। ਪੰਜਾਬੀ ਬੰਦੇ ਤਾਂ ਆਪ ਹੀ ਕੁੜੀਆਂ ਤੇ ਕਲੱਬਾਂ ਦੀਆਂ ਗੱਲਾਂ ਛੇੜ ਲੈਂਦੇ ਨੇ, 'ਆਹ ਕਲੱਬ ਤਾਂ ਯਾਰ ਟਾਇਮ ਪਾਸ ਹੀ ਹੈ, ਫਲਾਣਾਂ ਕਲੱਬ ਬਹੁਤ ਸਿਰੇ ਆ। ਤੂੰ ਏਥੇ ਨਵਾਂ ਆਇਐਂ, ਚੱਲ ਤੈਨੂੰ ਵਧੀਆ ਨਵੇਂ ਚੂਚੇ ਦਿਖਾ ਕੇ ਲਿਆਈਏ। ਤੂੰ ਵੀ ਕੀ ਯਾਦ ਕਰੇਂਗਾ ਕੋਈ ਪੰਜਾਬੀ ਭਰਾ ਮਿਲਿਆ ਸੀ।' ਵਗੈਰਾ ਵਗੈਰਾ। ਦਾਰੂ ਤਾਂ ਸਾਲੀ ਹੈ ਈ ਏਨ੍ਹਾਂ ਕੰਮਾਂ ਨੂੰ। ਹੋਰ ਇਹ ਪੀ ਕੇ ਕੀ ਮੱਲ ਢਾਹੁਣੇ ਨੇ। 'ਕੱਲਾ ਬੰਦਾ ਪ੍ਰਦੇਸਾਂ 'ਚ ਬੈਠਾ ਕਰੇ ਵੀ ਕੀ। ਬਿੰਦ ਦੀ ਬਿੰਦ ਦਾ ਮਨ ਪਰਚਾਵਾ ਹੈ ਇਹ ਤਾਂ। ਫੇਰ ਉਹੀ ਫ਼ਿਕਰ, ਉਹੀ ਝੋਰੇ। ਆਖ਼ਰ ਤਾਂ ਸਿਰ ਨੇ ਪੰਜਾਲੀ ਵਿੱਚ ਹੀ ਰਹਿਣੈ।

ਕਿੱਥੇ ਇਹ ਬੰਦਾ, ਬੱਸ ਪੰਜਾਬ-ਪੰਜਾਬ ਹੀ ਕਰੀ ਜਾਂਦੈ, ਦੱਸ ਤੂੰ ਹੁਣ ਪੰਜਾਬ ਤੋਂ ਕੜ੍ਹੀ ਲੈਣੀ ਐ। ਨੌਕਰੀ ਉਥੇ ਨਾ ਤੈਨੂੰ ਮਿਲੀ ਨਾ ਮੈਨੂੰ। ਮੈਂ ਕਈ-ਕਈ ਮਹੀਨੇ ਸਮੁੰਦਰ 'ਚ ਘੁੰਮੀ ਜਾਨਾਂ। ਤੂੰ ਏਥੇ ਮੈਕਸੀਕੋ ਬੈਠਾ ਧੱਕੇ ਖਾ ਰਿਹੈਂ। ਜਿੱਥੇ ਪੰਜਾਬ ਨੂੰ ਛੱਡ ਕੇ ਆਇਆ ਸੀ, ਉੱਥੇ ਹੀ ਖੜ੍ਹੈ, ਉਹਨੂੰ ਕੋਈ ਪੁੱਟ ਕੇ ਤਾਂ ਕਿਧਰੇ ਲੈ ਕੇ ਜਾਣੋ ਰਿਹਾ। ਬਾਕੀ ਗੱਲ ਲੁੱਟਣ ਦੀ ਐ, ਜੀਹਦਾ ਵੀ ਦਾਅ ਲੱਗ ਜਾਂਦੈ, ਲੁੱਟੀ ਜਾਂਦੈ। ਸਾਰੇ ਇੱਕੋ ਥਾਲੀ ਦੇ ਚੱਟੇ-ਵੱਟੇ ਨੇ। ਕੋਈ ਘੱਟ ਨੀ, ਇੱਕ ਤੋਂ ਇੱਕ ਵਧ ਕੇ ਨੇ। ਰੱਜ ਕੇ ਲੋਕਾਂ ਨੂੰ ਬੁੱਧੂ ਬਣਾਉਂਦੇ ਨੇ। ਲੋਕ ਬਣਦੇ ਨੇ।'

'ਵੋਟਾਂ ਵੇਲੇ ਮੁਫ਼ਤ ਦੀ ਦਾਰੂ ਪੀ-ਪੀ ਲੋਕ ਚੌੜੇ ਹੋ-ਹੋ ਤੁਰਦੇ ਨੇ। ਮੁਫ਼ਤ ਦੇ ਰਾਸ਼ਨ ਤੇ ਹੋਰ ਛੋਟੇ-ਮੋਟੇ ਲਾਲਚ ਲੈ ਕੇ ਪਸ਼ਤੋ ਬੋਲਦੇ ਨੇ। ਜਿਵੇਂ ਸਾਰੀ ਅਕਲ ਇਨ੍ਹਾਂ ਕੋਲ ਹੀ ਹੋਵੇ ਤੇ ਲੀਡਰ ਬੁੱਧੂ। ਪਤਾ ਬਾਅਦ 'ਚ ਲੱਗਦੈ, ਜਦ ਲੀਡਰ ਪੰਜ ਸਾਲ ਲਈ ਬੁੱਧੂ ਬਣਾ ਕੇ ਔਹ ਗਏ ਔਹ ਗਏ। ਇਹ ਹੈ ਪੰਜਾਬ ਦਾ ਹਾਲ। ਦੱਸ ਤੂੰ ਤੇ ਮੈਂ ਏਥੇ ਬੈਠੇ ਕਿਸੇ ਦਾ ਕੀ ਕਰ ਲਵਾਂਗੇ।

ਮਸਾਂ ਬਿੰਦ ਝੱਟ ਮੌਜ-ਮਸਤੀ ਕਰਨ ਦਾ ਮੌਕਾ ਮਿਲਦੈ, ਬਈ ਤੂੰ ਵਧੀਆ ਕੋਈ ਕਰਾਰੀ ਜੀ ਗੱਲ ਕਰ।' ਹੁਣ ਮੈਨੂੰ ਉਸ ਉੱਪਰ ਗੁੱਸਾ ਆਉਣ ਲੱਗਾ।

ਉਹ ਚੁੱਪ ਸੀ। ਸਾਰੀ ਗੱਲਬਾਤ ਦੌਰਾਨ ਨਾ ਕੋਈ ਹਾਸਾ ਨਾ ਮੁਸਕਰਾਹਟ। ਹਾਏ ਰੱਬਾ, ਕਿਹੜਾ ਹਾਸਾ। ਹੱਸਣ ਵਾਲੀ ਤਾਂ ਕੋਈ ਗੱਲ ਹੀ ਨੀ ਸ਼ੁਰੂ ਹੋਣ ਦਿੱਤੀ ਪਤੰਦਰ ਨੇ। ਉਹਦੇ ਚਿਹਰੇ 'ਤੇ ਤਾਂ ਕੋਈ ਖ਼ੁਸ਼ੀ ਦੇ ਨਿਸ਼ਾਨ ਵੀ ਨਹੀਂ ਸੀ ਆਏ, ਜਿਹੜੇ ਕਿ ਆਮ ਹੀ ਪੰਜਾਬੀ ਭਰਾ ਮਿਲਣ 'ਤੇ ਆ ਜਾਂਦੇ ਨੇ। ਸਮਝ ਨੀ ਸੀ ਆ ਰਹੀ ਕਿ ਇਸ ਨੇ ਮੈਨੂੰ ਬੁਲਾਇਆ ਕਾਹਦੇ ਵਾਸਤੇ।

ਫਿਰ ਮੈਨੂੰ ਅਚਾਨਕ ਖ਼ਿਆਲ ਆਇਆ, 'ਕਿਤੇ ਇਹ ਵੀ ਕਿਸੇ ਦਾ ਇੰਤਜ਼ਾਰ ਤਾਂ ਨੀ ਕਰ ਰਿਹਾ। ਮੈਨੂੰ ਸੱਦਣਾ ਤੇ ਮੇਰੇ ਨਾਲ ਗੱਲਾਂ ਕਰਨਾ, ਇਸ ਲਈ ਇੱਕ ਟਾਇਮ ਪਾਸ ਹੀ ਹੋਵੇ। ਜਦੋਂ ਮੈਂ ਬਾਰ 'ਚ ਦਾਖ਼ਲ ਹੋਇਆ ਸੀ, ਜੇ ਪੰਜਾਬੀ ਭਰਾ ਵਾਲਾ ਮੋਹ ਹੁੰਦਾ ਤਾਂ ਉਸੇ ਟਾਇਮ ਮੈਨੂੰ ਆਵਾਜ਼ ਦਿੰਦਾ।'

ਹੁਣ ਅਸੀਂ ਦੋਵੇਂ ਚੁੱਪ ਸਾਂ। ਕੋਈ ਹੋਰ ਗੱਲ ਕਰਨ 'ਚ ਮੇਰੀ ਕੋਈ ਦਿਲਚਸਪੀ ਨਹੀਂ ਸੀ। ਮੈਂ ਬਾਰ-ਗਰਲਜ਼ ਵੱਲ ਵੇਖਣ ਲੱਗਾ। ਚੈਰੀ ਦੇ ਆਉਣ ਦੀ ਹੁਣ ਕੋਈ ਉਮੀਦ ਹੀ ਨਹੀਂ ਸੀ ਲੱਗ ਰਹੀ। ਡਾਂਸ-ਫਲੋਰ 'ਤੇ ਕਈ ਲੋਕ ਕਿਸੇ ਨਾ ਕਿਸੇ ਕੁੜੀ ਨੂੰ ਨਾਲ ਲੈ ਡਾਂਸ ਕਰ ਰਹੇ ਸਨ। ਮੇਰਾ ਕਿਸੇ ਨਾਲ ਡਾਂਸ ਕਰਨ ਨੂੰ ਵੀ ਜੀਅ ਨਹੀਂ ਸੀ ਕਰ ਰਿਹਾ। ਮੇਰੇ ਮਨ ਵਿੱਚ ਤਾਂ ਚੈਰੀ ਵਸੀ ਹੋਈ ਸੀ। ਉਹ ਹੁੰਦੀ ਤਾਂ ਗੱਲ ਹੀ ਹੋਰ ਹੋਣੀ ਸੀ। ਐਨਾ ਪਿਆਰ ਤੇ ਖ਼ੁਸ਼ੀ ਨਾਲ ਡਾਂਸ ਕਰਦੀ, ਉਸ ਨੇ ਮੈਨੂੰ ਵੀ ਡਾਂਸ ਦੇ ਸਭ ਸਟੈਪ ਸਿਖਾ ਦਿੱਤੇ ਹਨ। ਹਰ ਵਾਰ ਜੱਫੀ ਪਾ ਕੇ ਕਹੂ, 'ਐਨੇ ਚਿਰ ਬਾਅਦ ਆਏ ਹੋ, ਮੇਰੀ ਯਾਦ ਨਹੀਂ ਆਈ?' ਬੜੀ ਪਿਆਰੀ ਚੀਜ਼ ਹੈ।

ਮੈਂ ਆਪਣੇ ਹੀ ਖ਼ਿਆਲਾਂ 'ਚ ਗੁਆਚਿਆ ਹੋਇਆ ਸੀ ਕਿ ਅਚਾਨਕ ਉਸਨੇ ਹੋਰ ਸਵਾਲ ਕੀਤਾ, "ਤੂੰ ਏਸ ਕਲੱਬ 'ਚ ਕਿਸ ਤਰ੍ਹਾਂ ਆ ਗਿਆ? ਬੰਦਰਗਾਹ ਦੇ ਨਜ਼ਦੀਕ ਤਾਂ ਹੋਰ ਵੀ ਕਈ ਕਲੱਬ ਨੇ। ਐਨੀ ਦੂਰ ਇਸ ਕਲੱਬ ਵਿੱਚ ਕਿਵੇਂ?"

ਗੱਲ ਸੁਣ ਕੇ ਥੋੜ੍ਹੀ ਹੈਰਾਨੀ ਹੋਈ, 'ਮੈਂ ਕਿਸੇ ਕਲੱਬ 'ਚ ਜਾਵਾਂ, ਏਹਦੇ 'ਚ ਕਿਸੇ ਨੂੰ ਕੀ ਮਤਲਬ।'

ਪਰ ਫੇਰ ਜਲਦੀ ਹੀ ਬੇ-ਪਰਵਾਹ ਹੋ ਕੇ ਮੈਂ ਦੱਸਿਆ, "ਜਦੋਂ ਵੀ ਮੇਰਾ ਜਹਾਜ਼ ਇਸ ਬੰਦਰਗਾਹ 'ਤੇ ਆਉਂਦਾ ਹੈ, ਮੈਂ ਇਸੇ ਕਲੱਬ ਵਿੱਚ ਆਉਂਦਾ ਹਾਂ। ਏਥੇ ਇੱਕ ਕੁੜੀ ਹੈ, ਚੈਰੀ। ਪਹਿਲੀ ਵਾਰ ਮੈਨੂੰ ਏਥੇ ਹੀ ਮਿਲੀ ਸੀ। ਮੈਨੂੰ ਉਹ ਬਹੁਤ ਚੰਗੀ ਲੱਗੀ ਤੇ ਮੈਂ ਉਸ ਨਾਲ ਬਹੁਤ ਡਾਂਸ ਕੀਤਾ। ਫਿਰ ਹਰ ਵਾਰ ਇਸ ਕਲੱਬ 'ਚ ਆਉਣ ਲੱਗਾ। ਕਮਾਲ ਦੀ ਕੁੜੀ ਹੈ, ਉਸ ਨਾਲ ਡਾਂਸ ਕਰਨ ਦਾ ਮਜ਼ਾ ਹੀ ਹੋਰ ਹੈ। ਅੱਜ ਵੀ ਉਸ ਨੂੰ ਮਿਲਣ ਹੀ ਆਇਆ ਸੀ ਪਰ ਦਿਖਾਈ

ਨਹੀਂ ਦਿੱਤੀ, ਸ਼ਾਇਦ ਅੱਜ ਆਈ ਨੀ ਹੋਣੀ। ਇਸੇ ਲਈ ਮੈਂ ਵਾਪਸ ਜਾ ਰਿਹਾ ਸੀ ਕਿ ਤੁਸੀਂ ਆਵਾਜ਼ ਮਾਰ ਲਈ।"

ਚੈਰੀ ਦਾ ਨਾਮ ਸੁਣ ਕੇ ਉਸ ਨੇ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਿਆ। ਉਸਦਾ ਚਿਹਰਾ ਸਖ਼ਤ ਹੋਣ ਲੱਗਾ। ਕੁੱਝ ਚਿਰ ਇੰਝ ਹੀ ਵੇਖਦਾ ਰਿਹਾ ਪਰ ਬੋਲਿਆ ਕੁੱਝ ਨਾ। ਮੈਨੂੰ ਹੋਰ ਵੀ ਬੁਰਾ ਲੱਗਣ ਲੱਗਾ। ਫਿਰ ਉਸਨੇ ਆਪਣਾ ਗਿਲਾਸ ਚੁੱਕਿਆ ਤੇ ਖਾਲੀ ਕਰਕੇ ਮੈਨੂੰ ਕਹਿੰਦਾ, "ਚੱਲ ਚੱਲੀਏ।"

ਮੈਂ ਵੀ ਬੈਠਣਾ ਨਹੀਂ ਸੀ ਚਾਹੁੰਦਾ। ਮੈਂ ਤਾਂ ਪਹਿਲਾਂ ਹੀ ਬੋਰ ਹੋ ਰਿਹਾ ਸੀ। ਮੈਂ ਵੀ ਗਿਲਾਸ ਖਾਲੀ ਕੀਤਾ ਤੇ ਅਸੀਂ ਕਲੱਬ ਤੋਂ ਬਾਹਰ ਆ ਗਏ।

"ਚੰਗਾ ਫਿਰ।" ਉਸਨੇ ਐਨਾ ਹੀ ਕਿਹਾ ਤੇ ਪਰ੍ਹਾਂ ਨੂੰ ਤੁਰ ਪਿਆ।

"ਓ ਕੇ ਭਾਅ ਜੀ, ਗੁੱਡ-ਨਾਈਟ, ਘਰ ਨੂੰ ਚੱਲੇ।" ਮੈਂ ਉਸ ਦੇ ਵਤੀਰੇ ਨੂੰ ਭੁੱਲ ਕੇ ਫਿਰ ਵੀ ਆਪਣੇ ਵੱਲੋਂ ਅਪਣੱਤ ਹੀ ਵਿਖਾਉਣਾ ਚਾਹੁੰਦਾ ਸੀ।

"ਪਤਾ ਨੀ, ਦੇਖਦਾ ਹਾਂ ਕਿੱਧਰ ਜਾਵਾਂ?"

'ਚੱਲ ਜਾਹ ਪਰ੍ਹੇ, ਖਹਿੜਾ ਛੁੱਟਿਆ।' ਮੈਂ ਮਨ ਹੀ ਮਨ ਕਿਹਾ। ਅਚਾਨਕ ਮੈਨੂੰ ਖ਼ਿਆਲ ਆਇਆ, 'ਚੈਰੀ ਦਾ ਨਾਮ ਸੁਣਦੇ ਹੀ ਉਸਦੇ ਚਿਹਰੇ ਦਾ ਰੰਗ ਇਕਦਮ ਬਦਲ ਗਿਆ ਸੀ। ਉਹ ਪੈੱਗ ਖ਼ਤਮ ਕਰਕੇ ਬਾਹਰ ਆ ਗਿਆ। ਕਿਤੇ ਇਹ ਵੀ ਚੈਰੀ ਨੂੰ ਹੀ ਮਿਲਣ ਤਾਂ ਨਹੀਂ?'

ਮੈਂ ਜਲਦੀ ਨਾਲ ਟੈਕਸੀ ਫੜੀ ਤੇ ਜਹਾਜ਼ ਨੂੰ ਮੁੜ ਪਿਆ। ਸਾਰੇ ਰਾਹ ਮੈਂ ਇਹ ਦੋ ਨੰਬਰੀ ਕੇਸਾਂ ਤੇ ਏਜੰਟਾਂ ਬਾਰੇ ਸੋਚਦਾ ਰਿਹਾ। ਸੋਚੀ ਜਾਵਾਂ....ਸੋਚੀ ਜਾਵਾਂ ਕਿ ਇਹ ਏਜੰਟਾਂ ਦਾ ਜਾਲ, ਆਈਲੈਟ ਸੈਂਟਰਾਂ ਦੀ ਭਰਮਾਰ, ਪੰਜਾਬੀਆਂ 'ਚ ਹਰ ਹੀਲਾ ਵਰਤ ਕੇ ਬਾਹਰ ਜਾਣ ਦੀ ਦੌੜ, ਸਾਡੇ ਪੰਜਾਬ ਲਈ ਇਹ ਵਰ ਹੈ ਕਿ ਸਰਾਪ?

# ਨੀਲਮਾ

ਉਹ ਆਪਣੇ ਕੁਆਟਰ ਵੱਲ ਜਾ ਰਹੀ ਸੀ। ਅਚਾਨਕ ਉਸਦੀ ਨਜ਼ਰ ਸਾਹਮਣੇ ਤੋਂ ਆ ਰਹੇ ਇੱਕ ਆਦਮੀ 'ਤੇ ਪਈ।

'ਹੈਂਅ! ਇਹ ਤਾਂ ਕੋਈ ਬਲਵੰਤ ਵਰਗਾ ਜਾਪਦੈ।' ਉਹ ਕੁੱਝ ਹੋਰ ਨੇੜੇ ਹੋਏ ਤਾਂ ਉਸ ਝੱਟ ਪਹਿਚਾਣ ਲਿਆ, "ਇਹ ਤਾਂ ਬਲਵੰਤ ਹੀ ਹੈ। ਜਦ ਉਹ ਬਿਲਕੁਲ ਨਜ਼ਦੀਕ ਆ ਗਿਆ ਤਾਂ ਉਹ "ਵੀਰ ਜੀ ਸਤਿ ਸ੍ਰੀ ਅਕਾਲ" ਕਹਿ ਕੇ ਉਸਦੇ ਸਾਹਮਣੇ ਖੜ੍ਹੀ ਹੋ ਗਈ।

ਬਲਵੰਤ ਆਪਣੇ ਹੀ ਖ਼ਿਆਲਾਂ 'ਚ ਗੁਆਚਿਆ ਤੁਰਿਆ ਆ ਰਿਹਾ ਸੀ। ਅਚਾਨਕ ਕਿਸੇ ਔਰਤ ਦਾ ਇਸ ਤਰ੍ਹਾਂ ਸਾਹਮਣੇ ਖੜ੍ਹਾ ਹੋ ਜਾਣਾ ਅਜੀਬ ਲੱਗਾ। ਉਹ ਇਕਦਮ ਥਾਏਂ ਰੁਕ ਗਿਆ। ਸਾਹਮਣੇ ਖੜ੍ਹੀ ਔਰਤ ਨੂੰ ਦੇਖ ਕੇ ਉਹ ਹੈਰਾਨ ਸੀ ਪਰ "ਜੀ....ਅ....ਅ....! ਸਤਿ....ਸ੍ਰੀ....ਅਕਾਲ" ਦੇ ਲਮਕੇ ਜਿਹੇ ਬੋਲ ਆਪ-ਮੁਹਾਰੇ ਉਸਦੇ ਮੂੰਹ ਵਿੱਚੋਂ ਤਿਲ੍ਹਕ ਚੁੱਕੇ ਸਨ। ਹੱਥ ਵੀ ਜੁੜ ਗਏ ਸਨ।

ਹੈਰਾਨ-ਪ੍ਰੇਸ਼ਾਨ ਖੜ੍ਹੇ ਦੇ ਮਨ 'ਚ ਖ਼ਿਆਲ ਆਇਆ, 'ਕੀ ਇਸ ਔਰਤ ਨੇ ਮੈਨੂੰ ਹੀ ਸੰਬੋਧਨ ਕੀਤਾ ਹੈ, ਕਿਤੇ ਕਿਸੇ ਹੋਰ ਨੂੰ ਤਾਂ ਨਹੀਂ?' ਤਸੱਲੀ ਕਰਨ ਲਈ ਉਸ ਆਲੇ-ਦੁਆਲੇ ਵੇਖਿਆ। ਨਜ਼ਦੀਕ ਕੋਈ ਨਹੀਂ ਸੀ ਤੇ ਉਹ ਔਰਤ ਉਸਦੇ ਹੀ ਚਿਹਰੇ ਵੱਲ ਵੇਖ ਰਹੀ ਸੀ। ਸਿਰ ਦੇ ਵਾਲ ਕੁਝ-ਕੁਝ ਪੱਕੇ ਹੋਏ ਸਨ।

ਬਲਵੰਤ ਦੀ ਪ੍ਰੇਸ਼ਾਨੀ ਨੂੰ ਸਮਝਦਿਆਂ ਉਹ ਆਪ ਹੀ ਬੋਲ ਪਈ, "ਤੁਸੀਂ ਸ਼ਾਇਦ ਮੈਨੂੰ ਪਹਿਚਾਣਿਆ ਨਹੀਂ ਪਰ ਮੈਂ ਤੁਹਾਨੂੰ ਪਹਿਚਾਣ ਲਿਆ ਹੈ।"

ਬਲਵੰਤ ਨੂੰ ਆਵਾਜ਼ ਜਾਣੀ-ਪਹਿਚਾਣੀ ਲੱਗੀ। ਚਿਹਰੇ ਤੇ ਅੱਖਾਂ ਨੂੰ ਗਹੁ ਨਾਲ ਵੇਖਿਆ। ਲੱਗਦਾ ਸੀ ਇਨ੍ਹਾਂ ਦੀ ਗਹਿਰਾਈ ਵਿੱਚ ਕੋਈ ਪੁਰਾਣੀ ਯਾਦ ਅਟਕੀ ਪਈ ਹੈ। ਬਲਵੰਤ ਦੀਆਂ ਆਪਣੀਆਂ ਯਾਦਾਂ ਨੇ ਕੋਈ ਰਾਹ ਨਾ ਦਿੱਤਾ। ਅਖ਼ੀਰ ਉਸਨੂੰ ਕਹਿਣਾ ਪਿਆ, "ਜੀ ਮੁਆਫ਼ ਕਰਨਾ....ਮੈਨੂੰ ਕੁਝ ਵੀ ਯਾਦ ਨਹੀਂ ਆ ਰਿਹਾ।"

"ਅੱਛਾ! ਜ਼ਰਾ ਤੀਹ ਕੁ ਸਾਲ ਪਿੱਛੇ ਜਾਓ ਤੇ ਆਪਣੀ ਸੋਚ ਨੂੰ

ਕਾਲਜ ਦਾ ਇੱਕ ਚੱਕਰ ਲਗਵਾਓ।" ਬੜੇ ਹੀ ਸਹਿਜ ਭਾਵ ਉਹ ਬੋਲੀ।

ਕਾਲਜ ਦਾ ਨਾਮ ਸੁਣਦੇ ਹੀ ਬਲਵੰਤ ਨੂੰ ਇਕਦਮ ਸਭ ਕੁੱਝ ਯਾਦ ਆ ਗਿਆ। ਉਹ ਚੌਂਕਿਆ, "ਓ ਮਾਈ ਗਾਡ! ਨੀਲਮਾ! ਭਾਬੀ ਜੀ ਤੁਸੀਂ। ਏਥੇ ਕੋਈ ਕਾਲਜ ਦਾ ਸਾਥੀ ਮਿਲ ਪਵੇਗਾ, ਮੈਂ ਤਾਂ ਕਦੇ ਸੋਚ ਵੀ ਨਹੀਂ ਸੀ ਸਕਦਾ।" ਬਲਵੰਤ ਚਹਿਕਿਆ ਤੇ ਹੁਣ ਉਸਦੇ ਚਿਹਰੇ 'ਤੇ ਖ਼ੁਸ਼ੀ ਸੀ।

"ਹਾਂ ਨੀਲਮਾ! ਉਹੀ ਨੀਲਮਾ, ਦੇਖ ਲੋ ਮੈਂ ਦੂਰੋਂ ਹੀ ਪਹਿਚਾਣ ਲਿਆ। ਤੁਹਾਨੂੰ ਤੁਰੇ ਆਉਂਦਿਆਂ ਨੂੰ ਵੇਖ, ਪਹਿਲਾਂ ਮੈਂ ਵੀ ਹੈਰਾਨ ਹੋਈ। ਮਨ 'ਚ ਆਇਆ, ਕੋਈ ਬਲਵੰਤ ਵਰਗਾ ਲਗਦੈ। ਫੇਰ ਨੇੜੇ ਆਉਂਦੇ ਹੀ ਝੱਟ ਪਹਿਚਾਣ ਲਿਆ।"

"ਆਹ ਤਾਂ ਤੁਸੀਂ ਬਹੁਤ ਚੰਗਾ ਕੀਤਾ, ਵਰਨਾ ਮੈਂ ਤਾਂ ਆਪਣੇ ਹੀ ਧਿਆਨ 'ਚ ਕੋਲ ਦੀ ਲੰਘ ਜਾਣਾ ਸੀ। ਮੈਨੂੰ ਪਤਾ ਵੀ ਨਹੀਂ ਸੀ ਲੱਗਣਾ। ਹੋਰ ਸੁਣਾਓ, ਕੀ ਹਾਲ ਹੈ? ਅਮਰੀਕ ਦਾ ਕੀ ਹਾਲ ਹੈ, ਏਥੇ ਕਿਵੇਂ?" ਬਲਵੰਤ ਨੂੰ ਆਪਣੇਪਣ ਦਾ ਅਹਿਸਾਸ ਹੋਣ ਲੱਗਾ।

ਅਮਰੀਕ ਦਾ ਨਾਮ ਸੁਣ ਉਹ ਇਕਦਮ ਪ੍ਰੇਸ਼ਾਨ ਜਿਹੀ ਹੋ ਗਈ। ਚਿਹਰਾ ਗੰਭੀਰ ਹੋ ਗਿਆ। ਫਿਰ ਆਪਣੇ ਆਪ ਨੂੰ ਸੰਭਾਲਦਿਆਂ ਉਹ ਬੋਲੀ, "ਤੁਹਾਨੂੰ ਨਹੀਂ ਪਤਾ ਲੱਗਾ?" ਨੀਲਮਾ ਦਾ ਚਿਹਰਾ ਉਦਾਸ ਸੀ।

"ਕਾਹਦਾ?" ਹੁਣ ਬਲਵੰਤ ਦਾ ਚਿਹਰਾ ਵੀ ਗੰਭੀਰ ਸੀ।

"ਅਮਰੀਕ ਬਾਰੇ।"

"ਕੀ....ਨਹੀਂ ਤਾਂ।" ਬਲਵੰਤ ਨੂੰ ਸ਼ੱਕ ਹੋਇਆ, "ਕੋਈ ਗੱਲ ਹੈ?"

ਉਹ ਕੁਝ ਚਿਰ ਚੁੱਪ ਰਹੀ। ਪ੍ਰੇਸ਼ਾਨ ਖੜ੍ਹਾ ਬਲਵੰਤ ਉਸ ਵੱਲ ਦੇਖ ਰਿਹਾ ਸੀ। ਫਿਰ ਉਹ ਬੋਲੀ, "ਉਹ ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ।" ਉਸ ਬੜੇ ਭਰੇ ਮਨ ਨਾਲ ਐਨੀ ਗੱਲ ਕਹੀ ਤੇ ਅੱਖਾਂ ਭਰ ਆਈਆਂ।

"ਹੈਂਅ....ਓ ਮਾਈ ਗਾਡ!" ਬਲਵੰਤ ਨੂੰ ਝਟਕਾ ਲੱਗਾ। ਸੁਣ ਕੇ ਸੁੰਨ ਜਿਹਾ ਹੋ ਗਿਆ।

ਦੋਵੇਂ ਚੁੱਪ....ਹੁਣੇ-ਹੁਣੇ ਬਲਵੰਤ ਨੂੰ ਜੋ ਖ਼ੁਸ਼ੀ ਮਿਲੀ ਸੀ, ਇਕਦਮ ਅਫ਼ਸੋਸ ਤੇ ਗ਼ਮ 'ਚ ਬਦਲ ਗਈ। ਫਿਰ ਨੀਲਮ ਸੰਭਲੀ ਤੇ ਚੁੱਪ ਨੂੰ ਤੋੜਦਿਆਂ ਬੋਲੀ, "ਤੁਹਾਨੂੰ ਵੇਖਦੇ ਹੀ ਜ਼ਿੰਦਗੀ ਦੇ ਪਿਛਲੇ ਸਾਲ ਇੱਕ ਫ਼ਿਲਮੀ ਰੀਲ੍ਹ ਦੀ ਤਰ੍ਹਾਂ ਅੱਖਾਂ ਦੇ ਸਾਹਮਣੇ ਦੀ ਘੁੰਮ ਗਏ। ਕਾਲਜ ਦੇ ਖ਼ੁਸ਼ੀਆਂ ਭਰੇ ਉਹ ਦਿਨ, ਪਿਆਰ ਭਰੀਆਂ ਯਾਦਾਂ, ਸਾਡੀ ਸ਼ਾਦੀ, ਆਪਣਿਆਂ ਵੱਲੋਂ ਦਿੱਤੇ ਜ਼ਖ਼ਮ, ਪਿਆਰੇ-ਪਿਆਰੇ ਬੱਚੇ ਤੇ ਵੀਰਾਨ ਜ਼ਿੰਦਗੀ ਦੇ ਇਹ ਸਾਲ।" ਭਰੀਆਂ ਅੱਖਾਂ ਨਾਲ ਨੀਲਮਾ ਤਾਂ ਜਿਵੇਂ ਹਵਾ ਨਾਲ ਗੱਲਾਂ ਕਰ ਰਹੀ ਸੀ।

ਬਲਵੰਤ ਤੇ ਅਮਰੀਕ ਇੱਕੋ ਕਾਲਜ 'ਚ ਪੜ੍ਹਦੇ ਸਨ। ਅਮਰੀਕ

ਫੁੱਟਬਾਲ ਦਾ ਚੋਟੀ ਦਾ ਖਿਡਾਰੀ ਸੀ ਤੇ ਕਾਲਜ ਟੀਮ ਦਾ ਕਪਤਾਨ। ਟੀਮ ਦਾ ਇਲਾਕੇ ਵਿੱਚ ਬੜਾ ਨਾਮ ਸੀ। ਜਿੱਥੇ ਵੀ ਖੇਡਣ ਜਾਂਦੀ, ਜਿੱਤ ਕੇ ਹੀ ਆਉਂਦੀ। ਅਮਰੀਕ ਸੁਭਾਅ ਪੱਖੋਂ ਬਹੁਤ ਹੀ ਨਿੱਘਾ, ਹਰ ਇੱਕ ਦੇ ਕੰਮ ਆਉਣ ਵਾਲਾ ਤੇ ਯਾਰਾਂ ਦਾ ਯਾਰ ਸੀ। ਸਾਰਾ ਸਟਾਫ਼ ਉਸਨੂੰ ਬੜਾ ਪਿਆਰ ਕਰਦਾ ਸੀ। ਫੁੱਟਬਾਲ ਕਰਕੇ ਉਹ ਸਾਰੇ ਕਾਲਜ ਦਾ ਹੀਰੋ ਸੀ। ਇੱਕ ਵਾਰ ਲਾਗਲੇ ਸ਼ਹਿਰ 'ਚੋਂ ਉਸ ਕਾਲਜ ਦੀ ਟੀਮ ਨੇ ਮੈਚ ਖੇਡਣ ਆਉਣਾ ਸੀ। ਟੀਮ ਉਹ ਵੀ ਤਕੜੀ ਸੀ। ਕਾਲਜ 'ਚ ਤੇ ਪੂਰੇ ਸ਼ਹਿਰ 'ਚ ਇਸ ਮੈਚ ਦੀ ਬਹੁਤ ਚਰਚਾ ਸੀ। ਮੈਚ ਵਾਲੇ ਦਿਨ ਸਾਰਾ ਕਾਲਜ ਤੇ ਸ਼ਹਿਰ ਦੇ ਲੋਕ, ਮੈਦਾਨ ਦੇ ਚਾਰ ਚੁਫ਼ੇਰੇ ਘੇਰਾ ਘੱਤੀ ਬੈਠੇ ਸਨ। ਬਹੁਤੇ ਲੋਕ ਖੜ੍ਹੇ ਵੀ ਸਨ।

ਦੋਵੇਂ ਟੀਮਾਂ ਆਹਮੋ-ਸਾਹਮਣੇ ਗੋਲ ਵਾਲੇ ਪਾਸਿਆਂ ਤੋਂ ਮੈਦਾਨ ਵਿੱਚ ਉੱਤਰੀਆਂ। ਚਾਰ-ਚੁਫ਼ੇਰੇ ਤਾੜੀਆਂ ਹੀ ਤਾੜੀਆਂ। ਮੈਚ ਸ਼ੁਰੂ ਤੇ ਸਾਨ੍ਹਾਂ ਦੇ ਭੇੜ ਵਾਂਗ ਦੋਵੇਂ ਟੀਮਾਂ ਮੈਦਾਨ ਵਿੱਚ ਡਟੀਆਂ ਹੋਈਆਂ। ਅੱਧਾ ਟਾਈਮ ਲੰਘ ਗਿਆ ਪਰ ਕਿਸੇ ਟੀਮ ਤੋਂ ਗੋਲ ਨਾ ਹੋਇਆ। ਮੁਕਾਬਲਾ ਪੂਰਾ ਸਖ਼ਤ ਸੀ।

ਮੈਚ ਦੁਬਾਰਾ ਸ਼ੁਰੂ। ਸਾਰਾ ਕਾਲਜ ਸੰਘ ਪਾੜ-ਪਾੜ ਚਿੱਲਾਉਣ ਲੱਗਾ। ਮੀਕਿਆ....ਮੀਕਿਆ....ਦੀਆਂ ਆਵਾਜ਼ਾਂ ਆਉਣ ਲੱਗੀਆਂ। ਸਭ ਦੀ ਜ਼ੁਬਾਨ 'ਤੇ ਮੀਕਾ, "ਮੀਕਿਆ ਚੱਕ ਦੇ ਫੱਟੇ ਓਏ.....ਮੀਕਿਆ ਠੋਕਦੇ ਇੱਕ ਤਾਂ ਓਏ....ਕੰਜਰਾ ਮਰ ਜਾ ਓਏ....ਘਰੇ ਆ ਕੇ ਨਾ ਨੱਕ ਵੱਢ ਜਾਣ ਓਏ...." ਕੋਈ ਕੁੱਝ ਤੇ ਕੋਈ ਕੁੱਝ।

ਜਿਉਂ-ਜਿਉਂ ਮੈਚ ਖ਼ਤਮ ਹੋਣ ਦੇ ਨਜ਼ਦੀਕ ਆ ਰਿਹਾ ਸੀ, ਸ਼ੋਰ ਵਧ ਰਿਹਾ ਸੀ। ਸਭ ਦੀ ਜ਼ੁਬਾਨ 'ਤੇ ਅਮਰੀਕ ਦਾ ਹੀ ਨਾਮ, ਜਿਵੇਂ ਗੋਲ ਕਰਨਾ ਹੈ ਤਾਂ ਬੱਸ ਅਮਰੀਕ ਨੇ ਹੀ ਕਰਨਾ ਹੈ। ਬਾਕੀ ਤਾਂ ਖਾਨਾ-ਪੂਰਤੀ ਲਈ ਹਨ। ਚਾਰੇ ਪਾਸੇ ਰੌਲਾ-ਰੱਪਾ, ਸੀਟੀਆਂ ਤੇ ਲਲਕਾਰੇ ਵੱਜ ਰਹੇ ਸਨ। ਕੀ ਖਿਡਾਰੀ ਤੇ ਕੀ ਦਰਸ਼ਕ, ਪੂਰੇ ਭਖੇ ਪਏ ਸਨ। ਦੋਵੇਂ ਰੈਫ਼ਰੀ ਬੜੇ ਚੁਕੰਨੇ ਤੇ ਬੁਰੀ ਤਰ੍ਹਾਂ ਸਾਹ ਚੜ੍ਹਿਆ ਹੋਇਆ।

ਮੈਚ ਖ਼ਤਮ ਹੋਣ ਦੇ ਨੇੜੇ ਸੀ ਕਿ ਬਾਲ ਫਿਰ ਅਮਰੀਕ ਦੇ ਕਬਜ਼ੇ 'ਚ ਆ ਗਈ। ਸਾਰਾ ਕਾਲਜ ਇੱਕ ਆਵਾਜ਼ ਹੋ ਚਿੱਲਾਇਆ। ਅਮਰੀਕ ਨੇ ਬੜੀ ਚੁਸਤੀ ਨਾਲ ਦੋ ਵਿਰੋਧੀ ਖਿਡਾਰੀਆਂ ਨੂੰ ਕੱਟ ਕੀਤਾ ਤੇ ਐਸੀ ਹਿੱਟ ਜਮਾਈ ਕਿ ਬਾਲ ਸਿੱਧੀ ਗੋਲ ਦੇ ਅੰਦਰ।

ਬੱਸ ਫੇਰ ਕੀ ਸੀ। ਓਧਰ ਗੋਲ-ਕੀਪਰ ਸਿਰ ਫੜੀ ਬੈਠਾ ਸੀ ਤੇ ਏਧਰ ਸਾਰਾ ਕਾਲਜ ਭੰਗੜਾ ਪਾ ਰਿਹਾ ਸੀ। ਸੀਟੀਆਂ ਵੱਜ ਰਹੀਆਂ ਸੀ। ਬੱਕਰੇ ਬੁਲਾਏ ਜਾ ਰਹੇ ਸਨ। ਮੈਚ ਦੁਬਾਰਾ ਸ਼ੁਰੂ ਹੋਇਆ ਪਰ ਹੁਣ ਮੈਚ ਵੱਲ ਧਿਆਨ ਘੱਟ ਹੀ ਸੀ। ਝੱਟ ਹੀ ਲੰਬੀ ਸੀਟੀ ਤੇ ਮੈਚ ਖ਼ਤਮ।

ਅਮਰੀਕ ਹੋਰ ਵੱਡਾ ਹੀਰੋ ਬਣ ਗਿਆ। ਮੁੰਡੇ ਉਸਨੂੰ ਮੋਢਿਆਂ 'ਤੇ ਚੁੱਕ ਭੰਗੜਾ ਪਾਉਣ ਲੱਗੇ। ਨੀਲਮਾ ਵੀ ਉਸੇ ਕਾਲਜ 'ਚ ਅਮਰੀਕ ਤੋਂ ਇੱਕ ਕਲਾਸ ਪਿੱਛੇ ਪੜ੍ਹਦੀ ਸੀ। ਮੈਚ ਦੇ ਆਖ਼ਰੀ ਮਿੰਟਾਂ ਵਿੱਚ ਅਮਰੀਕ ਦੀ ਹਿੱਟ ਨਾਲ ਜਿਉਂ ਹੀ ਬਾਲ ਵਿਰੋਧੀ ਗੋਲ 'ਚ ਦਾਖ਼ਲ ਹੋਈ, ਨੀਲਮਾ ਬੁੜ੍ਹਕ ਉੱਠੀ। ਓਧਰ ਬਾਲ ਵਿਰੋਧੀ ਗੋਲ 'ਚ ਦਾਖ਼ਲ ਤੇ ਅਮਰੀਕ ਨੀਲਮਾ ਦੇ ਦਿਲ 'ਚ ਦਾਖ਼ਲ। ਉਹ ਚਹਿਕ ਉੱਠੀ ਤੇ ਆਪ-ਮੁਹਾਰੇ ਹੀ ਨੱਚਣ ਲੱਗੀ।

ਜਲਦੀ ਹੀ ਨੀਲਮਾ ਨੇ ਇਸ ਦਾਖ਼ਲੇ ਦੀ ਖ਼ਬਰ ਅਮਰੀਕ ਨੂੰ ਜ਼ਾਹਰ ਕਰ ਦਿੱਤੀ। ਬੱਸ ਫੇਰ ਕੀ ਸੀ, ਦੋਵੇਂ ਇੱਕ-ਦੂਜੇ ਉੱਪਰ ਲੱਟੂ ਹੋਣ ਲੱਗ ਪਏ। ਇੱਕ-ਦੋ ਦਿਨ ਬਾਅਦ ਮੈਚ ਦੀ ਚਰਚਾ ਤਾਂ ਮੱਠੀ ਪੈ ਗਈ ਪਰ ਦੋਵਾਂ ਦੇ ਪਿਆਰ ਦੀ ਨਵੀਂ ਚਰਚਾ ਜ਼ੋਰ ਫੜਨ ਲੱਗੀ। ਜਿਉਂ-ਜਿਉਂ ਦੋਵਾਂ ਦਾ ਇਸ਼ਕ ਬਲਵਾਨ ਹੁੰਦਾ ਗਿਆ, ਤਿਉਂ-ਤਿਉਂ ਚਰਚਾ ਵੀ ਬਲਵਾਨ ਹੁੰਦੀ ਗਈ। ਫਿਰ ਇਹ ਚਰਚਾ ਕਾਲਜ ਦੀਆਂ ਦੀਵਾਰਾਂ ਵੀ ਟੱਪ ਗਈ।

ਇਸ਼ਕ ਦੇ ਇਸ ਕਿੱਸੇ ਬਾਰੇ ਇੱਕ ਦਿਲਚਸਪ ਗੱਲ ਹੋਰ ਵੀ ਸੀ, ਜੋ ਇਸ ਨੂੰ ਵੱਧ ਚਰਚਿਤ ਕਰ ਰਹੀ ਸੀ। ਅਮਰੀਕ ਦੇਖਣ ਨੂੰ ਭਾਵੇਂ ਬੜਾ ਹੀ ਦਰਸ਼ਨੀ ਜੁਆਨ ਸੀ ਪਰ ਮੁੰਡਾ ਝਿਉਰਾਂ ਦਾ ਸੀ। ਕਣਕ-ਵੰਨੇ ਰੰਗ ਦੀ ਨੀਲਮਾ, ਅਗਰਵਾਲ ਬਾਣੀਆਂ ਦੀ ਕੁੜੀ ਸੀ। ਐਵੇਂ ਥੋੜ੍ਹਾ ਕਹਿੰਦੇ ਨੇ ਕਿ ਇਸ਼ਕ ਅੰਨ੍ਹਾ ਹੁੰਦਾ ਹੈ। ਅਮਰੀਕ ਤੇ ਨੀਲਮਾ ਦਾ ਪਿਆਰ ਰੰਗ, ਜਾਤ, ਧਰਮ ਦੇ ਬੰਧਨਾਂ ਨੂੰ ਕੋਹਾਂ ਪਿੱਛੇ ਛੱਡ ਗਿਆ। ਬੜਾ ਰੌਲਾ ਪਿਆ। ਮਾਪੇ ਅੱਡ ਪ੍ਰੇਸ਼ਾਨ। ਅਮਰੀਕ ਦਾ ਬਾਪ ਕਹੇ "ਸਾਲੇ ਦੀਆਂ ਲੱਤਾਂ ਤੋੜ ਦੂੰ, ਐਂ ਕਿਵੇਂ ਵਿਆਹ ਕਰਾ ਲੂ।" ਉਹ ਨਾਮੀ ਪੁੱਤ ਨੂੰ ਆਪਣੀ ਬਰਾਦਰੀ ਵਿੱਚ ਵਿਆਹ ਕੇ ਸਿਰ ਉੱਚਾ ਰੱਖਣਾ ਚਾਹੁੰਦਾ ਸੀ।

ਓਧਰ ਨੀਲਮਾ ਦੇ ਮਾਪੇ ਹੋਰ ਵੀ ਔਖੇ। ਉਹ ਕਦੇ ਵੀ ਬਰਦਾਸ਼ਤ ਨੀ ਸੀ ਕਰ ਸਕਦੇ ਉਨ੍ਹਾਂ ਦਾ ਜਵਾਈ ਝਿਊਰਾਂ ਦਾ ਮੁੰਡਾ ਹੋਵੇ, ਭਾਵੇਂ ਕਿੱਡਾ ਹੀ ਸੋਹਣਾ ਤੇ ਜੁਆਨ ਕਿਉਂ ਨਾ ਹੋਵੇ। ਉਹ ਨੀਲਮਾ ਨੂੰ ਕੁਦ-ਕੁਦ ਪੈਂਦੇ, "ਤੈਨੂੰ ਕੋਈ ਸ਼ਰਮ ਹੈ ਕਿ ਨਹੀਂ।" ਹੋਰ ਵੀ ਬੜਾ ਕੁੱਝ ਬੋਲਦੇ।

ਬੜਾ ਘਸਮਾਣ ਪਿਆ। ਅਮਰੀਕ ਤੇ ਨੀਲਮਾ ਨੇ ਵੀ ਜ਼ਿੱਦ ਹੀ ਫੜ ਲਈ। ਮਰਨਾ ਮਨਜ਼ੂਰ, ਹੁਣ ਅੱਡ ਨੀ ਹੋਣਾ। ਜ਼ਿਆਦਾ ਔਖਾ ਤਾਂ ਨੀਲਮਾ ਲਈ ਸੀ। ਅਗਾਂਹਵਧੂ ਵਿਚਾਰਾਂ ਦੇ ਧਾਰਨੀ ਪ੍ਰੋਫੈਸਰ ਰਾਜ ਕੁਮਾਰ ਦੀਆਂ ਗੱਲਾਂ ਦਾ ਉਸ ਉੱਪਰ ਬਹੁਤ ਅਸਰ ਸੀ। ਉਹ ਬੱਚਿਆਂ ਨੂੰ ਹਮੇਸ਼ਾ ਕਿਹਾ ਕਰਦਾ, "ਅਗਰ ਪੜ੍ਹ-ਲਿਖ ਕੇ ਵੀ ਅਸੀਂ ਜਾਤਾਂ-ਧਰਮਾਂ ਦੇ ਬੰਧਨਾਂ ਤੋਂ ਬਾਹਰ ਨਾ ਨਿਕਲੇ, ਫਿਰ ਬਾਕੀ ਸਮਾਜ ਤੋਂ ਕੀ ਆਸ। ਸਾਨੂੰ ਖ਼ੁਦ ਆਦਰਸ਼ ਬਣਨਾ ਚਾਹੀਦਾ ਹੈ। ਫੇਰ ਹੀ ਸਮਾਜ ਦਾ ਮਾਰਗ ਦਰਸ਼ਨ ਕਰ ਸਕਦੇ ਹਾਂ। ਵਰਨਾ

ਸਮਾਜ ਨੂੰ ਕੀ ਸਵਾਹ ਬਦਲਾਂਗੇ।" ਇਨ੍ਹਾਂ ਗੱਲਾਂ ਨੇ ਨੀਲਮਾ ਦੇ ਮਨ ਨੂੰ ਬਹੁਤ ਉਤਸ਼ਾਹ ਤੇ ਹਿੰਮਤ ਬਖ਼ਸ਼ੀ ਸੀ।

ਉਸ ਵਕਤ ਪ੍ਰੋਫੈਸਰ ਰਾਜ ਕੁਮਾਰ ਨੇ ਦੋਵਾਂ ਨੂੰ ਸਮਝਾਇਆ, "ਦੇਖੋ, ਜਜ਼ਬਾਤੀ ਹੋ ਕੇ ਕੋਈ ਕਦਮ ਨਾ ਪੁੱਟ ਲੈਣਾ। ਹਾਂ, ਅਗਰ ਸੱਚੇ ਦਿਲੋਂ ਇੱਕ-ਦੂਜੇ ਨੂੰ ਪਿਆਰ ਕਰਦੇ ਹੋ ਤਾਂ ਜਾਤਾਂ-ਧਰਮਾਂ ਦੇ ਚੱਕਰ ਨੂੰ ਛੱਡ ਆਪਣੇ ਮਾਤਾ-ਪਿਤਾ ਨੂੰ ਦਿਲ ਦੀ ਗੱਲ ਖੁੱਲ੍ਹ ਕੇ ਦੱਸੋ।"

ਗੱਲ ਦੱਸੀ ਪਰ ਮਾਂ-ਬਾਪ 'ਤੇ ਕੋਈ ਅਸਰ ਨਾ ਹੋਇਆ। ਫਿਰ ਦੋਵਾਂ ਨੇ ਸ਼ਾਦੀ ਤਾਂ ਕਰ ਲਈ ਪਰ ਉਹ ਮਾਂ-ਬਾਪ ਦੇ ਪਿਆਰ, ਆਸ਼ੀਰਵਾਦ ਤੇ ਸਹਾਰੇ ਤੋਂ ਵਾਂਝੇ ਹੋ ਗਏ।

ਐਨੇ ਸਾਲਾਂ ਬਾਅਦ ਨੀਲਮਾ ਦੀਆਂ ਭਰੀਆਂ ਅੱਖਾਂ ਦੇਖ ਬਲਵੰਤ ਦਾ ਮਨ ਵੀ ਭਰ ਆਇਆ। ਉਹ ਪੁੱਛਣ ਲੱਗਾ, "ਪਰ ਭਾਬੀ ਜੀ, ਹੋਇਆ ਕੀ ਤੇ ਤੁਸੀਂ ਇੱਥੇ ਕਿਸ ਤਰ੍ਹਾਂ?" ਇਹ ਗੱਲ ਕਰਦੇ ਬਲਵੰਤ ਦੇ ਮਨ 'ਚ ਕੋਈ ਪੀੜ ਜਿਹੀ ਉੱਠੀ।

ਨੀਲਮਾ ਨੇ ਵੀ ਆਪਣੇ ਆਪ 'ਤੇ ਕਾਬੂ ਪਾਇਆ ਤੇ ਦੱਸਣ ਲੱਗੀ, "ਉਹ ਅਕੈਡਮੀ ਵਿੱਚ ਟੀਚਰ ਹੈ। ਅੰਦਰ ਹੀ ਰਿਹਾਇਸ਼ ਮਿਲੀ ਹੋਈ ਹੈ। ਬੜੇ ਚਿਰਾਂ ਬਾਅਦ ਕੋਈ ਕਾਲਜ ਦਾ ਸਾਥੀ ਮਿਲਿਆ ਹੈ। ਜੇਕਰ ਜ਼ਿਆਦਾ ਜਲਦੀ 'ਚ ਨਹੀਂ ਤਾਂ ਆਓ, ਕਵਾਟਰ ਵਿੱਚ ਚਲਦੇ ਹਾਂ। ਆਰਾਮ ਨਾਲ ਗੱਲਾਂ ਕਰਾਂਗੇ।"

"ਠੀਕ ਹੈ, ਕੋਈ ਜਲਦੀ ਨਹੀਂ।"

ਕਵਾਟਰ 'ਚ ਪਹੁੰਚ ਕੇ ਪਾਣੀ ਦੇ ਗਿਲਾਸ ਵਾਲੀ ਟਰੇਅ ਬਲਵੰਤ ਦੇ ਅੱਗੇ ਕਰਦਿਆਂ ਨੀਲਮਾ ਨੇ ਪੁੱਛਿਆ, "ਤੁਸੀਂ ਅੱਜ ਏਧਰ ਕਿਸ ਤਰ੍ਹਾਂ ਆ ਗਏ?"

ਬਲਵੰਤ ਨੇ ਗਿਲਾਸ ਚੁੱਕਿਆ, ਪਾਣੀ ਪੀਤਾ, ਖਾਲੀ ਗਿਲਾਸ ਟਰੇਅ ਵਿੱਚ ਰੱਖਿਆ ਤੇ ਬੋਲਿਆ, "ਤੁਹਾਨੂੰ ਪਤਾ ਹੀ ਹੈ, ਕਾਲਜ ਤੋਂ ਬਾਅਦ ਮੈਨੂੰ ਨੇਵੀ ਵਿੱਚ ਨੌਕਰੀ ਮਿਲ ਗਈ ਸੀ ਤੇ ਮੈਂ ਬੰਬਈ ਚਲਾ ਗਿਆ ਸੀ। ਨੇਵੀ ਛੱਡਣ ਤੋਂ ਬਾਅਦ ਬੰਬਈ 'ਚ ਹੀ ਨੌਕਰੀ ਕਰਨ ਲੱਗਾ। ਹੁਣ ਵੀ ਉੱਥੇ ਹੀ ਵਧੀਆ ਸੈੱਟ ਹਾਂ। ਐਨੇ ਸਾਲਾਂ ਤੋਂ ਬੰਬਈ 'ਚ ਰਹਿ ਤਾਂ ਰਿਹਾਂ ਪਰ ਮਨ ਅਸ਼ਾਂਤ ਹੈ।"

"ਅੱਛਾ, ਮੈਂ ਇੱਕ-ਇੱਕ ਕੱਪ ਚਾਹ ਬਣਾ ਲਵਾਂ। ਮੇਰੇ ਮਨ 'ਚ ਵੀ ਬੜੀਆਂ ਗੱਲਾਂ ਨੇ, ਫੇਰ ਆਰਾਮ ਨਾਲ ਗੱਲਾਂ ਕਰਦੇ ਹਾਂ।" ਤੇ ਉਹ ਟਰੇਅ ਚੁੱਕ ਰਸੋਈ ਵੱਲ ਚਲੀ ਗਈ।

ਬੈਠਾ-ਬੈਠਾ ਬਲਵੰਤ ਸੋਚਣ ਲੱਗਾ, 'ਕਿਵੇਂ ਉਹ ਆਪਣੇ ਅਮੀਰ

ਸੱਭਿਆਚਾਰਕ ਵਿਰਸੇ ਨਾਲੋਂ ਟੁੱਟ ਕੇ ਬੰਬਈ ਦੀ ਮਸ਼ੀਨੀ ਜ਼ਿੰਦਗੀ ਦੀ ਮਸ਼ੀਨ ਦਾ ਇੱਕ ਪੁਰਜਾ ਬਣ ਕੇ ਰਹਿ ਗਿਆ ਹੈ। ਫਲੈਟ ਦਾ ਦਰਵਾਜ਼ਾ ਸਿਰਫ਼ ਅੰਦਰ ਜਾਂ ਬਾਹਰ ਆਉਣ ਵੇਲੇ ਖੁਲ੍ਹਦਾ ਹੈ। ਅਗਰ ਨੀਲਮਾ ਉਸਨੂੰ ਬੰਬਈ ਵਿੱਚ ਅਚਾਨਕ ਕਿਸੇ ਬੱਸ ਸਟਾਪ ਜਾਂ ਰੇਲਵੇ ਸਟੇਸ਼ਨ ’ਤੇ ਮਿਲ ਪੈਂਦੀ, ਸ਼ਾਇਦ ਉਹ ‘ਹੈਲੋ’ ਕਹਿ ਕੇ, ਭੱਜ ਕੇ ਗੱਡੀ ਜਾਂ ਬੱਸ ’ਤੇ ਚੜ੍ਹ ਜਾਂਦਾ। ਫਿਰ ਭੀੜ ’ਚ ਧੱਕਾ-ਮੁੱਕੀ ਹੁੰਦਾ-ਹੁੰਦਾ, ਦਫ਼ਤਰ ਪਹੁੰਚਣ ਤੱਕ ਇਹ ਵੀ ਭੁੱਲ ਜਾਂਦਾ ਕਿ ਉਸਨੂੰ ਕੋਈ ਜਾਣਨ ਵਾਲਾ ਮਿਲਿਆ ਸੀ।’

“ਕਿਹੜੀਆਂ ਸੋਚਾਂ ਵਿੱਚ ਪੈ ਗਏ?” ਚਾਹ ਵਾਲੀ ਟਰੇਅ ਟੇਬਲ ’ਤੇ ਰੱਖਦਿਆਂ ਨੀਲਮਾ ਬੋਲੀ।

“ਕੁੱਝ ਵੀ ਨਹੀਂ। ਬੱਸ ਐਵੇਂ ਹੀ ਏਧਰ-ਓਧਰ ਦੇ ਖ਼ਿਆਲ ਮਨ ’ਚ ਚੱਕਰ ਕੱਟ ਰਹੇ ਸਨ।”

“ਲਓ, ਚਾਹ ਲਓ। ਇਹ ਖ਼ਿਆਲ ਹੀ ਤਾਂ ਨੇ ਜੋ ਕਦੇ ਮਨ ਨੂੰ ਅਸ਼ਾਂਤ ਕਰ ਦਿੰਦੇ ਨੇ ਤੇ ਕਦੇ ਕੋਈ ਚੰਗਾ ਖ਼ਿਆਲ ਆਉਣ ’ਤੇ ਮਨ ’ਚ ਲੱਡੂ ਫੁੱਟਣ ਲੱਗ ਪੈਂਦੇ ਨੇ। ਅਸੀਂ ਪੜ੍ਹ-ਲਿਖ ਵੀ ਗਏ, ਤਰੱਕੀ ਵੀ ਬਹੁਤ ਹੋ ਗਈ। ਨਾਲ-ਨਾਲ ਬਿਮਾਰੀਆਂ, ਫ਼ਿਕਰ ’ਤੇ ਝੋਰੇ ਵੀ ਵਧ ਗਏ।” ਨੀਲਮਾ ਬਲਵੰਤ ਦੀਆਂ ਅੱਖਾਂ ’ਚ ਵੇਖ ਰਹੀ ਸੀ।

“ਠੀਕ ਕਿਹਾ ਨੀਲਮਾ....ਫ਼ਿਕਰ-ਝੋਰਿਆਂ ਦੀ ਹੀ ਗੱਲ ਹੈ ਕਿ ਮੈਂ ਏਧਰ ਗੇੜਾ ਮਾਰਨ ਆਇਆਂ ਹਾਂ। ਉਸ ਵਕਤ ਪੰਜਾਬ ਦੇ ਖ਼ਰਾਬ ਮਾਹੌਲ ਨੂੰ ਵੇਖਦੇ ਮੈਂ ਬੰਬਈ ਸੈੱਟ ਹੋ ਗਿਆ। ਸੋਚਿਆ ਅੱਗੇ ਬੱਚਿਆਂ ’ਤੇ ਕੋਈ ਅਸਰ ਨਾ ਪਵੇ ਪਰ ਦੇਖਿਆ ਉੱਥੇ ਵੀ ਇਹੀ ਹਾਲ ਹੈ। ਐਨੇ ਸਾਲ ਹੋ ਗਏ ਰਹਿੰਦਿਆਂ ਪਰ ਉਹ ਸਾਨੂੰ ਬਾਹਰਲਾ ਹੀ ਸਮਝਦੇ ਨੇ। ਉੱਥੇ ਸਮੱਸਿਆ ਹੈ, ਇਹ ਮਰਾਠੀ, ਇਹ ਪੰਜਾਬੀ, ਇਹ ਬਿਹਾਰੀ, ਇਹ ਦੱਖਣ ਭਾਰਤੀ, ਇਹ ਬੰਗਾਲੀ, ਇਹ ਫਲਾਣਾ, ਇਹ ਢੀਂਗੜਾ, ਪੁੱਛੋ ਨਾ। ਸਹਿਣਸ਼ੀਲਤਾ ਤਾਂ ਅੱਜਕੱਲ੍ਹ ਗੁੰਮ ਹੀ ਹੋ ਗਈ। ਸੰਵੇਦਨਾ ਰਹੀ ਕੋਈ ਨੀ। ਮਾੜੀ-ਮਾੜੀ ਗੱਲ ’ਤੇ ਬਹਿਸਾਂ, ਝਗੜੇ ਤੇ ਲੜਾਈਆਂ। ਲੋਕ ਤਾਂ ਬੱਸ ਜਿਵੇਂ ਲੜਾਈ ਦਾ ਬਹਾਨਾ ਹੀ ਭਾਲਦੇ ਹਨ। ਉੱਪਰੋਂ ਸਰਕਾਰਾਂ ਦੇ ਕਾਰੇ ਦੇਖ ਲੋ, ਪਾਣੀ ਛਿੜਕਣ ਦੀ ਥਾਂ ਤੇਲ ਛਿੜਕਦੀਆਂ ਨੇ।”

“ਜਿੱਥੇ ਮੈਂ ਰਹਿੰਨਾ, ਬਹੁਤ ਵਧੀਆ ਪੜ੍ਹੇ-ਲਿਖੇ ਲੋਕਾਂ ਦਾ ਇਲਾਕਾ ਹੈ ਪਰ ਹਮੇਸ਼ਾ ਮਨ ’ਚ ਇੱਕ ਘੁਟਣ ਜਿਹੀ ਰਹਿੰਦੀ ਹੈ। ਉਹ ਸਾਨੂੰ ਆਪਣੇ ਸਮਾਜ ਦਾ ਅੰਗ ਨਹੀਂ, ਸਿਰਫ਼ ਪੰਜਾਬੀ ਸਮਝਦੇ ਨੇ। ਗੱਲ-ਗੱਲ ’ਤੇ ‘ਓਹ ਪੰਜਾਬੀਆਂ ਦਾ ਪਰਿਵਾਰ, ਓਹ ਪੰਜਾਬੀਆਂ ਦਾ ਮੁੰਡਾ, ਓਹ ਪੰਜਾਬੀਆਂ ਦੀ ਕੁੜੀ ਆਦਿ। ਕਿਤੇ ਵੀ ਸਾਨੂੰ ਆਪਣੇ ਸਮਾਜ ਦਾ ਹਿੱਸਾ ਨਹੀਂ ਸਮਝਦੇ। ਹਰ

ਗੱਲ 'ਚ ਅੱਡ ਜਿਹਾ ਰੱਖਦੇ ਨੇ। ਸੋਚਿਆ, ਮਨਾਂ ਜਿੱਥੇ ਜਾਓ, ਵੱਜਾਂਗੇ ਤਾਂ ਪੰਜਾਬੀ, ਇਹਦੇ ਨਾਲੋਂ ਆਪਣਾ ਇਲਾਕਾ ਹੀ ਠੀਕ ਹੈ। ਆਪਣੇ ਇਲਾਕੇ ਨਾਲ ਮੇਲ-ਜੋਲ ਤਾਂ ਰੱਖੀਏ। ਆਪਣਿਆਂ ਦਾ ਨਿੱਘ ਹੀ ਹੋਰ ਹੈ। ਇਸ ਅਕੈਡਮੀ ਦਾ ਬੜਾ ਨਾਮ ਸੁਣੀਂਦਾ ਸੀ। ਏਸੇ ਬਾਰੇ ਪਤਾ ਕਰਨ ਆਇਆ ਸੀ, ਅੱਗੋਂ ਤੁਸੀਂ ਮਿਲ ਗਏ। ਹੋਰ ਵੀ ਖ਼ੁਸ਼ੀ ਹੋਈ। ਮੈਂ ਆਪਣੇ ਪੋਤਰੇ ਨੂੰ ਏਧਰ ਦਾਖ਼ਲ ਕਰਵਾਉਣ ਬਾਰੇ ਸੋਚ ਰਿਹਾ ਸੀ। ਬਈ ਨਾਲੇ ਬਹਾਨੇ ਨਾਲ ਗੇੜਾ ਵੱਜਦਾ ਰਹੇਗਾ।"

ਬਲਵੰਤ ਦੀਆਂ ਗੱਲਾਂ 'ਚੋਂ ਮਨ ਦਾ ਕੋਈ ਡਰ, ਕੋਈ ਦੁੱਖ, ਕੋਈ ਚਿੰਤਾ, ਕੋਈ ਹੇਰਵਾ ਝਲਕਦਾ ਸੀ। ਇਹੀ ਪੀੜ ਨੀਲਮਾ ਦੇ ਮਨ ਵਿੱਚ ਸੀ। ਬਲਵੰਤ ਦੀਆਂ ਗੱਲਾਂ ਸੁਣ ਉਹ ਬੋਲੀ, "ਅਸੀਂ ਜੋ ਮਰਜ਼ੀ ਕਹੀ ਜਾਈਏ, ਆਹ ਤਰੱਕੀ ਕਰ ਲਈ, ਆਹ ਵਿਕਾਸ ਕਰ ਲਿਆ ਪਰ ਏਸ ਮਾਮਲੇ 'ਚ ਅੱਗੇ ਜਾਣ ਦੀ ਥਾਂ ਅਸੀਂ ਪਿੱਛੇ ਨੂੰ ਹੀ ਜਾ ਰਹੇ ਹਾਂ। ਇਹ ਜਾਤ-ਪਾਤ ਦਾ ਕੋਹੜ, ਸਮਾਜਿਕ ਵਖਰੇਵਾਂ, ਧਰਮਾਂ ਦੇ ਨਾਮ ਦੀ ਨਫ਼ਰਤ, ਕਈ ਹੋਰ ਬੇੜੀਆਂ ਤੇ ਸੰਗਲ, ਅਜੇ ਵੀ ਸਾਡੇ ਪੈਰਾਂ 'ਚ ਜਿਉਂ ਦੀਆਂ ਤਿਉਂ ਹਨ। ਇਹ ਸੰਗਲ ਸਾਨੂੰ ਜਕੜੀ ਬੈਠੇ ਹਨ। ਇਸੇ ਗੱਲ ਨੇ ਹੀ ਅਮਰੀਕ ਦੀ ਜਾਨ ਲਈ ਸੀ। ਦੱਸੋ ਇਸ ਵਿਕਾਸ ਤੇ ਤਰੱਕੀ ਨੂੰ ਕੀ ਚੱਟੀਏ।"

"ਅੱਛਾ! ਕੀ ਹੋਇਆ ਸੀ ਅਮਰੀਕ ਨੂੰ?" ਬਲਵੰਤ ਨੇ ਮਹਿਸੂਸ ਕੀਤਾ, ਉਸਨੇ ਅਮਰੀਕ ਵਾਲੀ ਗੱਲ ਤਾਂ ਜਾਣੀ ਹੀ ਨਹੀਂ। ਨਾ ਚੱਜ ਨਾਲ ਨੀਲਮਾ ਨਾਲ ਅਫ਼ਸੋਸ ਕੀਤਾ ਤੇ ਆਪਣੀ ਹੀ ਰਾਮ-ਕਹਾਣੀ ਲੈ ਬੈਠਾ।

"ਕੀ ਦੱਸਾਂ ਤੇ ਕੀ ਨਾ ਦੱਸਾਂ, ਤੁਹਾਨੂੰ ਐਨਾ ਕੁ ਤਾਂ ਪਤਾ ਹੀ ਹੈ ਕਿ ਸਾਡੀ ਸ਼ਾਦੀ ਤੇ ਸਾਰੇ ਨਾਰਾਜ਼ ਸਨ। ਅਸੀਂ ਮਨਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਕੋਈ ਹੁੰਗਾਰਾ ਨਾ ਮਿਲਿਆ। ਦੋਵੇਂ ਪਾਸੇ ਜਾਤੀ ਹੰਕਾਰ ਦਾ ਨਾਗ ਕਹੋ, ਸੰਗਲ ਕਹੋ, ਪੈਰਾਂ ਨੂੰ ਬੁਰੀ ਤਰ੍ਹਾਂ ਵਲੇਟਾ ਮਾਰੀ ਬੈਠਾ ਸੀ। ਫਿਰ ਅਚਾਨਕ ਉਨ੍ਹਾਂ ਦੀ ਮੌਤ ਹੋ ਗਈ। ਮੈਨੂੰ ਬੁਰੀ ਤਰ੍ਹਾਂ ਝੰਜੋੜ ਤੇ ਤੋੜ ਦਿੱਤਾ। ਏਸ ਦੁੱਖ ਦੀ ਘੜੀ 'ਚ ਜਿਨ੍ਹਾਂ ਨੇ ਸਹਾਰਾ ਦੇਣਾ ਸੀ, ਅੰਦਰੋ-ਅੰਦਰੀ ਖ਼ੁਸ਼ ਹੋਣ ਲੱਗੇ, 'ਹੁਣ ਪਤਾ ਲੱਗੂ, ਇਸ ਨਾਲ ਏਦਾਂ ਹੀ ਹੋਣੀ ਚਾਹੀਦੀ ਸੀ', ਪੁੱਛੋ ਨਾ ਬੱਸ।"

"ਗੱਲ ਇਹ ਹੋਈ, ਇੱਕ ਦਿਨ ਕੁੱਝ ਬੰਦੂਕ-ਧਾਰੀਆਂ ਨੇ ਸਾਰੇ ਬਾਜ਼ਾਰ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਕੁੱਝ ਆਦਮੀ ਥਾਂ 'ਤੇ ਮਰ ਗਏ ਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ਭਗਦੜ ਮੱਚ ਗਈ ਤੇ ਜੰਗਲ ਦੀ ਅੱਗ ਵਾਂਗੂ ਮਿੰਟਾਂ ਵਿੱਚ ਖ਼ਬਰ ਸਾਰੇ ਸ਼ਹਿਰ ਵਿੱਚ ਫੈਲ ਗਈ। ਰੱਬ ਜਾਣੇ, ਗੋਲੀ ਚਲਾਉਣ ਵਾਲੇ ਕੌਣ ਸਨ। ਉਹ ਜਾ ਚੁੱਕੇ ਸਨ। ਲੋਕ ਗ਼ਮ ਤੇ ਸੋਗ ਵਿੱਚ ਸਨ। ਭੀੜ ਜਮ੍ਹਾਂ ਹੋਣੀ ਸ਼ੁਰੂ ਹੋ ਗਈ। ਮੌਕਾ-ਪ੍ਰਸਤਾਂ ਨੂੰ ਤਾਂ ਮਸਾਂ ਮੌਕਾ ਮਿਲਿਆ। ਜ਼ਖ਼ਮੀਆਂ ਦੀ ਕੋਈ ਫ਼ਿਕਰ ਨਹੀਂ ਕੌਣ ਕਿੱਥੇ ਤੜਫ਼ ਰਿਹੈ, ਲੱਗੇ ਆਪਣੀ

ਲੀਡਰੀ ਚਮਕਾਉਣ ਤੇ ਨਾਅਰੇਬਾਜ਼ੀ ਸ਼ੁਰੂ। ਜ਼ਹਿਰ ਉਗਲਣ ਲੱਗੇ। ਇੱਕ ਫਿਰਕੇ ਦੀਆਂ ਦੁਕਾਨਾਂ ਦੀ ਭੰਨ-ਤੋੜ ਸ਼ੁਰੂ ਕਰਵਾ ਦਿੱਤੀ। ਲੁਟੇਰੇ ਤੇ ਹੋਰ ਸਮਾਜ ਵਿਰੋਧੀ ਅਨਸਰ ਵੀ ਨਾਲ ਆ ਰਲੇ ਤੇ ਹੱਥ ਰੰਗਣ ਲੱਗੇ। ਪੁਲਿਸ 'ਤੇ ਪਥਰਾ ਕਰਵਾ ਦਿੱਤਾ।"

"ਇਹ ਉਸ ਦਿਨ ਘਰ ਹੀ ਸਨ ਤੇ ਨਹਾ ਕੇ ਵਾਲ ਸੁਕਾ ਰਹੇ ਸਨ। ਜਿਉਂ ਹੀ ਘਟਨਾ ਦਾ ਪਤਾ ਲੱਗਾ ਤਾਂ ਝੱਟ ਵਾਲ 'ਕੱਠੇ ਕੀਤੇ ਤੇ ਪੱਗ ਵਲੇਟ ਲਈ। ਸਾਈਕਲ ਚੁੱਕ ਮੈਨੂੰ ਕਹਿਣ ਲੱਗੇ, "ਮੈਂ ਹਸਪਤਾਲ ਜਾ ਰਿਹਾਂ, ਕੀ ਪਤਾ ਮੇਰੇ ਦਿੱਤੇ ਖ਼ੂਨ ਨਾਲ ਕਿਸੇ ਨਿਰਦੋਸ਼ ਦੀ ਜਾਨ ਹੀ ਬਚ ਜੇ। ਮੈਂ ਜਲਦੀ ਨਾ ਵੀ ਮੁੜਿਆ ਤਾਂ ਫ਼ਿਕਰ ਨਾ ਕਰੀਂ।" ਮੈਂ ਅੱਗੇ ਹੋ ਕੇ ਰੋਕਿਆ ਕਿ ਜਲਦਬਾਜ਼ੀ ਨਾ ਕਰੋ। ਗੁਆਂਢਣ ਦੱਸਦੀ ਸੀ ਮਾਹੌਲ ਠੀਕ ਨਹੀਂ, ਹਜੂਮ ਗੁੱਸੇ ਤੇ ਭੜਕਾਹਟ ਵਿੱਚ ਹੈ। ਪੁਲਿਸ 'ਤੇ ਪਥਰਾ ਹੋਇਐ। ਦੁਕਾਨਾਂ ਦੀ ਭੰਨ-ਤੋੜ ਤੇ ਲੁੱਟ-ਮਾਰ ਹੋ ਰਹੀ ਹੈ। ਤੁਹਾਡੇ ਸਿਰ 'ਤੇ ਪੱਗ ਹੈ। ਹਸਪਤਾਲ ਲਈ ਬਾਜ਼ਾਰ 'ਚੋਂ ਦੀ ਜਾਣਾ ਪੈਣਾ। ਤੁਸੀਂ ਅਜੇ ਥੋੜ੍ਹੀ ਦੇਰ ਘਰ ਰੁਕੋ। ਮੈਂ ਪੂਰੀ ਖ਼ਬਰ ਲੈ ਕੇ ਆਉਂਦੀ ਹਾਂ ਪਰ ਕਿੱਥੇ, ਮੇਰੀ ਬਾਂਹ ਫੜ ਕੇ ਮੈਨੂੰ ਇੱਕ ਪਾਸੇ ਕਰਤਾ ਤੇ ਕਹਿੰਦੇ, 'ਤੂੰ ਬਾਣੀਆਂ ਵਾਲੀਆਂ ਗੱਲਾਂ ਅਜੇ ਤੱਕ ਨੀ ਛੱਡਦੀ। ਪੱਗ ਕੀ ਕਹਿੰਦੀ ਐ', ਰੋਕਦੀ-ਰੋਕਦੀ ਤੋਂ ਸਾਈਕਲ ਘਰੋਂ ਬਾਹਰ ਤੇ ਹਸਪਤਾਲ ਨੂੰ ਤੁਰ ਗਏ। ਬੱਚਿਆਂ ਨੂੰ ਛੱਡ ਨਾ ਮਗਰ ਜਾਣ ਜੋਗੀ, ਨਾ ਦੋਵਾਂ ਨੂੰ ਨਾਲ ਲੈ ਕੇ ਤੁਰਨ ਜੋਗੀ। ਗੁਆਂਢਣ ਨੂੰ ਆਵਾਜ਼ ਮਾਰ ਉਸਨੂੰ ਸਾਰੀ ਗੱਲ ਦੱਸੀ।"

"ਅਜੇ ਵੀਹ-ਪੰਝੀ ਮਿੰਟ ਮਸਾਂ ਹੋਏ ਹੋਣਗੇ, ਕੀ ਦੇਖਦੇ ਹਾਂ ਕਿ 9-10 ਬੰਦੇ ਉਨ੍ਹਾਂ ਨੂੰ ਚੁੱਕੀ ਆਉਣ। ਉਨ੍ਹਾਂ ਨੂੰ ਲਹੂ-ਲੁਹਾਣ ਦੇਖ ਮੇਰੇ ਤਾਂ ਹੋਸ਼ ਹੀ ਉੱਡ ਗਏ। ਗੁਆਂਢੀ ਕੋਲ ਗੱਡੀ ਸੀ ਆਪਣੀ ਟੈਕਸੀ, ਵਿਚਾਰਾ ਫੱਟ ਸਟਾਰਟ ਕਰ ਲਿਆਇਆ। ਗੱਡੀ 'ਚ ਪਾ ਲਿਆ ਤੇ ਰੋਂਦੀ-ਰੋਂਦੀ ਮੈਂ ਵੀ ਨਾਲ ਬੈਠ ਗਈ। ਖ਼ੂਨ ਵਗਦਾ ਦੇਖ ਹੌਲ ਪੈ ਰਹੇ ਸਨ ਤੇ ਛੋਟੇ ਬੱਚੇ ਵਾਂਗੂੰ ਉਨ੍ਹਾਂ ਦਾ ਸਿਰ ਬਾਹਾਂ ਵਿੱਚ ਫੜੀ ਬੈਠੀ ਸਾਂ। ਉਨ੍ਹਾਂ ਆਪਣੇ ਇੱਕ ਹੱਥ ਨਾਲ ਮੇਰਾ ਹੱਥ ਫੜਿਆ ਹੋਇਆ ਸੀ ਤੇ ਹੌਲੀ-ਹੌਲੀ ਕੁੱਝ ਬੋਲ ਰਹੇ ਸਨ। ਕੀ ਕਹਿ ਰਹੇ ਸਨ, ਕੁਝ ਸਮਝ ਨਾ ਆਇਆ। ਮੈਨੂੰ ਸੁਣਨ-ਸਮਝਣ ਦੀ ਸੁਰਤ ਹੀ ਕਿੱਥੇ ਸੀ। ਹਸਪਤਾਲ ਕੋਲ ਪਹੁੰਚੇ ਹੀ ਸੀ ਕਿ ਉਨ੍ਹਾਂ ਦੇ ਹੱਥ ਦਾ ਕਸ ਵਧਣ ਲੱਗਾ। ਰੋਂਦੀ-ਰੋਂਦੀ ਨੇ ਉਨ੍ਹਾਂ ਦੇ ਮੂੰਹ ਵੱਲ ਵੇਖਿਆ ਤੇ ਸਿਰ ਨੂੰ ਹੋਰ ਘੁੱਟ ਕੇ ਹਿੱਕ ਨਾਲ ਲਾ ਲਿਆ। ਮੇਰਾ ਹੱਥ ਉਨ੍ਹਾਂ ਪੂਰੀ ਜ਼ੋਰ ਦੀ ਘੁੱਟ ਲਿਆ ਤੇ ਫੇਰ ਉਨ੍ਹਾਂ ਦੀਆਂ ਅੱਖਾਂ ਟੱਡੀਆਂ ਗਈਆਂ। ਵੇਖਦੇ ਹੀ ਵੇਖਦੇ, ਉਨ੍ਹਾਂ ਆਖ਼ਰੀ ਸਾਹ ਲਿਆ ਤੇ ਪ੍ਰਾਣ ਤਿਆਗ ਦਿੱਤੇ। ਮੈਂ ਵੀ ਬੇਹੋਸ਼ ਹੋ ਗਈ। ਬੱਸ ਵੀਰ ਜੀ, ਹੁਣ ਮੈਂ ਇੱਕ ਵਿਧਵਾ ਸਾਂ ਤੇ ਬੱਚੇ ਅਨਾਥ।" ਐਨੀਆਂ ਗੱਲਾਂ ਕਰਦੀ ਨੀਲਮਾ ਦੀਆਂ

ਅੱਖਾਂ 'ਚੋਂ ਹੰਝੂ ਵਹਿ ਤੁਰੇ।

ਇਹ ਦਰਦ ਕਹਾਣੀ ਸੁਣ ਕੇ ਬਲਵੰਤ ਦਾ ਵੀ ਮਨ ਭਰ ਆਇਆ ਪਰ ਉਸਨੇ ਨੀਲਮਾ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਸਨੂੰ ਆਪਣਾ ਮਨ ਹੌਲ਼ਾ ਕਰਨ ਦਿੱਤਾ, 'ਕੀ ਪਤਾ ਕਿੰਨੇ ਚਿਰਾਂ ਤੋਂ ਇਹ ਹੰਝੂ ਰੋਕੇ ਹੋਏ ਸਨ ਤੇ ਏਥੇ ਕਿਸ ਕੋਲ ਆਪਣਾ ਮਨ ਹੌਲ਼ਾ ਕਰ ਸਕਦੀ ਸੀ'।

ਕੁੱਝ ਦੇਰ ਚੁੱਪ ਛਾਈ ਰਹੀ। ਫਿਰ ਬਲਵੰਤ ਬੋਲਣ ਲੱਗਾ, "ਕਿੰਨੀ ਅਜੀਬ ਵਿਡੰਬਣਾ ਹੈ ਕਿ ਜੋ ਇਨਸਾਨ ਹਮੇਸ਼ਾ ਲੋਕਾਂ ਲਈ ਸੋਚਦਾ ਰਿਹਾ, ਉਨ੍ਹਾਂ ਦੇ ਕੰਮ ਆਉਂਦਾ ਰਿਹਾ, ਇਹੀ ਲੋਕ ਪੱਖੀ ਸੋਚ ਉਸਦੀ ਮੌਤ ਦਾ ਕਾਰਨ ਬਣ ਗਈ।"

ਕੁੱਝ ਕੁ ਸੰਭਲ ਨੀਲਮਾ ਹੋਰ ਦੱਸਣ ਲੱਗੀ, "ਆਪਣੇ ਤਾਂ ਪਹਿਲਾਂ ਹੀ ਪਾਸਾ ਵੱਟੀ ਬੈਠੇ ਸਨ, ਵੀਰ ਜੀ ਕਿਸੇ ਲੀਡਰ, ਕਿਸੇ ਸਰਕਾਰ ਨੇ, ਕੋਈ ਸਾਰ ਨਹੀਂ ਲਈ। ਸਿਰਫ਼ ਗੱਲਾਂ ਤੇ ਫੋਕੇ ਵਾਅਦੇ। ਇਹ ਤਾਂ ਭਲਾ ਹੋਵੇ ਪ੍ਰੋਫੈਸਰ ਰਾਜ ਕੁਮਾਰ ਜੀ ਦਾ, ਜਿਨ੍ਹਾਂ ਸਾਡੀ ਬਾਂਹ ਫੜੀ ਤੇ ਅਕੈਡਮੀ ਵਿੱਚ ਨੌਕਰੀ ਦਿਵਾਈ। ਰਹਿਣ ਦਾ ਪ੍ਰਬੰਧ ਵੀ ਹੋ ਗਿਆ ਤੇ ਬੱਚੇ ਵੀ ਪੜ੍ਹ ਗਏ।"

"ਦੁੱਖ ਆਪ ਹੀ ਇਨਸਾਨ ਨੂੰ ਅਕਲ ਵੀ ਦੇ ਦਿੰਦੈ ਤੇ ਸਮਝ ਵੀ। ਇਸ ਪਹਾੜ ਜਿੱਡੇ ਦੁੱਖ ਨੇ ਜਿੱਥੇ ਮੈਨੂੰ ਬੁਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ, ਉੱਥੇ ਨਾਲ ਹੀ ਇਹ ਅਹਿਸਾਸ ਵੀ ਕਰਵਾਇਆ, 'ਨੀਲਮਾ, ਤੈਨੂੰ ਜਿਉਣਾ ਪੈਣੈ, ਆਪਣੇ ਅਮਰੀਕ ਦੀ ਖ਼ਾਤਰ, ਉਨ੍ਹਾਂ ਅਸੂਲਾਂ ਤੇ ਆਦਰਸ਼ਾਂ ਖ਼ਾਤਰ ਅਤੇ ਇਹ ਪਿਆਰ ਦੀਆਂ ਦੋ ਨਿਸ਼ਾਨੀਆਂ ਖ਼ਾਤਰ, ਤੈਨੂੰ ਜਿਉਣਾ ਹੀ ਪੈਣੈ। ਜੇ ਤੂੰ ਹੀ ਢੇਰੀ ਢਾਹ ਕੇ ਬੈਠ ਗਈ, ਤੈਨੂੰ ਵੀ ਸਮਾਜ ਨੇ ਜਿਉਣ ਨੀ ਦੇਣਾ। ਇਹ ਸਮਾਜ ਜੇ ਰਹਿਮ ਦਿਲ ਹੈ ਤਾਂ ਬੜਾ ਬੇਰਹਿਮ ਵੀ। ਤੇਰਾ ਤੇ ਤੇਰੇ ਬੱਚਿਆਂ ਦਾ ਸ਼ੋਸ਼ਣ ਕਰਨ ਲੱਗਿਆਂ ਵੀ ਦੇਰ ਨੀ ਲਾਉਣੀ।' ਫੇਰ ਤਾਂ ਵੀਰ ਜੀ, ਇਸਨੂੰ ਪਾਗਲਪਣ ਕਹੋ ਜਾਂ ਹਿੰਮਤ, ਮਨ 'ਤੇ ਪੱਥਰ ਧਰ ਲਿਆ। ਸੋਚਿਆ, ਕਿਸੇ ਅੱਗੇ ਹੱਥ ਨੀ ਅੱਡਣੇ। ਇਨ੍ਹਾਂ ਬੱਚਿਆਂ ਨੂੰ ਮਾਂ ਤੇ ਬਾਪ, ਦੋਵੇਂ ਬਣ ਕੇ ਪਾਲਾਂਗੀ। ਇਸ ਹਨ੍ਹੇਰ-ਗਰਦੀ ਵਿੱਚ ਬਥੇਰੇ ਘਰ ਤਬਾਹ ਹੋਏ ਨੇ। ਬੜੀਆਂ ਮਾਵਾਂ ਦੇ ਪੁੱਤ ਮਰੇ ਨੇ। ਬੜੀਆਂ ਦੇ ਸੁਹਾਗ ਉੱਜੜੇ ਨੇ। ਉਹ ਵੀ ਤਾਂ ਜੀਅ ਰਹੀਆਂ ਨੇ। ਬੱਸ ਇਸੇ ਧੀਰਜ ਨੇ ਮੈਨੂੰ ਹੌਸਲਾ ਦਿੱਤਾ ਤੇ ਮੇਰੇ ਅੰਦਰ ਜੀਣ ਦੀ ਚਿੰਗਾਰੀ ਧੁਖਦੀ ਰਹੀ....।" ਤੇ ਬੋਲਦੀ-ਬੋਲਦੀ ਉਹ ਚੁੱਪ ਹੋ ਗਈ।

ਨੀਲਮਾ ਦੇ ਦੁੱਖ ਨੇ ਬਲਵੰਤ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ। ਫਿਰ ਨਾਲ ਉਸਦਾ ਆਪਣਾ ਦੁੱਖ ਵੀ ਇਸ 'ਚ ਰਲ-ਗੰਡ ਹੋ ਗਿਆ। ਸੋਚਣ ਲੱਗਾ, 'ਨਹੀਂ....ਇਹ ਇਕੱਲੀ ਨੀਲਮਾ ਦਾ ਦੁੱਖ ਨਹੀਂ। ਇਕੱਲੇ ਬਲਵੰਤ ਦਾ ਦੁੱਖ ਵੀ ਨਹੀਂ। ਇਹ ਤਾਂ ਮੁਲਕ ਦੇ ਆਮ ਲੋਕਾਂ ਦਾ ਦੁੱਖ ਹੈ। ਇਹ ਤਾਂ ਸਾਰੇ ਮੁਲਕ

ਦਾ ਦੁੱਖ ਹੈ।'

ਅਚਾਨਕ ਉਹ ਆਮ ਨਾਲੋਂ ਉੱਚੀ ਆਵਾਜ਼ 'ਚ ਬੋਲਣ ਲੱਗਾ, "ਨੀਲਮਾ ਤੇਰੇ ਹੌਸਲੇ ਨੂੰ ਸਲਾਮ....ਜੋ ਉਸ ਵਕਤ ਵੀ ਬੁਲੰਦ ਸੀ ਤੇ ਮੈਂ ਵੇਖ ਰਿਹਾਂ ਅੱਜ ਵੀ ਬੁਲੰਦ ਹੈ, ਪਰ ਗੱਲ ਤਾਂ ਇਹ ਹੈ ਕਿ ਕੱਟੜਵਾਦ ਤੇ ਸੌੜੀ ਸੋਚ ਦੀ ਇਹ ਚੱਕੀ ਕਦ ਤੱਕ ਗਿੜਦੀ ਰਹੇਗੀ। ਮਨੁੱਖੀ ਜਿਸਮ ਤੇ ਪਿੰਜਰ ਕਦ ਤੱਕ ਇਸ ਵਿੱਚ ਪਿਸਦੇ ਰਹਿਣਗੇ। ਕਦ ਤੱਕ ਬੇਦੋਸ਼ਿਆਂ ਦਾ ਖ਼ੂਨ ਇੰਝ ਹੀ ਵਹਿੰਦਾ ਰਹੇਗਾ। ਕਿੰਨੀਆਂ ਹੋਰ ਕੁਰਬਾਨੀਆਂ ਭਾਲਦੇ ਨੇ ਏਹ।"

"ਤੁਹਾਡੇ ਵਾਂਗ ਕਿੰਨੀਆਂ ਹੋਰ ਨੀਲਮਾ ਨੂੰ ਅਜਿਹੇ ਕਠਿਨ ਇਮਤਿਹਾਨਾਂ 'ਚੋਂ ਗੁਜ਼ਰਨਾ ਪਵੇਗਾ? ਕਿੰਨੇ ਹੋਰ ਪ੍ਰੋਫੈਸਰ ਰਾਜ ਕੁਮਾਰ ਪੈਦਾ ਕਰਨੇ ਪੈਣਗੇ? ਕਿੰਨੇ ਹੋਰ ਬੱਚੇ-ਬੱਚੀਆਂ ਨੂੰ ਨਫ਼ਰਤ ਦੀ ਇਸ ਅੱਗ ਦਾ ਸੇਕ ਸਹਿੰਦੇ ਰਹਿਣਾ ਪਵੇਗਾ? ਕਦ ਤੱਕ ਅਸੀਂ ਆਪਣੇ ਹੀ ਮੁਲਕ ਵਿੱਚ ਬਿਗਾਨਿਆਂ ਵਾਂਗ ਡਰ ਤੇ ਸਹਿਮ ਦੇ ਸਾਏ ਹੇਠ ਜੀਵਨ ਜਿਉਂਦੇ ਰਹਾਂਗੇ? ਅਸਲ ਸਵਾਲ ਤਾਂ ਇਹ ਹੈ ਕਿ ਇਸ ਹਨ੍ਹੇਰ-ਗਰਦੀ ਨੂੰ ਰੋਕੇਗਾ ਕੌਣ? ਇਹ ਕਦ ਰੁਕੇਗੀ? ਅਮਰੀਕ ਤੇ ਉਸ ਵਰਗੇ ਹੋਰ ਸਮਾਜ ਸੇਵੀ ਯੋਧਿਆਂ ਦੀ ਕੁਰਬਾਨੀ ਕਦ ਰੰਗ ਲੈ ਕੇ ਆਏਗੀ? ਇਹ ਸਰਕਾਰਾਂ ਕਦ ਜਾਗਣਗੀਆਂ? ਜਾਗਣਗੀਆਂ ਵੀ ਕਿ ਨਹੀਂ।"

# ਰੇਗਿਸਤਾਨ ਦੇ ਹੰਝੂ

ਕਈ ਵਾਰ ਪੁਰਾਣੀ ਗੱਲ ਵੀ ਇੰਝ ਲੱਗਣ ਲੱਗ ਪੈਂਦੀ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ। ਮੈਨੂੰ ਕਿਰਾਏ 'ਤੇ ਰਹਿਣ ਲਈ ਜਗ੍ਹਾ ਦੀ ਲੋੜ ਸੀ। ਇੱਕ ਸਾਂਝੇ ਮਿੱਤਰ ਰਾਹੀਂ ਵਿਜੈ ਨਾਲ ਜਾਣ-ਪਹਿਚਾਣ ਹੋਈ ਤੇ ਮੈਂ ਕਿਰਾਏਦਾਰ ਬਣ ਕੇ ਵਿਜੈ ਦੇ ਮਕਾਨ ਵਿੱਚ ਰਹਿਣ ਲੱਗਾ। ਇਕੱਠੇ ਰਹਿੰਦਿਆਂ ਇਹ ਜਾਣ-ਪਹਿਚਾਣ ਵਧਦੀ ਗਈ ਤੇ ਗੂੜ੍ਹੀ ਮਿੱਤਰਤਾ ਵਿੱਚ ਬਦਲ ਗਈ।

ਵਿਜੈ ਨਰਮ ਦਿਲ ਨੇਕ ਇਨਸਾਨ ਸੀ। ਸਮਝਦਾਰ, ਸਿਆਣਾ ਤੇ ਦੁੱਖ-ਸੁੱਖ 'ਚ ਕੰਮ ਆਉਣ ਵਾਲਾ। ਉਸ ਨਾਲ ਰਹਿਣਾ ਮੈਨੂੰ ਚੰਗਾ ਲੱਗਾ। ਮਾਲਕ-ਮਕਾਨ ਵਾਲੀ ਉਸ ਅੰਦਰ ਕੋਈ ਟੈਂਅ ਨਹੀਂ ਸੀ। ਅਸੀਂ ਜਲਦੀ ਹੀ ਘੁਲ-ਮਿਲ ਗਏ। ਖੁੱਲ੍ਹ ਕੇ ਗੱਲਾਂ-ਬਾਤਾਂ ਕਰਨ ਲੱਗੇ। ਜਦ ਵੀ ਦੋਵਾਂ ਨੂੰ ਵਿਹਲ ਹੁੰਦੀ, ਸ਼ਾਮ ਨੂੰ ਇਕੱਠੇ ਬੈਠ ਗੱਲਾਂ ਕਰਦੇ ਰਹਿੰਦੇ। ਹੌਲੀ-ਹੌਲੀ ਪੈੱਗ ਵੀ ਲਾਉਣ ਲੱਗ ਪਏ। ਪੈੱਗ ਦੀ ਸਾਂਝ ਬਣਨ ਤੋਂ ਬਾਅਦ ਗੱਲਾਂ ਦਾ ਘੇਰਾ ਹੋਰ ਵਧਦਾ ਗਿਆ।

ਕਦੇ-ਕਦੇ ਉਹ ਦੋ-ਤਿੰਨ ਪੈੱਗ ਲਾਉਣ ਤੋਂ ਬਾਅਦ, ਸਤਿਬੀਰ ਤੇ ਕੁਲਜੀਤ ਦੀਆਂ ਗੱਲਾਂ ਕਰਨ ਲੱਗਦਾ। ਇੱਕ ਦਿਨ ਪੂਰੇ ਸਰੂਰ 'ਚ ਆ ਕੇ ਉਸ ਕਿਹਾ, "ਇੰਦਰ, ਤੇਰੇ ਤੇ ਸਤਿਬੀਰ 'ਚ ਕੋਈ ਫ਼ਰਕ ਨੀ ਲੱਗਦਾ। ਭਰਜਾਈ ਵੀ ਬਿਲਕੁਲ ਕੁਲਜੀਤ ਵਰਗੀ ਐ। ਕਦੇ-ਕਦੇ ਤੁਸੀਂ ਦੋਵੇਂ ਮੈਨੂੰ ਸਤਿਬੀਰ ਤੇ ਕੁਲਜੀਤ ਦੇ ਡੁਪਲੀਕੇਟ ਲੱਗਣ ਲੱਗ ਪੈਂਦੇ ਹੋ।" ਉਹ ਮਨ ਦੀ ਕਿਸੇ ਡੂੰਘ ਵਿੱਚ ਉੱਤਰ ਗਿਆ ਲੱਗਾ।

'ਭਰਜਾਈ ਵੀ ਬਿਲਕੁਲ ਕੁਲਜੀਤ ਵਰਗੀ ਐ' ਗੱਲ ਮਨ ਨੂੰ ਕੁੱਝ ਚੁਭੀ। 'ਵਿਜੈ ਇਹ ਕੀ ਗੱਲਾਂ ਕਰਨ ਲੱਗ ਪਿਆ।' ਫਿਰ ਸੋਚਿਆ, 'ਛੱਡੋ ਪਰੇ। ਵਿਜੈ ਦਾ ਕੋਈ ਜਾਣ-ਪਹਿਚਾਣ ਵਾਲਾ ਪਰਿਵਾਰ ਹੋਣੈ। ਜਿਨ੍ਹਾਂ ਨਾਲ ਜ਼ਿਆਦਾ ਨੇੜਤਾ ਹੁੰਦੀ ਹੈ, ਆਪਾਂ ਕਿਸੇ ਬਹਾਨੇ ਯਾਦ ਕਰ ਹੀ ਲੈਂਦੇ ਹਾਂ।' ਤੇ ਅੱਗੇ ਮੈਂ ਗੱਲ ਦੀ ਬਹੁਤੀ ਗੌਰ ਨਾ ਕੀਤੀ।

ਇੱਕ ਦਿਨ ਫਿਰ ਉਹ ਸਤਿਬੀਰ ਤੇ ਕੁਲਜੀਤ ਦੀਆਂ ਗੱਲਾਂ ਕਰਨ ਲੱਗਾ। ਗੱਲਾਂ ਕਰਦਾ ਬਹੁਤਾ ਹੀ ਭਾਵੁਕ ਹੋ ਗਿਆ। ਮੈਂ ਮਹਿਸੂਸ ਕੀਤਾ, ਕੁਲਜੀਤ ਬਾਰੇ ਸੋਚ ਕੇ ਉਸਦਾ ਮਨ ਬਹੁਤ ਹੀ ਦੁਖੀ ਤੇ ਉਦਾਸ ਸੀ। ਪਤਾ

ਨੀ ਨਸ਼ੇ ਦਾ ਲੋਰ ਸੀ ਕਿ ਮਨ ਦਾ ਵੈਰਾਗ, ਉਹ ਇੰਝ ਬੋਲ ਰਿਹਾ ਸੀ, ਜਿਵੇਂ ਹਵਾ ਨਾਲ ਗੱਲਾਂ ਕਰ ਰਿਹਾ ਹੋਵੇ।

"ਕੁਲਜੀਤ ਜਿਸ ਦਿਨ ਏਥੋਂ ਗਈ, ਬੜੀ ਉਦਾਸ ਸੀ। ਬੜੇ ਦੁਖੀ ਮਨ ਨਾਲ ਗਈ। ਗਈ ਕੀ, ਮੈਂ ਹੀ ਨੀ ਰੋਕਿਆ, ਉਹ ਤਾਂ ਸ਼ਾਇਦ ਰੁਕ ਜਾਂਦੀ। ਕਿੰਨਾ ਬੁਜ਼ਦਿਲ ਨਿਕਲਿਆ ਮੈਂ ਪਰ ਰੋਕਦਾ ਵੀ ਕਿਵੇਂ, ਕੀ ਰਿਸ਼ਤਾ ਸੀ। ਕਿਹੜੇ ਰਿਸ਼ਤੇ ਦੇ ਦਮ ਰੋਕਦਾ....। ਰਿਸ਼ਤਾ ਵੀ ਕੋਈ ਨਹੀਂ, ਮਨ 'ਚੋਂ ਵੀ ਨੀ ਜਾਂਦੀ। ਯਾਦ ਵੀ ਬਹੁਤ ਆਉਂਦੀ ਹੈ, ਵਾਰ-ਵਾਰ ਆਉਂਦੀ ਹੈ। ਕਾਸ਼ ਇਸ ਰਿਸ਼ਤੇ ਦਾ ਕੋਈ ਨਾਂ ਹੁੰਦਾ। ਮੈਂ ਹੀ ਕੋਈ ਨਾਂ ਦੇ ਲੈਂਦਾ। ਪਤਾ ਨੀ ਹੁਣ ਕਿੱਥੇ ਹੋਵੇਗੀ। ਕਿਸ ਹਾਲ 'ਚ ਹੋਵੇਗੀ। ਕਿਵੇਂ ਦਿਨ ਕੱਟ ਰਹੀ ਹੋਵੇਗੀ। ਉਸ 'ਤੇ ਕੀ ਬੀਤ ਰਹੀ ਹੋਵੇਗੀ।" ਉਹ ਬੜਾ ਕੁੱਝ ਬੋਲੀ ਜਾ ਰਿਹਾ ਸੀ।

ਮੈਂ ਹੈਰਾਨ, ਨਾਲੇ ਵਿਜੈ ਦੇ ਮੂੰਹ ਵੱਲ ਦੇਖੀ ਜਾਵਾਂ ਤੇ ਨਾਲੇ ਉਸ ਦੀਆਂ ਗੱਲਾਂ ਸੁਣੀ ਜਾਵਾਂ। 'ਹੈਂਅ! ਇਹ ਕੁਲਜੀਤ ਨੂੰ ਐਨੀ ਸ਼ਿੱਦਤ ਨਾਲ ਕਿਉਂ ਯਾਦ ਕਰ ਰਿਹੈ। ਕੌਣ ਹੈ ਕੁਲਜੀਤ, ਕੌਣ ਹੈ ਸਤਿਬੀਰ ਤੇ ਕੁਲਜੀਤ?' ਮੈਨੂੰ ਲੱਗਿਆ, ਜ਼ਰੂਰ ਕੋਈ ਗੱਲ ਹੈ ਪਰ ਉਸ ਵਕਤ ਮੈਂ ਪੁੱਛਣ ਦੀ ਹਿੰਮਤ ਨਾ ਕਰ ਸਕਿਆ। ਗੱਲ ਮੇਰੇ ਮਨ 'ਚ ਹੀ ਅਟਕੀ ਰਹਿ ਗਈ।

ਇੱਕ ਦਿਨ ਫੇਰ ਬੈਠੇ ਪੈੱਗ ਸਾਂਝਾ ਕਰ ਰਹੇ ਸੀ। ਅੱਜ ਵਿਜੈ ਪੂਰਾ ਖ਼ੁਸ਼ ਵੀ ਸੀ। ਗੱਲਾਂ-ਗੱਲਾਂ 'ਚ ਮੈਂ ਵਿਜੈ ਨੂੰ ਪੁੱਛ ਹੀ ਲਿਆ, "ਵੀਰ ਜਿਸ ਪਰਿਵਾਰ ਦੀਆਂ ਕਈ ਵਾਰ ਤੁਸੀਂ ਗੱਲਾਂ ਕਰਦੇ ਰਹਿੰਦੇ ਹੋ, ਉਨ੍ਹਾਂ ਬਾਰੇ ਮੈਨੂੰ ਵੀ ਕੋਈ ਜਾਣਕਾਰੀ ਤਾਂ ਮਿਲੇ। ਗੱਲਾਂ ਕਰਦੇ-ਕਰਦੇ ਤੁਸੀਂ ਭਾਵੁਕ ਵੀ ਹੋ ਜਾਂਦੇ ਹੋ। ਸਾਰੀਆਂ ਗੱਲਾਂ ਮੇਰੇ ਤਾਂ ਸਿਰ ਉੱਪਰ ਦੀ ਹੀ ਲੰਘ ਜਾਂਦੀਆਂ ਨੇ। ਸਤਿਬੀਰ ਤੇ ਕੁਲਜੀਤ ਕੌਣ ਹਨ, ਬੁਰਾ ਨਾ ਮੰਨੋ ਤਾਂ ਇਸ ਬਾਰੇ ਮੈਨੂੰ ਵੀ ਤਾਂ ਕੁੱਝ ਖੁੱਲ੍ਹ ਕੇ ਦੱਸੋ।"

ਕੁੱਝ ਚਿਰ ਚੁੱਪ ਛਾਈ ਰਹੀ। ਵਿਜੈ ਦੇ ਚਿਹਰੇ ਦੇ ਹਾਵ-ਭਾਵ ਬਦਲਦੇ ਰਹੇ। ਲੱਗਦਾ ਸੀ ਕੁੱਝ ਸੋਚ ਰਿਹਾ ਹੈ। ਫਿਰ ਉਹ ਬੋਲਿਆ, "ਛੱਡ ਇੰਦਰ, ਕੀ ਦੱਸਾਂ, ਹੁਣ ਇਹ ਗੱਲ ਗੱਲ ਨੀ ਰਹੀ। ਇੱਕ ਨਾਸੂਰ ਬਣ ਗਿਆ ਹੈ, ਨਾਸੂਰ। ਬੱਸ ਐਵੇਂ ਕਦੇ-ਕਦੇ ਰਿਸਣ ਲੱਗ ਪੈਂਦੈ। ਅੱਗੇ ਤੋਂ ਨੀ ਇਸ ਬਾਰੇ ਗੱਲ ਕਰਦੇ।" ਉਹ ਕਹਿ ਤਾਂ ਗਿਆ ਪਰ ਐਨਾ ਭਾਵੁਕ ਹੋ ਗਿਆ ਕਿ ਅੱਖਾਂ 'ਚ ਪਾਣੀ ਤੈਰਨ ਲੱਗਾ।

ਦੇਖ ਕੇ ਮੈਂ ਵੀ ਪ੍ਰੇਸ਼ਾਨ, 'ਕਾਹਨੂੰ ਪੁੱਛਣਾ ਸੀ ਯਾਰ' ਪਰ ਮੈਨੂੰ ਇਹ ਯਕੀਨ ਪੱਕਾ ਹੋ ਗਿਆ ਕਿ ਮਸਲਾ ਕੋਈ ਗੰਭੀਰ ਹੈ, ਅੱਗੇ ਵਧਾਂ ਕਿ ਨਾ। ਮੈਂ ਵਿਜੈ ਦੀ ਬਹੁਤ ਇੱਜ਼ਤ ਕਰਦਾ ਸੀ। ਕਿਸੇ ਵੀ ਤਰ੍ਹਾਂ ਦੇ ਅਹਮ ਨੂੰ ਕੋਈ ਚੋਟ ਨੀ ਸੀ ਪਹੁੰਚਾਉਣਾ ਚਾਹੁੰਦਾ। ਕੀ ਕਰਾਂ?

ਅਖ਼ੀਰ ਫੈਸਲਾ ਕੀਤਾ, ਜੋ ਵੀ ਹੈ, ਗੱਲ ਵਿਜੈ ਦੇ ਮਨ 'ਚੋਂ ਬਾਹਰ ਲੈ ਆਉਣੀ ਚਾਹੀਦੀ ਹੈ। ਸ਼ਾਇਦ ਉਸਨੂੰ ਵੀ ਸਕੂਨ ਮਿਲੇ। ਮੈਂ ਵਿਜੈ 'ਤੇ ਆਪਣਾ ਹੱਕ ਜਤਾਉਂਦੇ ਹੋਏ ਕਿਹਾ, "ਵੀਰ ਤੇਰੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ ਪਰ ਸਮਝਦਾ ਹਾਂ ਮਨ 'ਤੇ ਬੋਝ ਨਹੀਂ ਰੱਖਣਾ ਚਾਹੀਦਾ। ਕੀ ਗੱਲ ਹੈ ਖੁੱਲ੍ਹ ਕੇ ਦੱਸ, ਸ਼ਾਇਦ ਮੈਂ ਕੋਈ ਮੱਦਦ ਕਰ ਸਕਾਂ।"

ਉਹਨੇ ਕੁੱਝ ਚਿਰ ਸੋਚਿਆ, ਚਿਹਰੇ ਦੀ ਗੰਭੀਰਤਾ ਨੂੰ ਛੰਡਿਆ ਤੇ ਬੋਲਿਆ, "ਠੀਕ ਹੈ ਇੰਦਰ ਲੈ ਸੁਣ। ਸਾਰੀ ਕਹਾਣੀ ਹੀ ਸੁਣ। ਤੂੰ ਮੇਰੀ ਘਰਵਾਲੀ ਕਮਲੇਸ਼ ਨੂੰ ਤਾਂ ਹੁਣ ਚੰਗੀ ਤਰ੍ਹਾਂ ਜਾਣਦਾ ਹੀ ਹੈਂ।" ਐਨਾ ਕਹਿ ਕੇ ਉਹ ਅਚਾਨਕ ਚੁੱਪ ਹੋ ਗਿਆ।

ਮੈਂ ਸੋਚਿਆ, ਲੈ ਬਈ ਹੋ ਗਈ ਉਹੀ ਗੱਲ। ਮੈਨੂੰ ਇਸ ਘਰ ਵਿੱਚ ਜਿਹੜੀ ਇੱਕੋ ਗੱਲ ਪ੍ਰੇਸ਼ਾਨ ਕਰਦੀ ਤੇ ਖਟਕਦੀ ਸੀ, ਉਹ ਸੀ ਕਮਲੇਸ਼ ਦਾ ਸੁਭਾਅ। ਅੰਦਰ ਹੀ ਅੰਦਰ ਮੇਰਾ ਮਨ ਡਰਦਾ ਰਹਿੰਦਾ ਕਿ ਕਿਸੇ ਗੱਲ ਕਰਕੇ ਮੇਰੀ ਮੈਡਮ ਤੇ ਕਮਲੇਸ਼ ਦਾ ਕਿਸੇ ਗੱਲ 'ਤੇ ਪੇਚਾ ਨਾ ਪੈ ਜਾਵੇ। ਵਿਜੈ ਵੀਰ ਨਾਲ ਬਣੇ ਸਬੰਧ ਖ਼ਰਾਬ ਨਾ ਹੋ ਜਾਣ। ਪਹਿਲਾਂ-ਪਹਿਲ ਮੈਂ ਸੋਚਿਆ, ਸ਼ਾਇਦ ਕਮਲੇਸ਼ ਨੂੰ ਕੋਈ ਮਾਨਸਿਕ ਬਿਮਾਰੀ ਹੋ ਸਕਦੀ ਹੈ ਪਰ ਮੈਂ ਇਸ ਵਿਸ਼ੇ 'ਤੇ ਚੁੱਪ ਵੱਟੀ ਰੱਖੀ। ਜਿਸ ਮਿੱਤਰ ਰਾਹੀਂ ਵਿਜੈ ਨਾਲ ਜਾਣ-ਪਹਿਚਾਣ ਹੋਈ, ਉਹ ਵੀ ਅਜਿਹਾ ਸੋਚਦਾ ਸੀ। ਜਦ ਮੈਂ ਕਮਲੇਸ਼ ਬਾਰੇ ਉਸ ਨਾਲ ਗੱਲ ਕੀਤੀ ਸੀ ਤਾਂ ਕਹਿਣ ਲੱਗਾ, "ਇੰਦਰ, ਤੂੰ ਕਮਲੇਸ਼ ਦੇ ਸੁਭਾਅ ਤੋਂ ਕੀ ਲੈਣਾ। ਵਿਜੈ ਤੱਕ ਮਤਲਬ ਰੱਖ। ਵਿਜੈ ਬਾਰੇ ਕੋਈ ਤਕਲੀਫ਼ ਹੈ ਤਾਂ ਦੱਸ। ਬਾਕੀ ਮੈਨੂੰ ਲੱਗਦੈ ਉਹ ਬਿਮਾਰ ਰਹਿੰਦੀ ਹੈ।"

"ਚਲੋ, ਗੱਲ ਆਈ-ਗਈ ਹੋ ਗਈ। ਮੈਂ ਚੁੱਪ ਵੱਟ ਲਈ। ਹੁਣ ਵਿਜੈ ਦਾ ਇਹ ਕਹਿਣਾ, 'ਤੂੰ ਮੇਰੀ ਘਰਵਾਲੀ ਕਮਲੇਸ਼ ਨੂੰ ਤਾਂ ਚੰਗੀ ਤਰ੍ਹਾਂ ਜਾਣਦਾ ਹੀ ਹੈ'। ਸੁਣ ਮੇਰੇ ਅੱਗੇ ਕਈ ਸੁਆਲ ਖੜ੍ਹੇ ਹੋ ਗਏ। ਸੋਚਣ ਲੱਗਾ ਕਮਲੇਸ਼ ਬਾਰੇ ਜੋ ਗੰਢ ਮੇਰੇ ਮਨ ਵਿੱਚ ਬਣੀ ਹੋਈ ਹੈ, ਸ਼ਾਇਦ ਐਸੀ ਕੋਈ ਗੰਢ ਵਿਜੈ ਦੇ ਮਨ ਵਿੱਚ ਵੀ ਹੈ। ਹੁਣ ਕੀ ਕੀਤਾ ਜਾਵੇ। ਫੇਰ ਸੋਚਿਆ ਕਿੰਨਾ ਕੁ ਚਿਰ ਬਚਦੇ ਰਹਾਂਗੇ। ਵਿਜੈ ਨੇ ਗੱਲ ਛੇੜ ਹੀ ਲਈ ਹੈ ਤਾਂ ਕਿਉਂ ਨਾ ਖੋਲ੍ਹ ਹੀ ਲਈ ਜਾਵੇ। ਸੋ ਮੈਂ ਕਿਹਾ, "ਹਾਂ ਵੀਰ ਜਾਣਦਾ ਤਾਂ ਹਾਂ। ਭਾਬੀ ਜੀ ਜ਼ਿਆਦਾ ਚੁੱਪ ਜੇ ਰਹਿੰਦੇ ਨੇ ਪਰ ਇਹ ਸੁਭਾਅ ਪਹਿਲਾਂ ਤੋਂ ਹੈ ਜਾਂ ਸ਼ਾਦੀ ਤੋਂ ਬਾਅਦ ਇਹ ਤਾਂ....?" ਐਨਾ ਕਹਿ ਮੈਂ ਗੱਲ ਵਿੱਚੇ ਹੀ ਅਧੂਰੀ ਛੱਡ ਦਿੱਤੀ।

ਵਿਜੈ ਨੇ ਗੌਰ ਨਾਲ ਮੇਰੇ ਵੱਲ ਦੇਖਿਆ। ਕੁੱਝ ਦੇਰ ਚੁੱਪ ਰਿਹਾ। ਫਿਰ ਉਹ ਖੁੱਲ੍ਹ ਪਿਆ, "ਇੰਦਰ ਗੱਲ ਇਹ ਹੈ, ਮੇਰੇ ਪਿਤਾ ਜੀ ਤੇ ਕਮਲੇਸ਼ ਦੇ ਪਿਤਾ ਜੀ ਗੂੜ੍ਹੇ ਮਿੱਤਰ ਸਨ। ਦੋਵਾਂ ਨੇ ਇਹ ਰਿਸ਼ਤਾ ਉਸ ਵਕਤ ਤੈਅ ਕਰ ਲਿਆ

ਸੀ, ਜਦੋਂ ਅਸੀਂ ਅਜੇ ਬੱਚੇ ਸਾਂ। ਵੱਡਾ ਹੋ ਕੇ ਮੈਂ ਇਸ ਸ਼ਾਦੀ ਲਈ ਤਿਆਰ ਨਹੀਂ ਸੀ। ਮੈਂ ਕਮਲੇਸ਼ ਦੇ ਸੁਭਾਅ ਬਾਰੇ ਸਭ ਜਾਣਦਾ ਸੀ ਪਰ ਪਿਤਾ ਜੀ ਦਾ ਦਬਾਅ ਕਹਿ ਲਵੋ ਜਾਂ ਪਿਤਾ ਜੀ ਦੀ ਜ਼ੁਬਾਨ ਰੱਖਣ ਲਈ, ਮੈਂ ਸ਼ਾਦੀ ਲਈ ਰਾਜ਼ੀ ਹੋ ਗਿਆ। ਸੋਚਿਆ, ਸ਼ਾਇਦ ਸ਼ਾਦੀ ਤੋਂ ਬਾਅਦ ਕਮਲੇਸ਼ ਬਦਲ ਜਾਵੇ।"

ਗੱਲ ਸੁਣ ਕੇ ਮੈਂ ਹੈਰਾਨ, "ਵੀਰ ਤੁਹਾਡੇ ਮਨ ਵਿੱਚ ਜੋ ਕੁੱਝ ਵੀ ਸੀ, ਕੀ ਕਮਲੇਸ਼ ਨੂੰ ਇਸ ਬਾਰੇ ਪਤਾ ਸੀ? ਉਸਦਾ ਸ਼ਾਦੀ ਬਾਰੇ ਕੀ ਨਜ਼ਰੀਆ ਸੀ। ਇਸ ਬਾਰੇ ਖੁੱਲ੍ਹ ਕੇ ਤੁਹਾਡੀ ਕੋਈ ਗੱਲ ਤਾਂ ਹੋਈ ਹੋਵੇਗੀ?"

"ਨਹੀਂ....ਅਸੀਂ ਆਪਸ 'ਚ ਕਦੇ ਗੱਲ ਨਹੀਂ ਸੀ ਕੀਤੀ। ਇਹ ਸਾਡੇ ਪਰਿਵਾਰਾਂ ਦਾ ਫੈਸਲਾ ਸੀ। ਬਾਕੀ ਕਮਲੇਸ਼ ਦੀ ਮਾਂ ਦੇ ਗੁਜ਼ਰ ਜਾਣ ਤੋਂ ਬਾਅਦ ਉਹ ਹੋਰ ਚੁੱਪ-ਚਾਪ ਰਹਿਣ ਲੱਗ ਪਈ। ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਨਹੀਂ ਸੀ ਕਰਦੀ। ਫਿਰ ਸ਼ਾਦੀ ਬਾਰੇ ਤਾਂ ਕਰਨੀ ਹੀ ਕੀ ਸੀ। ਸ਼ਾਦੀ ਹੋ ਗਈ। ਸ਼ਾਦੀ ਤੋਂ ਬਾਅਦ ਮੈਂ ਕਮਲੇਸ਼ ਦੇ ਦਿਲ ਵਿੱਚ ਪਿਆਰ ਦੇ ਰੰਗ ਭਰਨ ਦੀ ਕੋਸ਼ਿਸ਼ ਕੀਤੀ। ਬੜੇ ਚਾਅ ਸੀ ਮਨ ਅੰਦਰ....ਆਹ ਕਰਾਂਗੇ, ਵਾਹ ਕਰਾਂਗੇ, ਇੰਝ ਕਰਾਂਗੇ, ਵਗੈਰਾ-ਵਗੈਰਾ। ਤੈਨੂੰ ਪਤਾ ਹੀ ਹੈ ਕਿ ਜਵਾਨ ਮੁੰਡੇ ਵਿਆਹ ਬਾਰੇ ਕੀ-ਕੀ ਸੁਪਨੇ ਦੇਖਦੇ ਨੇ। ਮੈਂ ਵੀ ਦੇਖਦਾ ਸੀ ਪਰ ਹਰ ਗੱਲ ਬੇ-ਮਾਅਨਾ ਹੀ ਰਹੀ। ਉਸਦਾ ਇੱਕੋ ਜਵਾਬ ਹੁੰਦਾ, 'ਛੱਡੋ ਜੀ, ਮੈਨੂੰ ਇਹ ਸਭ ਚੰਗਾ ਨੀ ਲੱਗਦਾ।' ਫੇਰ ਤਾਂ ਬੱਸ ਸਭ ਕੁੱਝ ਖ਼ੁਸ਼ਕ ਰੁਟੀਨ ਜਿਹਾ ਬਣਿਆ ਰਿਹਾ। ਬੱਚੇ ਪੈਦਾ ਹੋ ਗਏ। ਫੇਰ ਉਹ ਬੱਚਿਆਂ 'ਚ ਰੁੱਝੀ ਰਹਿਣ ਲੱਗੀ, ਹੁਣ ਤਾਂ ਬਹਾਨਾ ਵੀ ਸੀ। ਸੋ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ।"

ਇਹ ਗੱਲਾਂ ਸੁਣ ਮੇਰੀ ਹਮਦਰਦੀ ਵਿਜੈ ਨਾਲ ਹੋਰ ਵਧਣ ਲੱਗੀ, "ਦੇਖੋ ਯਾਰ ਸਭ ਕੁੱਝ ਜਾਣਦੇ ਹੋਏ, ਆਪਣੇ ਪਿਤਾ ਜੀ ਦੀ ਜ਼ੁਬਾਨ ਰੱਖਣ ਲਈ ਐਨਾ ਵੱਡਾ ਸਬਰ ਦਾ ਘੁੱਟ ਭਰ ਲਿਆ।" ਪਰ ਸਤਿਬੀਰ ਤੇ ਕੁਲਜੀਤ ਵਾਲੀ ਗੱਲ ਅਜੇ ਵੀ ਉੱਥੇ ਦੀ ਉੱਥੇ ਖੜ੍ਹੀ ਮਨ 'ਚ ਖਟਕ ਰਹੀ ਸੀ। ਇਨ੍ਹਾਂ ਗੱਲਾਂ ਦਾ ਉਸ ਪਰਿਵਾਰ ਨਾਲ ਕੀ ਸਬੰਧ ਹੋਇਆ। ਮੈਂ ਪੁੱਛਿਆ ਤਾਂ ਕੁਲਜੀਤ ਹੁਰਾਂ ਬਾਰੇ ਸੀ ਪਰ ਵਿਜੈ ਨੇ ਗੱਲ ਕਮਲੇਸ਼ ਵੱਲ ਘੁੰਮਾ ਦਿੱਤੀ, ਗੱਲ ਕਿੱਧਰ ਨੂੰ ਗਈ।

ਮਨ ਦੀ ਬੇਚੈਨੀ ਵਧਦੀ ਜਾ ਰਹੀ ਸੀ। ਮੈਂ ਬਹੁਤਾ ਚਿਰ ਸਬਰ ਨਾ ਕਰ ਸਕਿਆ। ਬੜਾ ਬੇਬਾਕ ਹੋ ਕੇ ਮੈਂ ਕਿਹਾ, "ਵੀਰ ਇਹ ਤਾਂ ਸਭ ਠੀਕ ਹੈ ਪਰ ਮੈਂ ਤਾਂ ਸਤਿਬੀਰ ਤੇ ਕੁਲਜੀਤ ਹੋਰਾਂ ਬਾਰੇ ਪੁੱਛ ਰਿਹਾ ਸੀ।"

"ਹਾਂ! ਕੁਲਜੀਤ।" ਉਹ ਇੰਝ ਬੋਲਿਆ, ਜਿਵੇਂ ਕੁੱਝ ਭੁੱਲਿਆ ਯਾਦ ਆਇਆ ਹੋਵੇ।

"ਲੈ ਸੁਣ ਫੇਰ....ਉਹ ਕਹਾਣੀ ਵੀ ਸੁਣ। ਤੁਹਾਡੇ ਵਾਂਗ ਹੀ ਸਤਿਬੀਰ

ਤੇ ਕੁਲਜੀਤ ਵੀ ਇਸ ਮਕਾਨ ਵਿੱਚ ਕਿਰਾਏ ’ਤੇ ਰਹੇ ਸੀ। ਸਤਿਬੀਰ ਨੇਵੀ ’ਚ ਕੰਮ ਕਰਦਾ ਸੀ, ਇੰਜਨੀਅਰ ਸੀ ਕੋਈ। ਬੜਾ ਜਵਾਨ ਤੇ ਪਿਆਰਾ ਇਨਸਾਨ, ਬਿਲਕੁਲ ਤੇਰੇ ਵਰਗਾ। ਕੁਲਜੀਤ ਉਸਦੇ ਘਰਵਾਲੀ ਸੀ। ਉਹ ਵੀ ਬਹੁਤ ਨੇਕ ਸੁਭਾਅ ਦੀ ਔਰਤ ਸੀ, ਬੜੀ ਸਮਝਦਾਰ ਤੇ ਸਿਆਣੀ। ਸੋਹਣੀ ਵੀ ਬਹੁਤ ਸੀ। ਦੋਵਾਂ ਦੀ ਬੜੀ ਕਮਾਲ ਦੀ ਜੋੜੀ ਸੀ। ਜਿਵੇਂ ਕਹਾਵਤ ਹੈ, ‘ਜੋੜੀਆਂ ਜੱਗ ਥੋੜ੍ਹੀਆਂ, ਸਿਰ ਨਰੜ ਬਥੇਰੇ’। ਦੋਵਾਂ ’ਚ ਪਿਆਰ ਵੀ ਬਹੁਤ ਸੀ। ਫੇਰ ਪਤਾ ਨੀ ਰੱਬ ਨੂੰ ਕੀ ਮਨਜ਼ੂਰ ਸੀ, ਅਚਾਨਕ ਪਰਿਵਾਰ ’ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਕੀ ਹੋਇਆ, ਕਿਵੇਂ ਹੋਇਆ, ਕੋਈ ਪਤਾ ਨੀ। ਦੱਸਿਆ ਇਹੀ ਗਿਆ ਕਿ ਜਹਾਜ਼ ’ਚ ਕੋਈ ਐਕਸੀਡੈਂਟ ਹੋਇਆ ਤੇ ਸਤਿਬੀਰ ਦੀ ਮੌਤ ਹੋ ਗਈ। ਉਹ ਹੋ....ਅ....ਅ। ਉਹਦੀ ਮੌਤ ਦੀ ਖ਼ਬਰ ਕੀ ਆਈ, ਬੱਸ ਕਹਿਰ ਹੀ ਟੁੱਟ ਪਿਆ। ਪੁੱਛ ਨਾ ਇੰਦਰ ਫੇਰ ਤਾਂ ਕੀ ਬੀਤੀ। ਰੱਬ ਕਿਸੇ ਨੂੰ ਐਸਾ ਵਕਤ ਨਾ ਦਿਖਾਵੇ।”

ਵਿਜੈ ਚੁੱਪ ਹੋ ਗਿਆ। ਅੱਖਾਂ ਵਿੱਚ ਪਾਣੀ ਤੈਰਨ ਲੱਗਾ। ਸੁਣ ਕੇ ਮੈਂ ਵੀ ਸੁੰਨ ਹੋ ਗਿਆ, “ਹੈਂਅ! ਜਿਸ ਸਤਿਬੀਰ ਦਾ ਵਿਜੈ ਅਕਸਰ ਜ਼ਿਕਰ ਕਰਦਾ ਰਹਿੰਦਾ ਹੈ, ਉਹ ਮਰ ਚੁੱਕਾ ਹੈ।” ਕਾਫ਼ੀ ਦੇਰ ਤੱਕ ਮੈਂ ਸੁੰਨ ਜਿਹਾ ਬੈਠਾ ਰਿਹਾ।

ਕੁੱਝ ਚਿਰ ਬਾਅਦ ਮੈਂ ਥੋੜ੍ਹਾ ਹੌਸਲਾ ਕੀਤਾ। ਆਪਣਾ ਸੱਜਾ ਹੱਥ ਉਦਾਸ ਬੈਠੇ ਵਿਜੈ ਦੇ ਮੋਢੇ ’ਤੇ ਰੱਖਿਆ। ਵਿਜੈ ਦੀਆਂ ਪਲਕਾਂ ਬੰਦ ਹੋ ਗਈਆਂ। ਰੁਕੇ ਹੋਏ ਹੰਝੂ ਵਹਿ ਤੁਰੇ। ਸਿਰ ਏਧਰ-ਓਧਰ ਹਿੱਲਣ ਲੱਗਾ। ਕੋਈ ਗਹਿਰੀ ਪੀੜ ਉਸਦੇ ਚਿਹਰੇ ’ਤੇ ਸਾਫ਼ ਦਿਖਾਈ ਦੇ ਰਹੀ ਸੀ।

ਕੁੱਝ ਚਿਰ ਚੁੱਪ ਵਰਤੀ ਰਹੀ। ਦੋਵੇਂ ਚੁੱਪ ਬੈਠੇ ਰਹੇ। ਫਿਰ ਸਾਹਮਣੇ ਪਏ ਗਿਲਾਸ ’ਚੋਂ ਵਿਜੈ ਨੇ ਦੋ ਘੁੱਟ ਭਰੇ, ਗਲਾ ਸਾਫ਼ ਕੀਤਾ ਤੇ ਅੱਗੇ ਦੱਸਣ ਲੱਗਾ, “ਮੌਤ ਦੀ ਖ਼ਬਰ ਕੁਲਜੀਤ ’ਤੇ ਕਹਿਰ ਬਣ ਕੇ ਆਈ। ਉਸਨੇ ਰੋ-ਰੋ ਉਹ ਬੁਰਾ ਹਾਲ ਕਰ ਲਿਆ। ਘਰ ’ਚ ਕੁਹਰਾਮ ਮੱਚ ਗਿਆ। ਚੀਕਾਂ ਮਾਰ-ਮਾਰ ਰੋਂਦੀ ਉਹ ਝੱਲੀ ਨਾ ਜਾਂਦੀ। ਉਸਦੇ ਸਾਹਮਣੇ ਹੁੰਦਾ ਤਾਂ ਉਹ ਹੋਰ ਧਾਹਾਂ ਮਾਰਨ ਲੱਗ ਜਾਂਦੀ। ‘ਹਾਏ ਭਾਅ ਜੀ ਤੁਹਾਡਾ ਦੋਸਤ ਮੈਨੂੰ ’ਕੱਲੀ ਨੂੰ ਛੱਡ ਗਿਆ....ਮੈਂ ਕੀਹਦੇ ਆਸਰੇ ਜੀਵਾਂਗੀ....ਕਿਵੇਂ ਜੀਵਾਂਗੀ.....ਹਾੜ੍ਹਾ ਉਸਨੂੰ ਲੱਭ ਲਿਆਓ....ਹਾੜ੍ਹਾ ਓਨ੍ਹਾਂ ਨੂੰ ਮੋੜ ਕੇ ਲਿਆਓ....ਹਾਇ ਮੈਂ ਸਤਿਬੀਰ ਬਿਨਾਂ ਨਹੀਂ ਜੀ ਸਕਦੀ।’....ਉਹ ਬਹੁਤ ਕੁੱਝ ਬੋਲਦੀ ਜਾਂਦੀ। ਰੋਈ ਜਾਂਦੀ, ਬੋਲਦੀ ਜਾਂਦੀ। ਉਸਦੇ ਦਰਦ ਭਰੇ ਬੋਲ ਸੁਣ-ਸੁਣ ਮੇਰਾ ਵੀ ਰੋਣ ਨਿਕਲ ਜਾਂਦਾ।”

“ਜਦੋਂ ਇਹ ਮਾੜੀ ਖ਼ਬਰ ਮਿਲੀ, ਉਸ ਵਕਤ ਘਰ ਵਿੱਚ ਮੈਂ ਸਾਂ, ਕਮਲੇਸ਼ ਸੀ ਤੇ ਸਾਡੇ ਬੱਚੇ ਸਨ। ਓਧਰ ਕੁਲਜੀਤ ਸੀ ਤੇ ਉਸਦਾ ਬੱਚਾ ਸੀ।

ਬੱਚੇ ਤਾਂ ਛੋਟੇ ਸਨ, ਕਮਲੇਸ਼ ਜੀਹਨੇ ਇਸ ਹਾਲਤ 'ਚ ਕੁਲਜੀਤ ਨੂੰ ਦਿਲਾਸਾ ਦੇਣਾ ਸੀ, ਸਾਂਭਣਾ ਸੀ, ਉਹ ਉੱਕਾ ਹੀ ਚੁੱਪ ਹੋ ਗਈ। ਕੁਲਜੀਤ ਕੋਲ ਬੈਠੇ, ਕੋਈ ਗੱਲ ਕਰੇ, ਉਸਨੂੰ ਚੁੱਪ ਕਰਾਵੇ, ਦਿਲਾਸਾ ਦੇਵੇ...ਕੁੱਝ ਵੀ ਨਹੀਂ। ਦੂਰ-ਦੂਰ ਫਿਰਦੀ ਰਹਿੰਦੀ। ਬੜਾ ਅਜੀਬ ਲੱਗਦਾ...ਕੈਸੀ ਔਰਤ ਹੈ? ਔਰਤ ਹੋ ਕੇ ਵੀ ਦੂਸਰੀ ਔਰਤ ਦੇ ਦੁੱਖ ਨੂੰ ਨਹੀਂ ਸਮਝਦੀ? ਫਿਰ ਦੁੱਖ ਵੀ ਕੋਈ ਛੋਟਾ ਨਹੀਂ ਸੀ। ਪਹਾੜ ਜਿੱਡਾ ਦੁੱਖ ਸੀ। ਭਾਵੇਂ ਮੈਂ ਕਮਲੇਸ਼ ਦੇ ਸੁਭਾਅ ਨੂੰ ਜਾਣਦਾ ਸੀ, ਫਿਰ ਵੀ ਚਾਹੁੰਦਾ ਸੀ ਕਿ ਇਸ ਦੁੱਖ ਦੀ ਘੜੀ 'ਚ ਉਹ ਕੁੱਝ ਹਮਦਰਦੀ ਜ਼ਰੂਰ ਦਿਖਾਵੇ...ਪਰ ਨਾ।"

"ਹਮਦਰਦੀ ਵਜੋਂ ਜਦੋਂ ਮੈਂ ਕੁਲਜੀਤ ਕੋਲ ਜਾ ਬੈਠਦਾ, ਕਮਲੇਸ਼ ਨੂੰ ਇਹ ਵੀ ਬੁਰਾ ਲੱਗਦਾ। ਬੜਾ ਹੈਰਾਨ ਤੇ ਪ੍ਰੇਸ਼ਾਨ। ਮਨ ਹੀ ਮਨ ਸੋਚਦਾ, 'ਜਲਦੀ ਕੁਲਜੀਤ ਦਾ ਪਰਿਵਾਰ ਆ ਜਾਵੇ ਤੇ ਇਸਨੂੰ ਸੰਭਾਲੇ।' ਘਰ ਵਿੱਚ ਬੜਾ ਅਜੀਬ ਮਾਹੌਲ ਸੀ। ਉਸਦਾ ਬੱਚਾ ਐਨਾ ਛੋਟਾ ਸੀ ਕਿ ਉਸਨੂੰ ਪਤਾ ਹੀ ਨਹੀਂ ਸੀ, ਇਹ ਸਭ ਕੀ ਹੋ ਰਿਹਾ ਹੈ। ਪਹਿਲਾਂ ਉਹ ਮੇਰੇ ਬੱਚਿਆਂ ਨਾਲ ਖੇਡ ਲੈਂਦਾ ਸੀ। ਹੁਣ ਉਹ ਗੁੰਮ-ਸੁੰਮ ਹੋਇਆ ਮੰਮੀ ਕੋਲ ਹੀ ਬੈਠਾ ਰਹਿੰਦਾ। ਕਹਿਣ 'ਤੇ ਵੀ ਮੇਰੇ ਬੱਚਿਆਂ ਕੋਲ ਨਾ ਜਾਂਦਾ। ਮੈਨੂੰ ਬੜਾ ਤਰਸ ਆਉਂਦਾ। ਬੜਾ ਮੋਹ ਆਉਂਦਾ। ਮੈਂ ਉਸ ਨੂੰ ਗੋਦ ਵਿੱਚ ਬਿਠਾ ਲੈਂਦਾ ਤੇ ਆਪਣੀ ਛਾਤੀ ਨਾਲ ਘੁੱਟ ਲੈਂਦਾ। ਉਸ ਨਾਲ ਪਿਆਰ ਕਰਦਾ। ਕੋਈ ਗੱਲ ਕਰਨ ਦੀ ਕੋਸ਼ਿਸ਼ ਕਰਦਾ।"

ਕਮਲੇਸ਼ ਦਾ ਵਿਵਹਾਰ ਵੇਖ ਮੈਨੂੰ ਖਿਝ ਉਠਦੀ। ਜੀਅ ਕਰਦਾ ਚੀਕ-ਚੀਕ ਕੇ ਕਮਲੇਸ਼ ਨੂੰ ਪੁੱਛਾਂ, 'ਤੂੰ ਔਰਤ ਹੈਂ ਜਾਂ ਡਾਇਣ?' ਮਨ ਹੀ ਮਨ ਬੜਾ ਤੜਫ਼ਦਾ ਤੇ ਕਮਲੇਸ਼ ਨੂੰ ਬੁਰਾ-ਭਲਾ ਬੋਲਦਾ ਪਰ ਅਸਲ 'ਚ ਮੈਂ ਚੁੱਪ-ਚਾਪ ਬੈਠਾ ਹੁੰਦਾ। ਉੱਚੀ ਬੋਲ ਕੇ ਕੁੱਝ ਕਹਾਂ...ਮੇਰੀ ਹਿੰਮਤ ਨਹੀਂ ਸੀ ਪੈਂਦੀ। ਆਪਣੇ ਆਪ 'ਤੇ ਖਿਝ ਆਉਣ ਲੱਗ ਪਈ। ਇਸ ਸਾਰੇ ਵਰਤਾਰੇ ਦੌਰਾਨ ਕੁਲਜੀਤ ਪ੍ਰਤੀ ਮੇਰੀ ਹਮਦਰਦੀ ਵਧਦੀ-ਵਧਦੀ ਬੱਸ ਵਧਦੀ ਹੀ ਗਈ।

ਕੁੱਝ ਦਿਨਾਂ ਬਾਅਦ ਉਸਦੀ ਮਾਂ ਤੇ ਭਰਾ ਉਸਨੂੰ ਲੈਣ ਆ ਗਏ ਤੇ ਮੈਂ ਸ਼ੁਕਰ ਮਨਾਇਆ। ਮੈਂ ਵੀ ਚਾਹੁੰਦਾ ਸੀ ਉਹ ਪੰਜਾਬ ਆਪਣੇ ਪਰਿਵਾਰ ਵਿੱਚ ਚਲੀ ਜਾਵੇ। ਆਪਣਿਆਂ ਵਿੱਚ ਬੈਠ, ਗੱਲਾਂ ਕਰਕੇ ਮਨ ਹੌਲ਼ਾ ਕਰ ਸਕੇ। ਐਸੀ ਹਾਲਤ ਵਿੱਚ ਉਸਦਾ ਆਪਣੇ ਪਰਿਵਾਰ ਦੇ ਜੀਆਂ 'ਚ ਹੋਣਾ ਬਹੁਤ ਜ਼ਰੂਰੀ ਸੀ। ਬੱਚੇ ਨੂੰ ਸਕੂਲ ਤੋਂ ਪੰਦਰਾਂ ਦਿਨ ਦੀਆਂ ਛੁੱਟੀਆਂ ਲੈ ਮੈਂ ਉਨ੍ਹਾਂ ਨੂੰ ਪੰਜਾਬ ਲਈ ਗੱਡੀ ਚੜ੍ਹਾ ਦਿੱਤਾ।

ਕੁਲਜੀਤ ਹੁਰਾਂ ਦੇ ਜਾਣ 'ਤੇ ਮੈਂ ਸੁੱਖ ਦਾ ਸਾਹ ਲਿਆ, 'ਚਲੋ ਹੁਣ ਮਨ ਨੂੰ ਸ਼ਾਂਤੀ ਮਿਲੇਗੀ' ਪਰ ਕਿੱਥੇ, ਉਸੇ ਰਾਤ ਉਨ੍ਹਾਂ ਦੀਆਂ ਯਾਦਾਂ ਫੇਰ ਘੇਰ

ਕੇ ਬੈਠ ਗਈਆਂ। ਸੋਚੀ ਜਾਵਾਂ, ਸੋਚੀ ਜਾਵਾਂ....'ਕਿੰਨਾ ਖੁੱਲ੍ਹਾ ਤੇ ਹਸਮੁੱਖ ਸੁਭਾਅ ਸੀ ਦੋਵਾਂ ਦਾ। ਕੁਲਜੀਤ ਹਰ ਵਕਤ ਹੱਸਦੀ ਦੀ ਹੱਸਦੀ। ਗੱਲਾਂ ਕਰਦੀ, ਜਿਵੇਂ ਮੂੰਹ 'ਚੋਂ ਮੋਤੀ ਕਿਰਦੇ ਹੋਣ। ਮੁਸਕਰਾਹਟ ਵਿੱਚ ਐਸਾ ਜਾਦੂ ਕਿ ਗੰਭੀਰ ਤੋਂ ਗੰਭੀਰ ਮਾਹੌਲ ਨੂੰ ਵੀ ਖ਼ੁਸ਼ਗਵਾਰ ਬਣਾ ਦਿੰਦੀ। ਆਉਂਦੀ ਹੀ ਇਸ ਤਰ੍ਹਾਂ ਘੁਲ-ਮਿਲ ਗਈ, ਜਿਵੇਂ ਚਿਰਾਂ ਤੋਂ ਸਭ ਨੂੰ ਜਾਣਦੀ ਹੋਵੇ। ਪਹਿਲੀ ਵਾਰ ਇਹ ਘਰ ਪਿਆਰਾ ਲੱਗਣ ਲੱਗਾ ਸੀ। ਨਫ਼ਰਤ ਭਰੇ ਰੁੱਖੇ-ਰੁੱਖੇ ਬੋਲ ਸੁਣ-ਸੁਣ ਕੇ, ਬੇ-ਜਾਨ ਹੋਈਆਂ ਪਈਆਂ ਕੰਧਾਂ ਉੱਪਰ ਵੀ ਰੌਣਕ ਤੇ ਚਮਕ ਆ ਗਈ ਸੀ। ਕੁਲਜੀਤ ਤੇ ਸਤਿਬੀਰ ਤਾਂ ਬਣੇ ਹੀ ਇੱਕ-ਦੂਜੇ ਲਈ ਸੀ। ਹੁਣ 'ਕੱਲੀ ਕੁਲਜੀਤ ਜ਼ਿੰਦਗੀ ਦਾ ਇਹ ਸਫ਼ਰ ਕਿਵੇਂ ਤੈਅ ਕਰੇਗੀ। ਕਿਸ ਸਹਾਰੇ ਤੈਅ ਕਰੇਗੀ....?' ਤੇ ਮੇਰਾ ਗੱਚ ਭਰ ਆਉਂਦਾ।"

"ਇੰਦਰ, ਸੱਚ ਕਹਾਂ, ਸ਼ੁਰੂ 'ਚ ਇਨ੍ਹਾਂ ਦਾ ਪਿਆਰ ਦੇਖ ਮੈਨੂੰ ਇਸ ਜੋੜੀ 'ਤੇ ਰਸ਼ਕ ਵੀ ਹੋਈ, 'ਰੱਬਾ ਮੇਰੇ ਨਾਲ ਤੂੰ ਅਜਿਹਾ ਕਿਉਂ ਕੀਤਾ, ਇਸ ਵਿਜੈ ਨੇ ਤੇਰਾ ਕੀ ਮਾੜਾ ਕੀਤਾ ਸੀ। ਕੀ ਵਿਗਾੜਿਆ ਸੀ। ਸਾਡੀ ਆਹ ਕੀ ਜੋੜੀ ਬਣਾ ਧਰੀ। ਇਹ ਕੀ ਇਨਸਾਫ਼ ਐ ਤੇਰਾ। ਇਹ ਤਾਂ ਸਰਾਸਰ ਬੇਇਨਸਾਫ਼ੀ ਹੈ।'....ਬੜਾ ਗੁੱਸਾ ਆਇਆ ਰੱਬ 'ਤੇ। ਫੇਰ ਆਪ ਹੀ ਸੋਚਿਆ, 'ਓ ਕੰਜਰ ਮਨਾਂ, ਕੀ ਪੁੱਠੀਆਂ-ਸਿੱਧੀਆਂ ਗੱਲਾਂ ਸੋਚੀ ਜਾਨੈਂ।' ਆਪ ਨੂੰ ਲਾਅਨਤ ਪਾਈ ਪਰ ਇਹ ਹਉਕਾ ਫਿਰ ਵੀ ਨਾ ਰੋਕ ਸਕਿਆ, 'ਕਾਸ਼! ਰੱਬ ਮੈਨੂੰ ਵੀ ਕੋਈ ਕੁਲਜੀਤ ਵਰਗੀ ਔਰਤ ਦੇ ਦਿੰਦਾ'।"

ਪਤਾ ਹੀ ਨਾ ਲੱਗਾ ਕਿ ਦਿਨ ਕਿਵੇਂ ਲੰਘ ਗਏ। ਮਹੀਨੇ ਬਾਅਦ ਕੁਲਜੀਤ ਪੰਜਾਬ ਤੋਂ ਵਾਪਸ ਆ ਗਈ। ਮੈਨੂੰ ਖ਼ੁਸ਼ੀ ਹੋਈ ਤੇ ਹੈਰਾਨੀ ਵੀ। ਹੈਰਾਨੀ ਕਿ ਉਹ ਇਕੱਲੀ ਵਾਪਿਸ ਆਈ ਸੀ। 'ਹੈਂਅ! ਇਹ ਇਕੱਲੀ ਕਿਉਂ? ਇਸ ਵਾਰ ਕੋਈ ਨਾਲ ਕਿਉਂ ਨੀ ਆਇਆ। ਕੋਈ ਭਰਾ, ਦਿਉਰ, ਜੇਠ, ਕੋਈ ਹੋਰ, ਕੋਈ ਵੀ ਨਾਲ ਨੀ ਆਇਆ। ਸ਼ੱਕ ਹੋਇਆ ਜ਼ਰੂਰ ਕੋਈ ਗੱਲ ਹੈ ਪਰ ਮੈਂ ਪੁੱਛਣਾ ਠੀਕ ਨਾ ਸਮਝਿਆ। ਕੀ ਪੁੱਛਦਾ, ਕਿਵੇਂ ਪੁੱਛਦਾ। ਖ਼ੈਰ, ਜੋ ਵੀ ਸੀ, ਮੈਨੂੰ ਇਸ ਗੱਲ ਦੀ ਤਸੱਲੀ ਸੀ ਕਿ ਕੁਲਜੀਤ ਵਾਪਸ ਆ ਗਈ। ਘਰ ਆ ਕੇ ਉਹ ਕਮਲੇਸ਼ ਨੂੰ ਮਿਲੀ ਤੇ ਗੱਲਾਂ ਕਰਨ ਲੱਗੀ। ਕਮਲੇਸ਼ ਥੋੜ੍ਹਾ ਹਾਂ-ਹੂੰ ਕਰਦੀ ਰਹੀ ਪਰ ਘਰ-ਪਰਿਵਾਰ ਜਾਂ ਸਤਿਬੀਰ ਬਾਰੇ, ਕੁਲਜੀਤ ਨਾਲ ਕੋਈ ਗੱਲ ਨਾ ਕੀਤੀ, ਨਾ ਪੁੱਛੀ। ਕੁਲਜੀਤ ਇਕੱਲੀ ਕਿੰਨਾ ਕੁ ਚਿਰ ਬੋਲਦੀ। ਕੁੱਝ ਚਿਰ ਬਾਅਦ ਉਹ ਵੀ ਚੁੱਪ ਕਰਕੇ ਆਪਣੇ ਕਮਰੇ ਵਿੱਚ ਚਲੀ ਗਈ। ਉਸ ਵਕਤ ਮੈਂ ਵੀ ਐਨਾ ਪੁੱਛ 'ਹੋਰ ਘਰ ਤਾਂ ਸਭ ਠੀਕ ਹੈ?' ਚੁੱਪ ਕਰ ਗਿਆ।

ਕਈ ਸ਼ੱਕ ਮਨ 'ਚ ਪੈਦਾ ਹੋਏ, 'ਹੋ ਸਕਦੈ ਸਹੁਰੇ ਘਰ ਪਹੁੰਚਣ 'ਤੇ ਉਨ੍ਹਾਂ ਸਤਿਬੀਰ ਦੀ ਮੌਤ ਲਈ ਕੁਲਜੀਤ ਨੂੰ ਹੀ ਜ਼ਿੰਮੇਵਾਰ ਠਹਿਰਾ ਦਿੱਤਾ ਹੋਵੇ।

ਹੋ ਸਕਦੈ, ਮੁਆਵਜ਼ੇ ਵਜੋਂ ਮਿਲਣ ਵਾਲੀ ਰਕਮ ਬਾਰੇ ਘਰ 'ਚ ਗੱਲਬਾਤ ਹੋਈ ਹੋਵੇ ਤੇ ਰੌਲਾ ਪਿਆ ਹੋਵੇ। ਹੋ ਸਕਦੈ ਭਰਾ-ਭਰਜਾਈ 'ਚ ਕੁਲਜੀਤ ਬਾਰੇ ਕੋਈ ਗੱਲ ਹੋਈ ਹੋਵੇ। ਹੋਰ ਵੀ ਕੋਈ ਗੱਲ ਹੋ ਸਕਦੀ ਹੈ, ਜਿਸ ਕਰਕੇ ਕੋਈ ਕਲੇਸ਼ ਹੋਇਆ ਹੋਵੇ। ਇਸੇ ਲਈ ਇਕੱਲੀ ਆ ਗਈ, ਨਹੀਂ ਤਾਂ ਜ਼ਰੂਰ ਕੋਈ ਨਾਲ ਆਉਂਦਾ।'

"ਇੰਦਰ ਤੈਨੂੰ ਪਤੈ ਪੰਜਾਬ 'ਚ ਅਜਿਹੇ ਕਲੇਸ਼ ਆਮ ਨੇ। ਫੌਜ ਜਾਂ ਹੋਰ ਕਿਧਰੇ ਵੀ ਮੌਤ ਹੋ ਜਾਵੇ, ਵਿਧਵਾ ਔਰਤ ਦੇ ਤਾਂ ਉਸ ਟਾਇਮ ਹੋਸ਼ ਉੱਡੇ ਪਏ ਹੁੰਦੇ ਨੇ। ਸਹੁਰਾ ਤੇ ਪੇਕਾ ਪਰਿਵਾਰਾਂ ਨੂੰ ਵੱਧ ਫ਼ਿਕਰ ਮੁਆਵਜ਼ੇ ਦੇ ਪੈਸੇ ਵੰਡਣ ਦਾ ਹੋ ਜਾਂਦੈ। ਇਹ ਤਾਂ ਸਾਡੀ ਮਾਨਸਿਕਤਾ ਬਣ ਚੁੱਕੀ ਹੈ। ਅੱਜ ਪੈਸਾ ਵੱਡੀ ਚੀਜ਼ ਬਣ ਗਈ ਹੈ, ਬਾਕੀ ਸਭ ਰਿਸ਼ਤੇ ਬਾਅਦ 'ਚ। ਕੀ ਅਮੀਰ, ਕੀ ਗਰੀਬ, ਪੈਸਾ ਹਰ ਮਨ 'ਤੇ ਭਾਰੂ ਹੈ। ਦੁਖੀ ਔਰਤ ਦੇ ਮਨ ਦੀ ਪੀੜ ਨੂੰ ਕੌਣ ਸਮਝੇ। ਕਿਸ ਨੂੰ ਪ੍ਰਵਾਹ। ਮੁਆਵਜ਼ੇ 'ਚ ਮਿਲਣ ਵਾਲੇ ਲੱਖਾਂ ਦੇ ਨੋਟਾਂ ਦੀਆਂ ਗੁੱਟੀਆਂ, ਦਿਮਾਗ ਚੱਕ ਦਿੰਦੀਆਂ ਨੇ। ਮਾਂ-ਬਾਪ ਦਾ ਦਿਲ ਧੀ ਲਈ ਜ਼ਰੂਰ ਕਲਪਦੈ।

ਕਾਫ਼ੀ ਦੇਰ ਚੁੱਪ ਰਹਿਣ ਤੋਂ ਬਾਅਦ ਕੁਲਜੀਤ ਨੇ ਮੇਰੀ ਗੱਲ ਦਾ ਜਵਾਬ ਦਿੱਤਾ, "ਹਾਂ, ਸਭ ਠੀਕ ਨੇ ਵੀਰ ਜੀ। ਹੁਣ ਤਾਂ ਮੈਂ ਆਪਣਾ ਸਮਾਨ ਲੈਣ ਆਈ ਹਾਂ। ਹੋਰ ਤਾਂ ਸਭ ਕੁੱਝ ਲੁੱਟ-ਪੁੱਟ ਗਿਆ। ਸੋਚਿਆ ਸਮਾਨ ਤਾਂ ਲੈ ਆਵਾਂ। ਹਰ ਚੀਜ਼ ਨਾਲ ਉਨ੍ਹਾਂ ਦੀਆਂ ਯਾਦਾਂ ਜੁੜੀਆਂ ਹੋਈਆਂ ਨੇ।' ਹੌਲੀ-ਹੌਲੀ ਗੱਲਾਂ ਕਰਦੀ ਕੁਲਜੀਤ ਦੀਆਂ ਅੱਖਾਂ ਦੀਆਂ ਪਲਕਾਂ ਬੰਦ ਹੋ ਗਈਆਂ ਤੇ ਉਹ ਚੁੱਪ ਹੋ ਗਈ।

"ਹੌਸਲਾ ਰੱਖ ਕੁਲਜੀਤ। ਪ੍ਰਮਾਤਮਾ ਭਲੀ ਕਰੇਗਾ।" ਇਹ ਕਹਿ ਕੇ ਮੈਂ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ।

ਕਹਿਣ ਲੱਗੀ, "ਹਾਂ, ਹੌਸਲਾ। ਹੋਰ ਹੁਣ ਕਰ ਵੀ ਕੀ ਸਕਦੀ ਹਾਂ ਵੀਰ ਜੀ। ਪ੍ਰਮਾਤਮਾ ਨੇ ਪਹਿਲਾਂ ਹੀ ਕਸਰ ਨਹੀਂ ਛੱਡੀ। ਪਤਾ ਨੀ ਅਜੇ ਹੋਰ ਕੀ-ਕੀ ਹੋਣਾ ਹੈ। ਮਾਂ ਤੇ ਭਰਾ ਨਾਲ ਪਹਿਲਾਂ ਸਿੱਧੀ ਪੇਕੇ ਘਰ ਪਹੁੰਚੀ। ਰੋਣ-ਧੋਣ ਤੇ ਫਿਰ ਗੱਲਾਂ-ਬਾਤਾਂ। ਗਲੀ-ਗੁਆਂਢ ਸਭ ਨੇ ਆ-ਆ ਕੇ ਦੁੱਖ ਵੰਡਾਇਆ। ਚਾਰ ਕੁ ਦਿਨ ਬੀਤੇ ਕਿ ਨੀਂਦ ਨੀ ਸੀ ਆ ਰਹੀ। ਵੈਸੇ ਅਜੇ ਬਹੁਤੀ ਰਾਤ ਵੀ ਨਹੀਂ ਸੀ ਹੋਈ। ਮਾਂ ਵਾਲੇ ਕਮਰੇ 'ਚੋਂ ਉੱਠ ਬਾਹਰ ਵਿਹੜੇ 'ਚ ਘੁੰਮਣ ਲੱਗੀ। ਬਰਾਂਡੇ ਦੀ ਨੁੱਕਰ ਵਾਲੇ ਭਰਾ-ਭਰਜਾਈ ਦੇ ਕਮਰੇ 'ਚੋਂ ਆਵਾਜ਼ ਆ ਰਹੀ ਸੀ। ਹੌਲੀ ਜਿਹੇ ਬੰਦ ਖਿੜਕੀ ਕੋਲ ਨੂੰ ਹੋ ਗਈ....'ਦੇਖੋ ਜੀ, ਭੈਣ ਜੀ ਨਾਲ ਬਹੁਤ ਬੁਰਾ ਹੋਇਆ। ਅਗਲੇ ਹਫ਼ਤੇ ਵੀਰ ਜੀ ਦੀ ਲਾਸ਼ ਆ ਜਾਣੀ ਹੈ। ਹੋਰ ਦੋ ਦਿਨਾਂ ਨੂੰ ਭੈਣ ਜੀ ਨੂੰ ਸਹੁਰੇ ਘਰ ਜਾਣਾ ਪੈਣਾ ਹੈ।

ਸਭ ਕ੍ਰਿਆ-ਕਰਮ ਵੀ ਹੋ ਜਾਣਗੇ। ਹੁਣ ਸਹੁਰਿਆਂ ਨਾਲ ਸਾਰੀ ਗੱਲ ਕਰ ਲੈਣਾ। ਆਪਣੀ ਕਬੀਲਦਾਰੀ ਦਾ ਪਤਾ ਹੀ ਐ। ਭੈਣ ਜੀ ਦਾ ਸਮਾਨ ਤੇ ਬੱਚਾ ਘਰ ਲਿਆਉਣ ਵਾਲੀ ਗਲਤੀ ਨਾ ਕਰਿਓ....।' ਇਹ ਭਾਬੀ ਦੀ ਆਵਾਜ਼ ਸੀ।

'ਓ ਅਜੇ ਲਾਸ਼ ਆਈ ਨੀ। ਸਸਕਾਰ ਹੋਇਆ ਨੀ। ਭੋਗ ਪਿਆ ਨੀ। ਤੂੰ ਆਹ ਹੋਰ ਈ ਸੁਣਾਉਣ ਬਹਿਗੀ। ਪੈ ਜਾ ਚੁੱਪ ਕਰਕੇ।' ਇਹ ਭਰਾ ਦੀ ਆਵਾਜ਼ ਸੀ।

'ਆਹੋ ਜੀ ਮੇਰੀ ਗੱਲ ਸੋਨੂੰ ਕਿੱਥੇ ਚੰਗੀ ਲੱਗਦੀ ਐ। ਕੁਝ ਬੁੜ-ਬੁੜ ਤੇ ਭਾਬੀ ਚੁੱਪ....।' ਵੀਰ ਜੀ ਇਹ ਸੁਣ ਕੇ ਚੁੱਪ-ਚਾਪ ਮੈਂ ਮਾਂ ਵਾਲੇ ਕਮਰੇ 'ਚ ਵਾਪਸ ਆ ਗਈ ਤੇ ਕਿੰਨਾ ਚਿਰ ਬੈਠੀ ਸੋਚਦੀ ਰਹੀ, 'ਚਲੋ, ਜੋ ਰੱਬ ਨੂੰ ਮਨਜ਼ੂਰ।' ਇਹ ਘਰ ਦਾ ਹਾਲ ਸੀ।

ਦੋ ਦਿਨ ਬਾਅਦ ਪਰਿਵਾਰ ਸਮੇਤ ਸਹੁਰੇ ਘਰ ਪਹੁੰਚੀ। ਅਜੇ ਤਿੰਨ ਦਿਨ ਬਾਅਦ ਸਤਿਬੀਰ ਦੀ ਲਾਸ਼ ਆਉਣੀ ਸੀ। ਸੱਸ ਤਾਂ ਜਿਵੇਂ ਪਹਿਲਾਂ ਹੀ ਭਰੀ-ਪੀਤੀ ਪਈ ਸੀ। ਨਾ ਬੁੱਕਲ 'ਚ ਲਿਆ, ਨਾ ਪੈਰਾਂ 'ਚ ਰੱਖੀ ਚੁੰਨੀ ਨੂੰ ਕੁੱਝ ਸਮਝਿਆ। ਦੇਖਣ ਸਾਰ ਦੁਹੱਥੜਾ ਮਾਰ ਹੋ ਗਈ ਸ਼ੁਰੂ, 'ਨੀ ਤੂੰ 'ਕੱਲੀ ਘਰੇ ਆ ਵੜੀ ਨੀ....ਕਿੱਥੇ ਖਪਾ ਆਈ ਮੇਰੇ ਪੁੱਤ ਨੂੰ ਨੀ....ਨੀ ਡਾਇਣੇ ਮੇਰਾ ਕੜੀ ਵਰਗਾ ਪੁੱਤ ਖਾ ਗੀ ਨੀ....' ਤੇ ਬੜਾ ਕੁੱਝ ਹੋਰ ਬੋਲਣ ਲੱਗੀ।"

ਵੀਰ ਜੀ ਕੀ ਕਰਦੀ? ਆਪਣੇ ਪਰਿਵਾਰ 'ਚ ਬੈਠ ਮੈਂ ਰੋਣ ਲੱਗੀ। ਸਹੁਰਾ ਪਰਿਵਾਰ ਅੱਡ ਸੱਸ ਦੁਆਲੇ ਬੈਠਾ ਸੀ। ਹੌਲੀ-ਹੌਲੀ ਸਿਆਣੀਆਂ ਔਰਤਾਂ ਨੇ ਸਭ ਨੂੰ ਚੁੱਪ ਕਰਾਇਆ ਤੇ ਗੱਲਾਂ ਕਰਨ ਲੱਗੇ। ਸਹੁਰੇ ਪਰਿਵਾਰ ਦੇ ਕਿਸੇ ਜੀਅ ਨੇ ਮੇਰੇ ਨਾਲ ਕੋਈ ਗੱਲ ਨਾ ਕੀਤੀ, ਨਾ ਬੁਲਾਇਆ।" ਕੁਲਜੀਤ ਐਨਾ ਕੁੱਝ ਇਸ ਤਰ੍ਹਾਂ ਬੋਲ ਗਈ, ਜਿਵੇਂ ਮੇਰੇ ਨਾਲ ਨਹੀਂ, ਕਿਸੇ ਖਲਾਅ ਨਾਲ ਗੱਲਾਂ ਕਰ ਰਹੀ ਹੋਵੇ। ਉਸਦੀਆਂ ਅੱਖਾਂ 'ਚੋਂ ਅੱਥਰੂ ਵਹਿ ਰਹੇ ਸਨ। ਮੈਂ ਚੁੱਪ ਤੇ ਹੈਰਾਨ ਉਸ ਵੱਲ ਦੇਖੀ ਜਾ ਰਿਹਾ ਸੀ।

ਅਚਾਨਕ ਉਹ ਆਲੇ-ਦੁਆਲੇ ਦੇਖਣ ਲੱਗੀ। ਮੇਰੇ ਮੂੰਹ ਵੱਲ ਦੇਖਣ ਲੱਗੀ। ਕੁੱਝ ਪ੍ਰੇਸ਼ਾਨ ਹੋਈ। ਫੇਰ ਕਹਿੰਦੀ, "ਵੀਰ ਜੀ, ਮੁਆਫ਼ ਕਰਨਾ, ਮੈਨੂੰ ਪਤਾ ਹੀ ਨਹੀਂ ਲੱਗਾ ਮੈਂ ਕੀ ਬੋਲ ਰਹੀ ਸੀ। ਮੈਂ ਤਾਂ ਸਮਾਨ ਲੈ ਕੇ ਵਾਪਸ ਪੰਜਾਬ ਚਲੀ ਜਾਣਾ ਹੈ। ਬੱਚਾ ਅਜੇ ਮੇਰੇ ਮੰਮੀ-ਡੈਡੀ ਕੋਲ ਹੈ। ਕੁੱਝ ਚਿਰ ਮੈਨੂੰ ਵੀ ਉਨ੍ਹਾਂ ਕੋਲ ਰਹਿਣਾ ਪੈਣਾ ਹੈ ਪਰ ਜਲਦੀ ਕੁੱਝ ਤਾਂ ਕਰਨਾ ਹੀ ਪਏਗਾ। ਬਾਕੀ ਅੱਗੇ ਦੇਖਾਂਗੀ ਕੀ ਬਣਦਾ ਹੈ।"

ਮੈਂ ਸਮਝ ਗਿਆ। ਕੁਲਜੀਤ ਤਾਂ ਦਿਲ 'ਤੇ ਕੋਈ ਵੱਡਾ ਪੱਥਰ ਲੈ ਕੇ ਵਾਪਿਸ ਆਈ ਹੈ। ਦੁੱਖਾਂ ਦੀ ਝੰਬੀ ਸ਼ਾਇਦ ਬੇਧਿਆਨੇ 'ਚ ਹੀ ਸਭ ਗੱਲਾਂ ਕਰ ਗਈ। ਇੰਦਰ, ਆਹ ਸਾਰਾ ਕੁੱਝ ਕੁਲਜੀਤ ਨੇ ਪੰਜਾਬ ਤੋਂ ਆ ਕੇ ਮੈਨੂੰ

ਦੱਸਿਆ। ਮੇਰਾ ਸ਼ੱਕ ਹੋਰ ਪੱਕਾ ਹੋਣ ਲੱਗਾ ਕਿ ਗੱਲ ਕੋਈ ਹੈ ਵੀ ਜ਼ਰੂਰ ਤੇ ਹੈ ਵੀ ਗੰਭੀਰ।

ਐਨੀ ਲੰਬੀ ਗੱਲ ਦੱਸਣ ਤੋਂ ਬਾਅਦ ਹੁਣ ਵਿਜੈ ਚੁੱਪ ਸੀ। ਸੁਣ ਕੇ ਮੈਂ ਹੈਰਾਨ ਤਾਂ ਹੁੰਦਾ ਰਿਹਾ ਪਰ ਕਿਤੇ ਵੀ ਟੋਕਿਆ ਨਾ। ਸੋਚਿਆ, ਮਨਾ ਇਹ ਤਾਂ ਬਹੁਤ ਵੱਡਾ ਬੋਝ ਮਨ 'ਤੇ ਲਈ ਫਿਰਦੈ, ਕੱਢ ਲੈਣ ਦੇ ਸਾਰੀ ਭੜਾਸ। ਇਹਦਾ ਮਨ ਹੌਲ਼ਾ ਹੋ ਸਕੇ।

ਹੁਣ ਅਸੀਂ ਦੋਵਾਂ ਨੇ ਆਪਣੇ-ਆਪਣੇ ਗਿਲਾਸ ਚੁੱਕੇ ਤੇ ਖਾਲੀ ਕਰ ਦਿੱਤੇ। ਮੈਂ ਹਲਕਾ-ਹਲਕਾ ਪੈੱਗ ਹੋਰ ਪਾਉਣ ਲੱਗਾ। ਵਿਜੈ ਦੇ ਗਿਲਾਸ 'ਚ ਪੈੱਗ ਪਾਉਣ ਵੇਲੇ ਮੈਂ ਬਿਨਾਂ ਬੋਲੇ ਉਸ ਵੱਲ ਦੇਖਿਆ। ਉਹ ਚੁੱਪ ਹੀ ਰਿਹਾ ਤੇ ਨਾ ਕੋਈ ਇਸ਼ਾਰਾ ਕਰਕੇ ਪੈੱਗ ਪਾਉਣ ਤੋਂ ਰੋਕਿਆ। ਉਸਦੀ ਸਹਿਮਤੀ ਸਮਝ ਮੈਂ ਹੌਲੇ-ਹੌਲੇ ਪੈੱਗ ਹੋਰ ਪਾ ਲਏ ਤੇ ਸਿੱਧਾ ਹੋ ਕੇ ਬੈਠ ਗਿਆ।

ਵਿਜੈ ਨੇ ਚਿੱਤ ਕਰਾਰਾ ਕੀਤਾ ਤੇ ਫਿਰ ਦੱਸਣ ਲੱਗਾ, "ਕੁਲਜੀਤ ਦੇ ਆਉਣ 'ਤੇ ਅਗਲੇ ਦਿਨ ਤੋਂ ਮੈਂ ਉਹਦੇ ਨਾਲ ਤਿਆਰੀ ਕਰਵਾਉਣ ਲੱਗ ਪਿਆ। ਕੰਪਨੀ ਦਫ਼ਤਰ ਜਾਣਾ, ਸਤਿਬੀਰ ਦੀ ਮੌਤ ਬਾਰੇ ਹੋਰ ਜਾਣਕਾਰੀ ਲੈਣਾ, ਉਸਦੇ ਜਹਾਜ਼ ਵਿਚਲੇ ਨਿੱਜੀ ਸਮਾਨ ਬਾਰੇ ਪਤਾ ਕਰਨਾ, ਮੁਆਵਜ਼ੇ ਦੀ ਗੱਲ ਕਰਨਾ ਆਦਿ। ਫਿਰ ਸਕੂਲ ਜਾ ਕੇ ਬੱਚੇ ਦਾ ਨਾਮ ਕਟਵਾਉਣਾ, ਸਕੂਲ ਛੱਡਣ ਦਾ ਸਰਟੀਫਿਕੇਟ ਲੈਣਾ, ਛੋਟੀ-ਮੋਟੀ ਖਰੀਦਦਾਰੀ ਕਰਨੀ, ਸਮਾਨ ਦੀ ਪੈਕਿੰਗ ਆਦਿ ਕਈ ਕੰਮ ਸਨ, ਜੋ ਕਰਨੇ ਸਨ। ਸ਼ੁਰੂ ਵਿੱਚ ਮੈਂ ਚਾਹਿਆ ਸੀ ਕਿ ਕਮਲੇਸ਼ ਨਾਲ ਰਹੇ ਤੇ ਮੱਦਦ ਕਰੇ ਪਰ ਉਸਦਾ ਵਤੀਰਾ ਵੇਖ ਮੈਂ ਚੁੱਪ ਕਰ ਗਿਆ। ਹੁਣ ਮੈਂ ਵੀ ਬਹੁਤੀ ਪ੍ਰਵਾਹ ਨਹੀਂ ਸੀ ਕਰਦਾ ਤੇ ਕੁਲਜੀਤ ਦੀ ਹਰ ਤਰ੍ਹਾਂ ਦੀ ਮੱਦਦ ਕਰਨਾ ਮੈਂ ਆਪਣਾ ਫ਼ਰਜ਼ ਸਮਝਦਾ ਸੀ। ਉਸ ਵਿਚਾਰੀ ਦਾ ਹੋਰ ਬੰਬਈ ਵਿੱਚ ਹੈ ਵੀ ਕੌਣ ਸੀ?

ਤੁਰੇ ਫਿਰਦੇ ਅਸੀਂ ਕੰਮ ਦੇ ਨਾਲ-ਨਾਲ ਗੱਲਾਂ ਵੀ ਕਰਦੇ ਰਹਿੰਦੇ। ਗੱਲਾਂ-ਗੱਲਾਂ ਵਿੱਚ ਕੁਲਜੀਤ ਨੇ ਦੱਸਿਆ, "ਭਾਅ ਜੀ, ਸ਼ਾਇਦ ਉਨ੍ਹਾਂ ਵੀਜ਼ੇ ਸਬੰਧੀ ਕਿਸੇ ਨਾਲ ਕੋਈ ਗੱਲ ਕਰ ਲਈ ਸੀ। ਉਨ੍ਹਾਂ ਨੇ ਸਾਨੂੰ ਕੈਨੇਡਾ ਸੈੱਟ ਕਰਨ ਬਾਰੇ ਮੈਨੂੰ ਦੱਸਿਆ ਸੀ। ਭਾਅ ਜੀ ਅਸੀਂ ਸਭ ਨੇ ਕੈਨੇਡਾ ਚਲੇ ਜਾਣਾ ਸੀ। ਆਹ ਤਾਂ ਕਿਧਰੇ ਚਿੱਤ-ਚੇਤੇ ਵੀ ਨਹੀਂ ਸੀ।" ਗੱਲਾਂ ਕਰਦੀ-ਕਰਦੀ ਕੁਲਜੀਤ ਦਾ ਮਨ ਭਰ ਆਉਂਦਾ। ਉਸਦੀਆਂ ਗੱਲਾਂ ਸੁਣ ਮੇਰਾ ਮਨ ਵੀ ਭਰ ਆਉਂਦਾ।

ਕੁਲਜੀਤ ਦੇ ਪੰਜਾਬ ਜਾਣ ਦੀ ਸਾਰੀ ਤਿਆਰੀ ਹੋ ਚੁੱਕੀ ਸੀ। ਬੁੱਕ ਕਰਨ ਵਾਲਾ ਸਾਰਾ ਸਮਾਨ ਬੁੱਕ ਕਰਵਾ ਦਿੱਤਾ। ਨਾਲ ਲਿਜਾਣ ਵਾਲਾ ਸਮਾਨ ਪੈਕ ਕਰ ਦਿੱਤਾ। ਸੀਟ ਪਹਿਲਾਂ ਹੀ ਰਿਜ਼ਰਵ ਕਰਵਾ ਲਈ ਸੀ। ਨਿਸ਼ਚਿਤ ਦਿਨ

’ਤੇ ਮੈਂ ਕੁਲਜੀਤ ਨੂੰ ਗੱਡੀ ਚੜ੍ਹਾਉਣ ਸਟੇਸ਼ਨ ’ਤੇ ਜਾਣਾ ਸੀ। ਭਾਵੇਂ ਕਈ ਦਿਨਾਂ ਤੋਂ ਮੈਂ ਤੇ ਕੁਲਜੀਤ ਇਕੱਠੇ ਸਾਂ। ਢੇਰ ਸਾਰੀਆਂ ਗੱਲਾਂ ਵੀ ਕੀਤੀਆਂ ਸਨ ਪਰ ਮੈਨੂੰ ਲੱਗਾ, ਜਿਵੇਂ ਕੁਲਜੀਤ ਹੁਣੇ ਹੀ ਆਈ ਸੀ ਤੇ ਹੁਣੇ ਜਾ ਵੀ ਰਹੀ ਹੈ। ਉਸ ਰਾਤ ਮਨ ਬੜਾ ਬੇਚੈਨ ਰਿਹਾ। ਕਦੀ ਮਨ ’ਚ ਆਵੇ, ਕੁਲਜੀਤ ਨੂੰ ਕਹਾਂ, ‘ਤੂੰ ਕਿਤੇ ਨੀ ਜਾਣਾ, ਚੱਲ ਪੰਜਾਬ ਤੋਂ ਬੱਚੇ ਨੂੰ ਲੈ ਕੇ ਆਈਏ ਤੇ ਉਹ ਇੱਥੇ ਹੀ ਪੜ੍ਹੇਗਾ। ਕਦੀ ਸੋਚਾਂ, ਕਮਲੇਸ਼ ਤੇ ਕੁਲਜੀਤ ਦੋਵੇਂ ਇਸ ਘਰ ਵਿੱਚ ਭੈਣਾਂ ਬਣ ਰਹੀ ਜਾਣ ਤਾਂ ਕਿੰਨਾ ਚੰਗਾ ਹੋਵੇ। ਕਦੀ ਮਨ ’ਚ ਆਵੇ, ਹੁਣੇ ਕਮਲੇਸ਼ ਨੂੰ ਕਹਿ ਦੇਵਾਂ, ਕੁਲਜੀਤ ਕਿਤੇ ਨਹੀਂ ਜਾ ਰਹੀ, ਉਹ ਵੀ ਇੱਥੇ ਹੀ ਰਹੇਗੀ। ਕਦੇ ਕੁੱਝ ਤੇ ਕਦੇ ਕੁੱਝ।’ ਤਰ੍ਹਾਂ-ਤਰ੍ਹਾਂ ਦੇ ਵਿਚਾਰ ਮਨ ਅੰਦਰ ਪਨਪਦੇ ਰਹੇ ਤੇ ਤੜਫ਼-ਤੜਫ਼ ਦਮ ਤੋੜਦੇ ਰਹੇ। ਮੈਂ ਚੁੱਪ ਸੀ....ਬੱਸ ਚੁੱਪ। ਕਿਸੇ ਨੂੰ ਵੀ ਕੋਈ ਗੱਲ ਕਹਿਣ ਦੀ ਹਿੰਮਤ ਨਾ ਕਰ ਸਕਿਆ। ਫਿਰ ਵੀ ਵਾਰ-ਵਾਰ ਮਨ ਵਿੱਚ ਆਵੇ ਕਿ ਮੈਨੂੰ ਕੁਲਜੀਤ ਲਈ ਕੁੱਝ ਕਰਨਾ ਚਾਹੀਦਾ ਹੈ....ਪਰ ਕੀ? ਮੈਨੂੰ ਕੁੱਝ ਸਮਝ ਨਹੀਂ ਸੀ ਆ ਰਿਹਾ।

ਦੂਸਰੇ ਦਿਨ ਤਿਆਰ ਹੋ ਸਟੇਸ਼ਨ ’ਤੇ ਪਹੁੰਚ ਗਏ। ਦੋਵੇਂ ਚੁੱਪ, ਦੋਵੇਂ ਉਦਾਸ। ਕੋਈ ਗੱਲ ਹੀ ਨਹੀਂ ਸੀ ਔੜ ਰਹੀ। ਅਖ਼ੀਰ ਕੁਲਜੀਤ ਨੇ ਹੀ ਚੁੱਪ ਨੂੰ ਤੋੜਿਆ ਤੇ ਕਹਿਣ ਲੱਗੀ, “ਭਾਅ ਜੀ, ਤੁਸੀਂ ਮੇਰੀ ਬਹੁਤ ਮੱਦਦ ਕੀਤੀ, ਤੁਹਾਡਾ ਬਹੁਤ-ਬਹੁਤ ਧੰਨਵਾਦ। ਵਰਨਾ ਮੈਂ ਇਕੱਲੀ ਨੇ ਬੜਾ ਪ੍ਰੇਸ਼ਾਨ ਹੋਣਾ ਸੀ।”

ਮੈਂ ਹੈਰਾਨ, ਇਹ ਐਨੇ ਸ਼ਬਦ ਬੋਲ ਕਿਵੇਂ ਗਈ? ਮੇਰੀ ਤਾਂ ਜੀਭ ਨੂੰ ਕੋਈ ਜਿੰਦਰਾ ਅੜਿਆ ਪਿਆ ਸੀ। ਸ਼ਬਦ ਜਿਵੇਂ ਗਲ਼ ਵਿੱਚ ਹੀ ਫ਼ਸ ਗਏ ਹੋਣ ਤੇ ਉਹ ਮੇਰਾ ਧੰਨਵਾਦ ਕਰ ਰਹੀ ਸੀ। ਉਸਨੂੰ ਕਿਵੇਂ ਦੱਸਦਾ ਕਿ ਮੇਰੇ ਦਿਲ ਨੂੰ ਤਾਂ ਡੋਬੂ ਪੈ ਰਹੇ ਨੇ। ਅੰਦਰ ਹੀ ਅੰਦਰ ਕੁੱਝ ਮੱਚ ਰਿਹਾ ਹੈ। ਉਹ ਸੇਕ ਮੈਨੂੰ ਤੜਫ਼ਾ ਰਿਹਾ ਹੈ। ਜੀਅ ਕਰਦਾ ਸੀ, ਹੁਣੇ ਇਹਦੀ ਬਾਂਹ ਫੜਾਂ ਤੇ ਵਾਪਸ ਘਰ ਲੈ ਜਾਵਾਂ। ਕਹਿ ਦੇਵਾਂ ਕੁਲਜੀਤ ਤੂੰ ਕਿਤੇ ਨੀ ਜਾਣਾ।

ਪਰ ਫਿਰ ਉਹੀ ਗੱਲ, ਬਾਂਹ ਤਾਂ ਕੀ ਫੜਨੀ ਸੀ, ਇੰਨਾ ਕਹਿ ਪਾਇਆ, “ਤੂੰ ਕਿਸ ਗੱਲ ਦਾ ਧੰਨਵਾਦ ਕਰਦੀ ਐਂ ਕੁਲਜੀਤ, ਮੈਂ ਤਾਂ ਤੇਰੇ ਲਈ ਕੁੱਝ ਵੀ ਨਹੀਂ ਕੀਤਾ। ਜਦ ਸਤਿਬੀਰ ਤੈਨੂੰ ਬੰਬਈ ਲੈ ਕੇ ਆਇਆ ਸੀ, ਤੇਰੇ ਚੰਨ ਵਰਗੇ ਹਸੂੰ-ਹਸੂੰ ਕਰਦੇ ਚਿਹਰੇ ’ਤੇ ਖ਼ੁਸ਼ੀਆਂ ਤੇ ਰੌਣਕਾਂ ਸਨ। ਤੂੰ ਇੱਥੋਂ ਦੇ ਖ਼ੁਸ਼ਕ ਤੇ ਰੁਆਂਸੇ ਮਾਹੌਲ ਵਿੱਚ ਖ਼ੁਸ਼ੀਆਂ ਹੀ ਬਿਖੇਰੀਆਂ। ਅੱਜ ਮੈਨੂੰ ਤਾਂ ਇੰਝ ਲੱਗ ਰਿਹਾ ਹੈ ਕਿ ਤੇਰੀਆਂ ਸਾਰੀਆਂ ਖ਼ੁਸ਼ੀਆਂ ਖੋਹ ਕੇ, ਮੈਂ ਤੈਨੂੰ ਕਿਸੇ ਡੂੰਘੀ ਹਨ੍ਹੇਰੀ ਖਾਈ ਵੱਲ ਧੱਕਾ ਦੇਣ ਆਇਆ ਹੋਵਾਂ। ਕਾਸ਼! ਮੈਂ ਤੈਨੂੰ ਤੇਰੀ ਉਹੀ ਮੁਸਕਰਾਹਟ ਮੋੜ ਸਕਦਾ, ਕਿੰਨਾ ਮਜ਼ਬੂਰ ਹਾਂ ਮੈਂ।”

ਤੇ ਇੰਦਰ ਹੋਰ ਕਮਾਲ ਦੇਖ, ਇਹ ਸਭ ਗੱਲਾਂ ਵੀ ਮੈਂ ਆਪਣੇ ਮਨ ਹੀ ਮਨ ਵਿੱਚ ਕਹੀਆਂ। ਮੈਥੋਂ ਤਾਂ ਇਹ ਵੀ ਬੋਲ ਕੇ ਨਾ ਕਹਿ ਹੋਈਆਂ। ਸੋਚ ਮੇਰੀ ਕੀ ਹਾਲਤ ਸੀ। ਕੀ ਸੋਚਦੀ ਹੋਵੇਗੀ ਕੁਲਜੀਤ।

ਇੱਕ ਵਾਰ ਮਨ 'ਚ ਖ਼ਿਆਲ ਆਇਆ, ਨਹੀਂ, ਮੇਰਾ ਭੁਲੇਖਾ ਹੈ। ਗੱਲਾਂ ਤਾਂ ਮੈਂ ਚੀਕ-ਚੀਕ ਕੇ ਕਹੀਆਂ ਨੇ। ਕੁਲਜੀਤ ਨੇ ਜ਼ਰੂਰ ਸੁਣ ਲਈਆਂ ਹੋਣਗੀਆਂ। ਸੁਣ ਕੇ ਉਸਦੇ ਮਨ ਨੂੰ ਸਕੂਨ ਪਹੁੰਚਿਆ ਹੋਵੇਗਾ।

ਪਰ ਕਿੱਥੇ, ਅਹਿਸਾਸ ਨੇ ਫਿਰ ਪਲਟਾ ਲਿਆ। ਦੇਖਿਆ, ਹੈਂਅ, ਮੈਂ ਤਾਂ ਚੁੱਪ-ਚਾਪ ਖਿੜਕੀ ਨਾਲ ਲੱਗਾ ਖੜ੍ਹਾ ਹਾਂ। ਕੁੱਝ ਬੋਲ ਹੀ ਨੀ ਰਿਹਾ। ਕੋਈ ਗੱਲ ਹੀ ਨੀ ਕਰ ਰਿਹਾ। ਕੁਲਜੀਤ ਕਿੰਨੀਆਂ ਉਦਾਸ ਨਜ਼ਰਾਂ ਨਾਲ ਮੇਰੇ ਵੱਲ ਦੇਖ ਰਹੀ ਹੈ। ਉਹ ਚਾਹੁੰਦੀ ਸੀ ਮੈਂ ਕੁੱਝ ਤਾਂ ਬੋਲਾਂ ਪਰ ਮੈਂ....ਪੁੱਛ ਨਾ ਵੀਰ ਬੜੀ ਬੁਰੀ ਹਾਲਤ ਸੀ। ਤੜਫ਼ ਸੀ, ਪਛਤਾਵਾ ਸੀ, ਕੋਈ ਦਰਦ ਸੀ ਤੇ ਬੜਾ ਕੁੱਝ ਹੋਰ....।

ਇੰਜਣ ਦੀ ਲੰਮੀ ਸੀਟੀ ਵੱਜੀ। ਅਸੀਂ ਝੰਜੋੜੇ ਗਏ। ਹੁਣ ਮੈਂ ਮੂੰਹ ਉਠਾ ਕੇ ਉਦਾਸ ਨਜ਼ਰਾਂ ਨਾਲ ਕੁਲਜੀਤ ਦੇ ਚਿਹਰੇ ਵੱਲ ਦੇਖਿਆ। ਅੰਦਰ ਹੀ ਅੰਦਰ ਕੁੱਝ ਭੁਰਿਆ, ਕੁੱਝ ਟੁੱਟਿਆ ਤੇ ਮੇਰਾ ਮਨ ਭਰ ਆਇਆ। ਬੜੀ ਮੁਸ਼ਕਿਲ ਨਾਲ ਕਹਿ ਪਾਇਆ, 'ਕੁਲਜੀਤ, ਕਾਸ਼! ਮੈਂ ਤੁਹਾਨੂੰ ਏਅਰਪੋਰਟ ਤੋਂ ਕੈਨੇਡਾ ਲਈ ਵਿਦਾ ਕਰਦਾ'....ਪਤਾ ਨਹੀਂ ਇਹ ਵੀ ਕਿਵੇਂ ਬੋਲ ਹੋ ਗਿਆ।

ਸੁਣ ਕੇ ਕੁਲਜੀਤ ਹੋਰ ਭਾਵੁਕ ਹੋ ਗਈ। ਅੱਖਾਂ 'ਚ ਪਾਣੀ ਭਰ ਆਇਆ। ਬੁੱਲ੍ਹ ਥੋੜ੍ਹੇ ਹਿੱਲੇ ਪਰ ਉੱਥੇ ਹੀ ਘੁੱਟ ਹੋ ਗਏ। ਕੁੱਝ ਬੋਲ ਨਾ ਹੋਇਆ, ਅੱਖਾਂ ਬੰਦ ਹੋ ਗਈਆਂ। ਮੈਂ ਦੇਖਿਆ, ਉਸ ਨੇ ਗਲ 'ਚ ਕੋਈ ਘੁੱਟ ਜਿਹੀ ਭਰੀ। ਅੰਦਰ ਕੁੱਝ ਲੰਘਾਇਆ ਪਰ ਕੀ....ਕੋਈ ਜ਼ਹਿਰ ਦੀ ਘੁੱਟ ਹੀ ਲੰਘਾਈ ਹੋਵੇਗੀ, ਹੋਰ ਕੀ। ਉਸਦੇ ਮਨ ਅੰਦਰ ਕੀ ਯੁੱਧ ਚੱਲ ਰਿਹਾ ਸੀ, ਕੌਣ ਜਾਣੇ।

ਫਿਰ ਪਤਾ ਨਹੀਂ ਕਦ ਤੇ ਕਿਵੇਂ ਮੈਂ ਕੁਲਜੀਤ ਦਾ ਕੂਲ਼ਾ ਜਿਹਾ ਹੱਥ, ਆਪਣੇ ਹੱਥਾਂ ਵਿੱਚ ਲੈ ਕੇ ਘੁੱਟ ਲਿਆ। ਉਹ ਸਾਰੀ ਦੀ ਸਾਰੀ ਸੁੰਗੜੀ ਤੇ ਆਪਣੇ ਹੱਥ ਨੂੰ ਮੇਰੇ ਹੱਥਾਂ ਵਿੱਚ ਢਿੱਲਾ ਛੱਡ ਦਿੱਤਾ। ਉਸਦੀਆਂ ਸਿੱਲ੍ਹੀਆਂ ਅੱਖਾਂ ਵਿੱਚੋਂ ਮੋਤੀਆਂ ਵਰਗੇ ਹੰਝੂ ਬਾਹਰ ਵਹਿ ਤੁਰੇ, ਜਿਨ੍ਹਾਂ ਨੂੰ ਪਤਾ ਨਹੀਂ ਉਸਨੇ ਕਿੰਨੀ ਪੀੜ ਜਰ-ਜਰ ਕੇ ਕੋਇਆਂ ਵਿੱਚ ਰੋਕਿਆ ਹੋਇਆ ਸੀ।

ਮੇਰੀ ਵੀ ਭੁੱਬ ਨਿਕਲ ਗਈ। ਅੱਖਾਂ 'ਚੋਂ ਅੱਥਰੂ ਵਗਣ ਲੱਗੇ। ਕੁਲਜੀਤ ਕੁੱਝ ਕਹਿਣਾ ਚਾਹੁੰਦੀ ਸੀ ਪਰ ਮੇਰੇ ਵੱਲ ਵੇਖ ਉਹ ਬੱਸ ਡੁਸਕਣ ਹੀ ਲੱਗ ਪਈ। ਕੁਲਜੀਤ ਦਾ ਹੱਥ ਅਜੇ ਵੀ ਮੇਰੇ ਹੱਥਾਂ ਵਿੱਚ ਸੀ। ਮੈਂ ਦੇਖਿਆ, ਉਸ ਦੀਆਂ ਅੱਖਾਂ 'ਚੋਂ ਰਿਸਕ ਕੇ ਕੋਇਆਂ ਰਾਹੀਂ ਬਾਹਰ ਆ ਰਹੇ ਹੰਝੂ ਮੇਰੇ

ਹੱਥ ਉੱਪਰ ਡਿੱਗ ਰਹੇ ਸਨ ਤੇ ਉਹ ਰੇਗਿਸਤਾਨ ਵਾਂਗ ਖ਼ੁਸ਼ਕ ਪਈਆਂ ਕੁਲਜੀਤ ਦੀਆਂ ਗੋਰੀਆਂ ਗੱਲ੍ਹਾਂ ਤੋਂ ਦੀ ਤੈਰਦੇ ਹੋਏ, ਆਪਣੇ ਸਫ਼ਰ ਦੇ ਪੂਰੇ ਨਿਸ਼ਾਨ ਪਿੱਛੇ ਛੱਡ ਆਏ ਸਨ।”

# ਰੇਤ ਦੇ ਘਰ

ਭੀੜ ਤੋਂ ਪਰੇ ਇੱਕ ਪਾਸੇ ਨੂੰ ਬੈਠੀ ਉਹ ਰੇਤ ਨਾਲ ਖੇਡ ਰਹੀ ਸੀ। ਚਿਹਰੇ 'ਤੇ ਮਾਸੂਮੀਅਤ ਤੇ ਆਪਣੇ ਆਪ 'ਚ ਮਸਤ, ਉਹ ਕਲਾ ਦੀ ਕੋਈ ਵਸਤੂ ਲੱਗਦੀ ਸੀ। ਗਿੱਲੀ ਰੇਤ ਨਾਲ ਖੇਡਦੀ ਉਹ ਬੱਚੀਆਂ ਵਰਗੀ ਲੱਗਦੀ ਸੀ ਪਰ ਉਹ ਬੱਚੀ ਨਹੀਂ ਸੀ।

ਕਈ ਦਿਨਾਂ ਦੇ ਥਕਾਨ ਭਰੇ ਸਮੁੰਦਰੀ ਸਫ਼ਰ ਤੋਂ ਬਾਅਦ ਮੈਂ ਬੀਚ ਵੱਲ ਘੁੰਮਣ ਆਇਆ। ਸੋਚ ਰਿਹਾ ਸੀ, 'ਕਿੰਨੇ ਆਦੀ ਹੋ ਗਏ ਹਾਂ ਅਸੀਂ ਇਨ੍ਹਾਂ ਜਹਾਜ਼ਾਂ ਦੇ। ਏਸ ਜ਼ਿੰਦਗੀ ਦੇ। ਜਹਾਜ਼ ਦੀ ਮਸ਼ੀਨਰੀ ਦੀ ਰਿਦਮਿੱਕ ਆਵਾਜ਼ ਦੇ। ਸੁੱਤੇ ਪਿਆਂ ਦੇ ਕੰਨ ਵੀ ਉਸ ਆਵਾਜ਼ ਦੇ ਆਦੀ ਹੋ ਗਏ ਹਨ। ਇੰਜਣ ਜਾਂ ਕਿਸੇ ਹੋਰ ਮਸ਼ੀਨਰੀ 'ਚ ਜ਼ਰਾ ਵੀ ਨੁਕਸ ਪਿਆ, ਸਭ ਤੋਂ ਪਹਿਲਾਂ ਕੰਨ ਨੋਟ ਕਰਦੇ ਹਨ। ਆਵਾਜ਼ ਬਦਲੀ ਤਾਂ ਤ੍ਰਬਕ ਕੇ ਉੱਠ ਬਹਿੰਦੇ ਹਾਂ। ਝੱਟ ਉਸ ਬਦਲੀ ਆਵਾਜ਼ ਵੱਲ ਭੱਜਦੇ ਹਾਂ ਤੇ ਉਸ ਮਸ਼ੀਨਰੀ ਕੋਲ ਪਹੁੰਚ ਜਾਂਦੇ ਹਾਂ। ਹਰ ਵਕਤ ਫ਼ਿਕਰ ਤੇ ਅੱਗੇ ਦਿੱਤੇ ਹੋਏ ਵਕਤ ਤੇ ਬੰਦਰਗਾਹ ਪਹੁੰਚਣ ਦੀ ਟੈਂਸ਼ਨ।'

ਕੁੱਝ ਪਲ ਟੈਂਸ਼ਨ ਮੁਕਤ ਹੋਣ ਲਈ ਹੀ ਬਾਹਰ ਨਿਕਲਦੇ ਹਾਂ। ਫੇਰ ਸਿੱਧਾ ਕੋਈ ਬਾਰ, ਕੋਈ ਕਲੱਬ, ਕੋਈ ਸੁੰਦਰ ਬੀਚ, ਕੋਈ ਸੁੰਦਰ ਪਾਰਕ 'ਚ ਪਹੁੰਚ ਕੇ ਤਰੋ-ਤਾਜ਼ਾ ਹੋ ਜਾਂਦੇ ਹਾਂ। ਅੱਜ ਵੀ ਤਰੋ-ਤਾਜ਼ਾ ਹੋਣ ਹੀ ਆਇਆ ਹਾਂ। ਵਾਪਸ ਜਾ ਕੇ ਤਾਂ ਫੇਰ ਉਹੀ ਵੀਹ ਕੁ ਚਿਹਰੇ। ਜਿਨ੍ਹਾਂ 'ਚ ਵਾਰੀ-ਵਾਰੀ ਅੱਧੇ ਸੁੱਤੇ ਅੱਧੇ ਜਾਗਦੇ। ਮਤਲਬ ਅੱਧੇ ਡਿਊਟੀ 'ਤੇ, ਅੱਧੇ ਰੈਸਟ 'ਤੇ।

ਮੇਰੀ ਨਜ਼ਰ ਗਿੱਲੀ ਰੇਤ ਨਾਲ ਖੇਡ ਰਹੀ ਉਸ ਕੁੜੀ 'ਤੇ ਪਈ। ਦੇਖ ਮਨ ਨੂੰ ਸਕੂਨ ਜਿਹਾ ਮਿਲਿਆ। ਕਾਫ਼ੀ ਦੇਰ ਤੱਕ ਉਸ ਨੂੰ ਹੀ ਦੇਖਦਾ ਰਿਹਾ। ਫਿਰ ਅਚਾਨਕ ਹੀ ਮੇਰੇ ਕਦਮ ਉਸ ਪਾਸੇ ਵੱਲ ਨੂੰ ਤੁਰ ਪਏ। ਮੈਂ ਬੇ-ਪਰਵਾਹ ਹੋ ਇਸ ਤਰ੍ਹਾਂ ਚੱਲਣ ਲੱਗਾ, ਜਿਵੇਂ ਮੈਨੂੰ ਉਸ ਨਾਲ ਕੋਈ ਮਤਲਬ ਨਹੀਂ। ਨਾ ਉਸ ਵੱਲ ਸਿਰ ਘੁਮਾਇਆ, ਨਾ ਆਪਣੀ ਚਾਲ ਹੌਲੀ ਕੀਤੀ। ਅੱਖਾਂ ਦੇ ਕੋਇਆਂ ਰਾਹੀਂ ਵੇਖਦਾ-ਵੇਖਦਾ ਅੱਗੇ ਲੰਘ ਗਿਆ।

ਜੀਨਜ਼ ਪੈਂਟ ਨਾਲ ਉਸਨੇ ਖੁੱਲ੍ਹੀ ਜਿਹੀ ਟੀ-ਸ਼ਰਟ ਪਾਈ ਹੋਈ ਸੀ। ਗਰਦਨ ਦੇ ਦੁਆਲੇ ਚਮੜੀ ਬਹੁਤ ਗੋਰੀ ਸੀ। ਉਹ ਬਹੁਤ ਸੋਹਣੀ ਲੱਗੀ।

ਸੋਚਣ ਲੱਗਾ, 'ਐਨੀ ਸੋਹਣੀ ਤੇ ਜਵਾਨ ਕੁੜੀ, ਉਹ ਵੀ ਸਮੁੰਦਰੀ ਬੀਚ 'ਤੇ, ਇਕੱਲੀ ਤਾਂ ਨੀ ਹੋ ਸਕਦੀ। ਨਾਲ ਕੋਈ ਜ਼ਰੂਰ ਹੋਏਗਾ। ਕੋਈ ਬੁਆਏ-ਫਰੈਂਡ ਜਾਂ ਸਹੇਲੀ ਪਰ ਨਜ਼ਦੀਕ ਕੋਈ ਨਜ਼ਰ ਵੀ ਨੀ ਆ ਰਿਹਾ। ਹੋ ਸਕਦੈ ਕਿਸੇ ਸਟਾਲ ਤੋਂ ਖਾਣ-ਪੀਣ ਲਈ ਕੁੱਝ ਲੈਣ ਗਿਆ ਹੋਵੇ।'

ਮਨ 'ਚ ਕਈ ਤਰ੍ਹਾਂ ਦੇ ਖ਼ਿਆਲ ਆ ਰਹੇ ਸਨ। ਮੈਂ ਵਾਪਸ ਮੁੜ ਪਿਆ। ਦੂਰ ਬੰਦਰਗਾਹ ਵਿੱਚ ਕੁੱਝ ਜਹਾਜ਼ ਖੜ੍ਹੇ ਸਨ। ਕਦੀ ਮੈਂ ਉਨ੍ਹਾਂ ਵੱਲ ਵੇਖਣ ਲੱਗਦਾ, ਕਦੀ ਸਮੁੰਦਰ ਦੀਆਂ ਲਹਿਰਾਂ ਵੱਲ, ਕਦੀ ਹੋਰ ਏਧਰ-ਓਧਰ ਪਰ ਇਹ ਸਭ ਇੱਕ ਨਾਟਕ-ਨੁਮਾ ਸੀ। ਅਸਲ 'ਚ ਚੋਰ ਅੱਖਾਂ ਨਾਲ ਮੈਂ ਉਸ ਨੂੰ ਹੀ ਦੇਖ ਰਿਹਾ ਸੀ। ਅੰਦਰ ਕੋਈ ਹਲਚਲ ਜਿਹੀ ਮੱਚੀ ਹੋਈ ਸੀ। ਮਨ ਬੁਰੀ ਤਰ੍ਹਾਂ ਅਸ਼ਾਂਤ। ਮਨ ਤਾਂ ਕਹਿ ਰਿਹਾ ਸੀ, 'ਕਾਸ਼! ਮੈਂ ਇਸ ਦੇ ਕੋਲ ਬੈਠ ਜਾਵਾਂ। ਇਸ ਨਾਲ ਕੋਈ ਮਿੱਠੀਆਂ-ਪਿਆਰੀਆਂ ਗੱਲਾਂ ਕਰਾਂ।' ਇਹ ਮਨ ਵੀ ਬੜੀ ਪਤੰਦਰ ਚੀਜ਼ ਹੈ। ਬੰਦੇ ਦੇ ਬਾਅਦ 'ਚ ਭਾਵੇਂ ਜੁੱਤੀਆਂ ਪੈਣ, ਇੱਕ ਵਾਰੀ ਤਾਂ ਮੱਤ ਹੀ ਮਾਰ ਦਿੰਦੈ।

ਤੁਰਦਾ-ਤੁਰਦਾ ਮੈਂ ਫਿਰ ਮੇਨ ਬੀਚ ਵਾਲੇ ਪਾਸੇ ਆ ਗਿਆ। ਭਾਵੇਂ ਬੀਚ 'ਤੇ ਹੋਰ ਬਥੇਰੀ ਰੌਣਕ ਸੀ ਪਰ ਮਨ ਦੀ ਸੂਈ ਅੱਜ ਉਸ ਕੁੜੀ ਉੱਪਰ ਹੀ ਅਟਕ ਗਈ। ਮਨ ਬੜਾ ਉਚਾਟ, ਮੈਂ ਬੀਅਰ ਦਾ ਕੇਨ ਲਿਆ ਤੇ ਇੱਕ ਪਾਸੇ ਬੈਠ ਚੁਸਕੀਆਂ ਲੈਣ ਲੱਗਾ। ਨਾਲ-ਨਾਲ ਉਸ ਵੱਲ ਵੇਖ ਲੈਂਦਾ। ਉਹ ਅਜੇ ਤੱਕ ਵੀ ਇਕੱਲੀ ਬੈਠੀ ਸੀ। ਉਸੇ ਤਰ੍ਹਾਂ ਰੇਤ ਨਾਲ ਖੇਡ ਰਹੀ ਸੀ। ਮੈਥੋਂ ਰਿਹਾ ਨਾ ਗਿਆ। ਉੱਠ ਕੇ ਫੇਰ ਉਸ ਵੱਲ ਨੂੰ ਚੱਲ ਪਿਆ।

ਉਹ ਰੇਤ ਦਾ ਕੋਈ ਘਰ ਨੁਮਾ ਬਣਾ ਰਹੀ ਸੀ। ਉਸਨੇ ਕੋਈ ਧਿਆਨ ਨਾ ਦਿੱਤਾ। ਮੈਂ ਥੋੜ੍ਹਾ ਅੱਗੇ ਲੰਘ ਗਿਆ ਪਰ ਦਿਲ ਪੂਰਾ ਮਚਲ ਰਿਹਾ ਸੀ। ਜੀਅ ਕਰਦਾ ਸੀ, ਜਲਦੀ ਨਾਲ ਉਸ ਕੋਲ ਜਾ ਰੁਕਾਂ। ਉਸ ਨਾਲ ਗੱਲਾਂ ਕਰਾਂ, ਪਰ ਕਿਵੇਂ, ਸਮਝ ਨਹੀਂ ਸੀ ਪੈ ਰਿਹਾ। ਹੁਣ ਤੱਕ ਯਕੀਨ ਹੋਣ ਲੱਗਾ ਸੀ ਕਿ ਉਹ ਇਕੱਲੀ ਹੈ।

ਉਤਸੁਕਤਾ ਵਧਦੀ ਗਈ। ਡਰ ਵੀ ਰਿਹਾ ਸੀ, 'ਕਿਤੇ ਹੋਰ ਨਾ ਕੋਈ ਪੰਗਾ ਖੜ੍ਹਾ ਹੋ ਜਾਵੇ। ਇਹ ਪੁਲਿਸ ਨੂੰ ਸੱਦ ਲਵੇ। ਮੈਂ ਜਹਾਜ਼ ਵਿੱਚ ਵਾਪਸ ਜਾਣ ਦੀ ਬਜਾਏ ਠਾਣੇ ਜਾਂ ਜੇਲ੍ਹ 'ਚ।' ਪਤਾ ਸੀ ਬਾਹਰਲੇ ਮੁਲਕਾਂ ਦੇ ਲੋਕ ਨਿੱਜਤਾ ਪਸੰਦ ਹਨ। ਉਹ ਕਿਸੇ ਦਾ ਬੇਮਤਲਬ ਦਖ਼ਲ ਬਿਲਕੁਲ ਬਰਦਾਸ਼ਤ ਨਹੀਂ ਕਰਦੇ।

ਪਰ ਮਨ ਐਨਾ ਬੇਚੈਨ ਕਿ ਮੇਰੀ ਕੋਈ ਦਲੀਲ ਮੰਨਣ ਨੂੰ ਤਿਆਰ ਹੀ ਨਹੀਂ। ਮੈਂ ਵਾਪਸ ਮੁੜਿਆ ਤੇ ਉਸਦੇ ਨਜ਼ਦੀਕ ਆ ਕੇ ਰੁਕਦਾ-ਰੁਕਦਾ, ਬੱਸ ਰੁਕ ਹੀ ਗਿਆ। ਉਹ ਬੜੇ ਪਿਆਰ ਨਾਲ ਰੇਤ ਦਾ ਘਰ ਨੁਮਾ ਆਕਾਰ

ਬਣਾਉਂਦੀ ਤੇ ਤੋੜ ਦਿੰਦੀ। ਜਿਵੇਂ ਉਸਦੀ ਤਸੱਲੀ ਨਾ ਹੋ ਰਹੀ ਹੋਵੇ। ਉਸਨੇ ਅਜੇ ਤੱਕ ਵੀ ਕੋਈ ਧਿਆਨ ਨਾ ਦਿੱਤਾ। ਰੇਤ ਦਾ ਇੱਕ ਹੋਰ ਘਰ ਬਣਾਇਆ। ਮੈਂ ਵੇਖ ਰਿਹਾ ਸੀ ਕਿ ਉਹ ਫਿਰ ਉਸਨੂੰ ਤੋੜਨ ਲੱਗੀ।

ਪਿੱਛੇ ਖੜ੍ਹੇ-ਖੜ੍ਹੇ ਮੈਨੂੰ ਪਤਾ ਨੀ ਕੀ ਹੋਇਆ, ਅਚਾਨਕ ਉੱਚੀ ਆਵਾਜ਼ 'ਚ ਕਹਿ ਹੋ ਗਿਆ, "ਪਲੀਜ਼ ਡੌਂਟ ਬਰੇਕ ਇਟ।"

ਉਹ ਇਕਦਮ ਹੈਰਾਨ ਹੋ ਕੇ ਖੜ੍ਹੀ ਹੋ ਗਈ। ਪਿੱਛੇ ਮੁੜ ਕੇ ਗੁੱਸੇ ਭਰੀਆਂ ਨਜ਼ਰਾਂ ਨਾਲ ਮੈਨੂੰ ਵੇਖਿਆ। ਪੰਜ ਫੁੱਟ ਤੋਂ ਉੱਪਰ ਕੱਦ ਦੀ ਗੋਰੀ ਸੁਨੱਖੀ ਕੁੜੀ, ਇਕਦਮ ਮੇਰੇ ਸਾਹਮਣੇ ਖੜ੍ਹੀ ਸੀ। ਘੂਰ-ਘੂਰ ਮੈਨੂੰ ਵੇਖ ਰਹੀ ਸੀ। ਮੈਂ ਪੂਰਾ ਡਰ ਗਿਆ। 'ਸੋਚਿਆ ਪੈ ਗਿਆ ਪੰਗਾ। ਹੁਣ ਪੁਲਿਸ ਆਏਗੀ।' ਪ੍ਰੇਸ਼ਾਨ ਖੜ੍ਹਾ ਚੁੱਪ-ਚਾਪ ਰੇਤ ਦੇ ਉਸ ਘਰ ਵੱਲ ਵੇਖਣ ਲੱਗਾ।

"ਹੂਅ ਆਰ ਯੂ?" ਉਹ ਅਚਾਨਕ ਕੜ੍ਹਕੀ।

ਸੁਣ ਕੇ ਇੱਕ ਵਾਰ ਤਾਂ ਸੁੰਨ ਜਿਹਾ ਹੋ ਗਿਆ। ਸਭ ਕੁੱਝ ਗੜਬੜਾਉਂਦਾ ਨਜ਼ਰ ਆਇਆ ਪਰ ਅੱਗੇ ਕੀ ਹੋਇਆ, ਉਹ ਮੈਥੋਂ ਲਿਖ ਨਹੀਂ ਹੋ ਰਿਹਾ।

ਕਈ ਸਾਲ ਤੱਕ ਮੈਂ ਉਸ ਦੇ ਬਣਾਏ ਉਸ ਰੇਤ ਦੇ ਘਰ ਨੂੰ ਪੱਕਾ ਬਣਾਉਣ ਦੇ ਸੁਪਨੇ ਲੈਂਦਾ ਰਿਹਾ। ਆਪਣੇ ਟੁੱਟੇ ਘਰ ਨੂੰ ਮੁੜ ਵਸਾਉਣ ਦੇ ਸੁਪਨੇ ਲੈਂਦਾ ਰਿਹਾ। ਖ਼ਿਆਲਾਂ 'ਚ ਹੀ ਉਸ ਨੂੰ ਨਾਲ ਲੈ, ਆਕਾਸ਼ 'ਚ ਉਡਾਰੀਆਂ ਲਾਉਂਦਾ ਰਿਹਾ। ਕਿੰਨੇ ਸਾਲਾਂ ਤੋਂ ਇਹੀ ਤਾਂ ਕਰ ਰਿਹਾ ਸੀ, ਇੰਤਜ਼ਾਰ....ਇੰਤਜ਼ਾਰ....ਤੇ ਸਿਰਫ਼ ਇੰਤਜ਼ਾਰ।

ਉਸ ਇੰਤਜ਼ਾਰ ਦਾ ਅੰਤਲਾ ਸੀਨ ਐਸਾ ਭਿਆਨਕ ਹੋਵੇਗਾ, ਇਹ ਤਾਂ ਕਦੇ ਸੋਚਿਆ ਹੀ ਨਹੀਂ। ਹੁਣ ਤਾਂ ਆਹ ਉਸਦੀ ਇੱਕ ਚਿੱਠੀ ਹੈ। ਪਹਿਲੀ ਤੇ ਆਖ਼ਰੀ। ਮੈਂ ਕੀ ਦੱਸਾਂ....ਇਸੇ ਨੂੰ ਚੰਗੀ ਤਰ੍ਹਾਂ ਪੜ੍ਹ ਲਵੋ। ਤੁਹਾਨੂੰ ਸਭ ਕੁੱਝ ਹੀ ਪਤਾ ਲੱਗ ਜਾਏਗਾ।

-0-

ਪਿਆਰੇ ਰਵੀ....ਜ਼ਿੰਦਗੀ ਮੇਰੇ ਲਈ ਇੱਕ ਬੋਝ ਬਣ ਗਈ ਸੀ। ਮਨ ਦੇ ਸਾਰੇ ਚਾਅ ਤੇ ਖ਼ੁਸ਼ੀਆਂ ਮਰ ਚੁੱਕੀਆਂ ਸਨ। ਜਿਉਣ ਦਾ ਕੋਈ ਮਕਸਦ ਨਹੀਂ ਸੀ ਮਿਲ ਰਿਹਾ। ਕੁੱਝ ਵੀ ਚੰਗਾ ਨਹੀਂ ਸੀ ਲੱਗ ਰਿਹਾ। ਇੱਕ ਜਿੰਦਾ ਲਾਸ਼ ਬਣ ਕੇ ਘੁੰਮਦੀ ਫਿਰਦੀ ਸਾਂ। ਅਚਾਨਕ ਬੜੀਆਂ ਅਜੀਬ ਪ੍ਰਸਥਿਤੀਆਂ 'ਚ ਇੱਕ ਟਾਪੂ ਤੇ ਮੈਨੂੰ ਤੂੰ ਮਿਲਿਆ। ਤੇਰੇ ਮਿਲਣ ਤੋਂ ਬਾਅਦ ਮੇਰੀ ਜ਼ਿੰਦਗੀ 'ਚ ਜਬਰਦਸਤ ਮੋੜ ਆਇਆ। ਸਭ ਕੁੱਝ ਹੀ ਬਦਲ ਗਿਆ। ਮੈਂ ਵੀ ਹੈਰਾਨ ਤੇ ਮਾਂ-ਬਾਪ ਵੀ ਹੈਰਾਨ।

ਪਿਛਾਂਹ ਵੱਲ ਨਜ਼ਰ ਮਾਰਦੀ ਹਾਂ। ਉਹ ਹਰਿਆ-ਭਰਿਆ ਟਾਪੂ ਨਜ਼ਰ ਪੈਂਦਾ, ਜਿੱਥੇ ਆਪਾਂ ਪਹਿਲੀ ਵਾਰ ਮਿਲੇ। ਦੂਰ ਇੱਕ ਪਾਸੇ ਬੈਠੀ ਮੈਂ ਠੰਢੀ ਤੇ

ਗਿੱਲੀ ਰੇਤ ਨਾਲ ਖੇਡ ਰਹੀ ਸੀ। ਆਪਣੇ ਹੀ ਖ਼ਿਆਲਾਂ ਵਿੱਚ ਗੁਆਚੀ, ਰੇਤ ਦਾ ਘਰ ਬਣਾਉਂਦੀ ਤੇ ਢਾਹ ਦਿੰਦੀ। ਬਣਾ ਲੈਂਦੀ, ਢਾਹ ਦਿੰਦੀ। ਤੂੰ ਚੁੱਪ-ਚਾਪ ਕਦ ਮੇਰੇ ਪਿੱਛੇ ਆ ਕੇ ਖੜੋ ਗਿਆ, ਮੈਨੂੰ ਪਤਾ ਨਹੀਂ ਸੀ ਲੱਗਾ। ਮੈਂ ਰੇਤ ਦਾ ਘਰ ਬਣਾ ਉਸ ਨੂੰ ਤੋੜਨ ਲੱਗੀ। ਤੂੰ ਅਚਾਨਕ ਬੋਲ ਪਿਆ, "ਪਲੀਜ਼ ਡੌਂਟ ਬਰੇਕ ਇਟ।"

ਮੈਂ ਹੈਰਾਨ ਹੋ ਗਈ। ਗਰਦਨ ਘੁਮਾ ਕੇ ਦੇਖਿਆ, ਪਿੱਛੇ ਤੂੰ ਖੜ੍ਹਾ ਸੀ। ਗੁੰਮ ਤੇ ਕਿਧਰੇ ਗੁਆਚਿਆ ਹੋਇਆ। ਤੂੰ ਲਗਾਤਾਰ ਉਸ ਰੇਤ ਦੇ ਘਰ ਵੱਲ ਵੇਖੀ ਜਾ ਰਿਹਾ ਸੀ। ਮੈਨੂੰ ਬੜਾ ਗੁੱਸਾ ਆਇਆ। ਕੋਈ ਮੇਰੀ ਪ੍ਰਾਈਵੇਸੀ ਵਿੱਚ ਇਸ ਤਰ੍ਹਾਂ ਦਖ਼ਲ ਕਿਵੇਂ ਦੇ ਸਕਦਾ ਹੈ। ਮੈਂ ਗੁੱਸੇ 'ਚ ਚਿੱਲਾਈ ਸੀ, "ਹੂ ਆਰ ਯੂ?"

ਤੇਰੇ ਚਿਹਰੇ 'ਤੇ ਘਬਰਾਹਟ ਸੀ। ਸ਼ਾਇਦ ਕੋਈ ਡਰ ਵੀ। ਕੁੱਝ ਚਿਰ ਤੱਕ ਤੂੰ ਉਸੇ ਤਰ੍ਹਾਂ ਸਥਿਰ ਖੜ੍ਹਾ ਰਿਹਾ। ਮੈਂ ਬੇ-ਸਬਰੀ ਨਾਲ ਤੇਰਾ ਕੋਈ ਜਵਾਬ ਸੁਣਨ ਲਈ ਤੇਰੇ ਮੂੰਹ ਵੱਲ ਵੇਖਦੀ ਰਹੀ। ਫੇਰ ਬੜੀ ਹੀ ਪਿਆਰੀ ਤੇ ਸਹਿਜ ਆਵਾਜ਼ ਵਿੱਚ ਤੂੰ ਬੋਲਿਆ, "ਇਹ ਬਹੁਤ ਸੋਹਣਾ ਬਣਿਆ ਹੈ, ਬੜਾ ਪਿਆਰਾ ਲੱਗਦਾ ਹੈ, ਇਸ ਨੂੰ ਇਸੇ ਤਰ੍ਹਾਂ ਰਹਿਣ ਦਿਓ, ਪਲੀਜ਼ ਤੋੜੋ ਨਾ।"

ਤੇਰੇ ਸ਼ਬਦਾਂ 'ਚ ਕੋਈ ਜਾਦੂ ਸੀ। ਆਵਾਜ਼ ਜਿਵੇਂ ਕੋਈ ਆਕਾਸ਼ਬਾਣੀ ਹੋ ਰਹੀ ਹੋਵੇ। ਤੈਨੂੰ ਵੀ ਪਤਾ ਨਹੀਂ ਸੀ, ਤੂੰ ਕੀ ਬੋਲ ਰਿਹਾ ਹੈਂ। ਸ਼ਬਦ ਤੇਰੇ ਧੁਰ ਅੰਦਰੋਂ ਆਪ-ਮੁਹਾਰੇ ਨਿਕਲੇ ਸਨ। ਤੂੰ ਪੰਜਾਬੀ ਵਿੱਚ ਬੋਲ ਰਿਹਾ ਸੀ।

ਐਸੀਆਂ ਥਾਂਵਾਂ ਹਰ ਕੋਈ ਅੰਗਰੇਜ਼ੀ 'ਚ ਹੀ ਗੱਲ ਕਰਦਾ ਹੈ। ਪਹਿਲਾਂ ਤੂੰ ਵੀ ਅੰਗਰੇਜ਼ੀ 'ਚ ਹੀ ਬੋਲਿਆ ਸੀ। ਖ਼ੈਰ, ਜੋ ਵੀ ਸੀ, ਕੈਰੇਬੀਅਨ ਸਮੁੰਦਰ ਵਿਚਲੇ ਇਸ ਟਾਪੂ ਉੱਪਰ ਤੇਰਾ ਇਹ, "ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ' ਵਾਲਾ ਦਖ਼ਲ ਮੈਨੂੰ ਬਿਲਕੁਲ ਚੰਗਾ ਨਹੀਂ ਸੀ ਲੱਗਾ। ਮੈਂ ਹੋਰ ਘੂਰ ਕੇ ਤੇਰੇ ਵੱਲ ਵੇਖਿਆ।

ਤੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਤੂੰ ਕਾਹਲੀ-ਕਾਹਲੀ ਬੋਲ ਆਪਣੀ ਸਫ਼ਾਈ ਪੇਸ਼ ਕਰਨ ਲੱਗਾ, "ਆਈ ਐਮ ਸੌਰੀ, ਆਈ ਐਮ ਵੈਰੀ ਸੌਰੀ, ਆਈ ਡੌਂਟ ਮੀਨ ਟੂ ਡਿਸਟਰਬ ਯੂ, ਆਈ ਡੌਂਟ ਮੀਨ ਟੂ ਹਾਰਾਸ਼ ਯੂ, ਇਟ ਜਸਟ ਹੈਂਪਨਡ, ਜਸਟ ਸਡਨਲੀ।"

ਤੂੰ ਵਾਰ-ਵਾਰ ਸੌਰੀ ਕਹਿ ਕੇ ਮਾਫ਼ੀ ਮੰਗੀ। ਤੇਰੀ ਆਵਾਜ਼ ਕੰਬ ਰਹੀ ਸੀ। ਮੈਂ ਚੁੱਪ-ਚਾਪ ਖੜ੍ਹੀ ਤੇਰੇ ਮੂੰਹ ਵੱਲ ਵੇਖ ਰਹੀ ਸੀ। ਤੇਰੀਆਂ ਨਜ਼ਰਾਂ ਤੇ ਚਿਹਰੇ ਉੱਪਰਲੀ ਮਾਸੂਮੀਅਤ ਦੱਸ ਰਹੀ ਸੀ ਤੂੰ ਸੱਚ ਬੋਲ ਰਿਹਾ ਹੈਂ। ਉਸ ਟੋਕਾ-ਟਾਕੀ ਦਾ ਤੈਨੂੰ ਪਛਤਾਵਾ ਹੈ।

ਮੈਂ ਤੇਰੀ ਪ੍ਰੇਸ਼ਾਨੀ ਨੂੰ ਸਮਝਿਆ। ਚਿਹਰੇ ਉੱਪਰਲੀ ਮਾਸੂਮੀਅਤ ਦਾ

ਮੇਰੇ 'ਤੇ ਕੋਈ ਜਾਦੂਮਈ ਅਸਰ ਹੋਇਆ। ਭੁੱਲ ਗਈ ਕਿੱਥੇ ਖੜ੍ਹੀ ਹਾਂ। ਅਚਾਨਕ ਮੇਰੇ ਮੂੰਹੋਂ ਇਹ ਬੋਲ ਹੋ ਗਿਆ, "ਕੋਈ ਗੱਲ ਨਹੀਂ।" ਤੇ ਮੈਂ ਚੁੱਪ-ਚਾਪ ਰੇਤ ਦੀ ਉਸ ਢੇਰੀ ਕੋਲ ਦੁਬਾਰਾ ਬੈਠ ਗਈ। ਬੈਠਣ ਸਾਰ ਖ਼ਿਆਲ ਆਇਆ, 'ਹੈਂਅ! ਆਹ ਕੀ! ਮੈਂ ਤਾਂ ਖ਼ੁਦ ਪੰਜਾਬੀ ਬੋਲ ਗਈ। ਐਨੇ ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ ਹਾਂ, ਆਹ ਕੀ ਕਰ ਬੈਠੀ।' ਤੇ ਮੈਂ ਪ੍ਰੇਸ਼ਾਨੀ ਮਹਿਸੂਸ ਕਰਨ ਲੱਗੀ।

ਮੇਰੇ ਮੂੰਹੋਂ ਪੰਜਾਬੀ ਸੁਣ ਕੇ ਤੂੰ ਜਾਣ ਦੀ ਬਜਾਏ ਉੱਥੇ ਹੀ ਖੜੋ ਗਿਆ। ਤੇਰੀ ਪ੍ਰੇਸ਼ਾਨੀ ਕਾਫ਼ੀ ਹੱਦ ਤੱਕ ਗਾਇਬ ਹੋ ਗਈ। ਤੂੰ ਮੁਸਕਰਾਉਣ ਦੀ ਕੋਸ਼ਿਸ਼ ਵੀ ਕੀਤੀ। ਇੱਕ ਬੇਹੂਦਾ ਸਵਾਲ ਵੀ ਪੁੱਛਿਆ, "ਮੈਂ ਪਾਕਿਸਤਾਨੀ ਹਾਂ ਜਾਂ ਇੰਡੀਅਨ?"

ਮੈਂ ਕੋਈ ਜਵਾਬ ਨਹੀਂ ਸੀ ਦਿੱਤਾ। ਗੁੱਸੇ ਭਰੀਆਂ ਨਜ਼ਰਾਂ ਨਾਲ ਤੇਰੇ ਵੱਲ ਵੇਖਿਆ ਸੀ। ਤੂੰ ਫਿਰ ਸੌਰੀ ਕਹਿ ਦਿੱਤਾ। ਫੇਰ ਮੇਰੇ ਸਾਹਮਣੇ ਕੁੱਝ ਫਾਸਲੇ ਤੇ ਰੇਤ ਉੱਪਰ ਬੈਠ ਗਿਆ। ਸੋਚਣ ਲੱਗੀ, 'ਹੁਣ ਕੀ ਕਰਾਂ, ਕਿਵੇਂ ਖਹਿੜਾ ਛੁਡਾਵਾਂ।' ਫੇਰ ਪਤਾ ਨੀ ਮੈਨੂੰ ਕੀ ਹੋਇਆ ਕਿ ਅਚਾਨਕ ਰੇਤ ਦੇ ਬਣੇ ਘਰ ਵੱਲ ਇਸ਼ਾਰਾ ਕਰਕੇ ਪੁੱਛ ਬੈਠੀ, "ਰੇਤ ਦੇ ਇਸ ਘਰ ਵਿੱਚ ਤੈਨੂੰ ਕੀ ਸੋਹਣਾ ਲੱਗਾ?"

"ਘਰ, ਮਹਿਲ ਹੋਵੇ ਜਾਂ ਝੌਂਪੜੀ, ਇੱਟਾਂ ਦਾ ਹੋਵੇ ਜਾਂ ਰੇਤ ਮਿੱਟੀ ਦਾ, ਘਰ ਤਾਂ ਬੱਸ ਘਰ ਹੁੰਦਾ ਹੈ। ਜਦ ਢਹਿੰਦਾ ਹੈ, ਟੁੱਟਦਾ ਹੈ, ਦਰਦ ਤਾਂ ਹੁੰਦਾ ਹੀ ਹੈ। ਟੁੱਟੇ ਘਰਾਂ ਦਾ ਦਰਦ ਉਹੀ ਸਮਝ ਸਕਦੇ ਨੇ, ਜਿਨ੍ਹਾਂ ਦੇ ਆਪਣੇ ਘਰ ਟੁੱਟੇ ਹੋਣ।" ਐਨੀ ਗੱਲ ਕਹਿ ਤੂੰ ਨਜ਼ਰਾਂ ਨੀਵੀਆਂ ਕਰ ਲਈਆਂ ਤੇ ਜ਼ਮੀਨ ਵੱਲ ਦੇਖਣ ਲੱਗ ਪਿਆ।

ਤੇਰੀਆਂ ਗੱਲਾਂ 'ਚ ਕੋਈ ਦਰਦ ਸੀ। ਫਿਲਾਸਫ਼ਰਾਂ ਵਰਗੀ ਬੋਲੀ ਤੇ ਭਾਰੀ ਆਵਾਜ਼ ਨੇ ਮੈਨੂੰ ਹੈਰਾਨ ਕੀਤਾ। ਸੋਚਣ ਲੱਗੀ, 'ਕੀ ਤੇਰਾ ਵੀ ਕੋਈ ਘਰ ਸੀ, ਜੋ ਟੁੱਟ ਚੁੱਕਾ ਹੈ।' ਕੁੱਝ ਸੋਚ ਕੇ ਮੈਂ ਰੇਤ ਦਾ ਉਹ ਘਰ ਉਸੇ ਤਰ੍ਹਾਂ ਛੱਡ ਦਿੱਤਾ।

'ਚਲੋ....ਬਾਕੀ ਛੱਡੋ। ਆਪਾਂ ਛੋਟੀਆਂ-ਛੋਟੀਆਂ ਗੱਲਾਂ ਕਰਨ ਲੱਗੇ। ਤੂੰ ਬੋਲਦਾ ਰਿਹਾ। ਮੈਂ ਸੁਣਦੀ ਰਹੀ। ਗੱਲਾਂ ਕਰਦਾ-ਕਰਦਾ ਤੂੰ ਐਨਾ ਭਾਵੁਕ ਹੋ ਗਿਆ, ਜ਼ਿੰਦਗੀ ਦੀਆਂ ਉਹ ਪਰਤਾਂ ਵੀ ਖੋਲ੍ਹ ਦਿੱਤੀਆਂ, ਜੋ ਸਿਰਫ਼ ਖ਼ਾਸ ਆਪਣਿਆਂ ਕੋਲ ਹੀ ਖੋਲ੍ਹੀਆਂ ਜਾਂਦੀਆਂ ਨੇ।

ਮੈਂ ਹੈਰਾਨ, 'ਬੜਾ ਅਜੀਬ ਇਨਸਾਨ ਹੈ। ਨਾ ਮੇਰਾ ਨਾਮ ਜਾਣਦਾ ਹੈ, ਨਾ ਘਰ, ਪਿੰਡ, ਸ਼ਹਿਰ, ਜਾਤ, ਕੰਮਕਾਰ। ਆਪਣਾ ਸਭ ਕੁੱਝ ਮੇਰੇ ਸਾਹਮਣੇ ਇੰਝ ਖਿਲਾਰ ਦਿੱਤਾ, ਜਿਵੇਂ ਚਿਰਾਂ ਤੋਂ ਮੈਨੂੰ ਜਾਣਦਾ ਹੋਵੇ।'

ਤੇਰੀ ਦੁੱਖਾਂ ਭਰੀ ਕਹਾਣੀ ਮੇਰੇ 'ਤੇ ਅਸਰ ਕਰਨ ਲੱਗੀ। ਤੇਰੇ ਦੁੱਖਾਂ

ਸਾਹਮਣੇ ਆਪਣੇ ਦੁੱਖ ਹੌਲ਼ੇ ਜਾਪਣ ਲੱਗੇ। ਬਹੁਤ ਦੇਰ ਚੁੱਪ ਬੈਠੀ ਤੇਰੇ ਬਾਰੇ ਸੋਚਦੀ ਰਹੀ ਤੇ ਸ਼ਾਇਦ ਤੂੰ ਮੇਰੇ ਬਾਰੇ। ਸੋਚਿਆ, 'ਐਡਾ ਵੱਡਾ ਦਰਦ ਢਿੱਡ 'ਚ ਲਈ ਫਿਰਦਾ ਹੈ, ਇਹ ਜੀਅ ਕਿਸ ਤਰ੍ਹਾਂ ਰਿਹਾ ਹੈ। ਫਿਰ ਦਰਦ ਵੀ ਉਹ, ਜੋ ਇਸਨੇ ਆਪ ਨਹੀਂ ਸਹੇੜਿਆ। ਜਬਰਦਸਤੀ ਕਿਸੇ ਨੇ ਇਸ ਦੇ ਗਲ ਮੜ੍ਹ ਦਿੱਤਾ ਤੇ ਮੈਂ....ਮੈਂ ਤਾਂ ਸਾਰੇ ਦਰਦ ਆਪ ਸਹੇੜੇ ਨੇ। ਜਾਣੇ-ਅਣਜਾਣੇ ਆਪ ਗਲਤੀ ਕੀਤੀ ਹੈ। ਹੁਣ ਆਪ ਵੀ ਦੁਖੀ ਤੇ ਮਾਂ-ਬਾਪ ਵੀ।'

ਕਾਫ਼ੀ ਦੇਰ ਚੁੱਪ ਬੈਠੇ ਰਹੇ। ਫੇਰ ਤੂੰ ਬੋਲਿਆ, "ਆਪਣੇ ਬਾਰੇ ਕੁੱਝ ਨੀ ਦੱਸੇਂਗੀ?"

ਮੈਂ ਸਮੁੰਦਰ ਵੱਲ ਵੇਖਣ ਲੱਗੀ। ਰੇਤ ਵਿੱਚ ਉਂਗਲਾਂ ਮਾਰਨ ਲੱਗੀ। ਸੋਚਿਆ, 'ਕੀ ਦੱਸਾਂ!' ਮੇਰੀ ਜ਼ਿੰਦਗੀ ਬਾਰੇ ਤੇ ਚੱਲ ਰਹੇ ਵਰਤਾਰੇ ਬਾਰੇ ਮੈਂ ਖ਼ੁਦ ਹੀ ਸਪੱਸ਼ਟ ਨਹੀਂ ਸੀ, ਕੀ ਦਸਦੀ। ਤੂੰ ਲਗਾਤਾਰ ਮੇਰੇ ਵੱਲ ਵੇਖ ਰਿਹਾ ਸੀ। ਮੇਰੀਆਂ ਅੱਖਾਂ ਜਾਂ ਚਿਹਰੇ 'ਤੇ ਕੁੱਝ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਚੁੱਪ ਹੀ ਬੈਠੀ ਰਹੀ।

ਤੂੰ ਫਿਰ ਕਿਹਾ, 'ਕੁੱਝ ਤਾਂ ਬੋਲ....ਕੁੱਝ ਤਾਂ ਕਹਿ। ਸੱਚ ਨਹੀਂ ਦੱਸਣਾ ਤਾਂ ਕੁਝ ਝੂਠ-ਮੂਠ ਹੀ ਸਹੀ।'

ਇਹ ਸੁਣ ਮੇਰੇ ਮਨ 'ਚ ਇੱਕ ਚੀਸ ਜਿਹੀ ਉੱਠੀ। ਹਉਕਾ ਜਿਹਾ ਲਿਆ ਤੇ ਕੁੱਝ ਬੋਲਣ ਦੀ ਕੋਸ਼ਿਸ਼ ਵੀ ਕੀਤੀ ਪਰ ਮੈਥੋਂ ਬੋਲ ਨਾ ਹੋਇਆ। ਤੂੰ ਮੇਰੇ ਵੱਲ ਵੇਖ ਰਿਹਾ ਸੀ। ਤੇਰੀਆਂ ਸ਼ਾਂਤ ਅੱਖਾਂ ਵਿੱਚ ਹਮਦਰਦੀ ਸੀ, ਪਿਆਰ ਸੀ, ਦਿਲਾਸਾ ਸੀ, ਹੋਰ ਬੜਾ ਕੁੱਝ ਸੀ। ਮੇਰੀ ਹਾਲਤ ਐਸੀ ਹੋ ਗਈ, ਨਾ ਕੁੱਝ ਬੋਲ ਹੋਵੇ, ਨਾ ਤੇਰੀਆਂ ਅੱਖਾਂ ਵੱਲ ਵੇਖ ਹੋਵੇ। ਮੈਂ ਬਹੁਤ ਭਾਵੁਕ ਹੋ ਗਈ, ਬਹੁਤ ਭਾਵੁਕ। ਬੱਸ ਫੇਰ ਤਾਂ ਪਤਾ ਹੀ ਨਾ ਲੱਗਾ, ਕਦ ਮੇਰੀਆਂ ਬਾਹਾਂ ਤੇਰੇ ਗਲ ਦੁਆਲੇ ਵਲੀਆਂ ਗਈਆਂ। ਅੱਖਾਂ 'ਚੋਂ ਪਾਣੀ ਵਗਣ ਲੱਗਾ।

ਤੂੰ ਮੈਨੂੰ ਆਪਣੀਆਂ ਬਾਹਾਂ 'ਚ ਘੁੱਟ ਲਿਆ। ਮੇਰੇ ਮੋਢਿਆਂ ਨੂੰ ਥਪ-ਥਪਾ ਕੇ ਹੌਸਲਾ ਦੇਣ ਦੀ ਕੋਸ਼ਿਸ਼ ਕਰਨ ਲੱਗਾ। ਮੈਨੂੰ ਬੜਾ ਹੀ ਚੰਗਾ ਲੱਗਾ। ਮਨ ਨੂੰ ਕੋਈ ਅਜੀਬ ਸਕੂਨ ਮਿਲਿਆ। ਕਿੰਨਾ ਹੀ ਚਿਰ ਅਸੀਂ ਚੁੱਪ-ਚਾਪ ਇਸੇ ਤਰ੍ਹਾਂ ਬੈਠੇ ਰਹੇ।

ਬਾਅਦ ਵਿੱਚ ਕੁੱਝ ਸੰਭਲੇ। ਭਾਵੁਕਤਾ ਤੋਂ ਬਾਹਰ ਆਏ। ਅਸੀਂ ਹੋਰ ਗੱਲਾਂ ਕਰਨ ਲੱਗੇ। ਆਪਾਂ ਬਹੁਤ ਗੱਲਾਂ ਕੀਤੀਆਂ ਪਰ ਫਿਰ ਵੀ ਤੂੰ ਹੀ ਬੋਲਦਾ ਰਿਹਾ ਤੇ ਮੈਂ ਹੁੰਗਾਰਾ ਭਰਦੀ ਰਹੀ। ਆਪਣੇ ਬਾਰੇ ਮੈਂ ਤੈਨੂੰ ਕੁੱਝ ਵੀ ਨਾ ਦੱਸਿਆ। ਮੈਂ ਖ਼ੁਸ਼ ਸੀ, ਤੂੰ ਇਸਦਾ ਬੁਰਾ ਨਹੀਂ ਮਨਾਇਆ। ਕੁੱਝ ਚਿਰ ਬਾਅਦ ਤੂੰ ਜਹਾਜ਼ 'ਚ ਜਾਣਾ ਸੀ। ਮੈਂ ਹੋਟਲ ਵਾਪਸ ਮੁੜਨਾ ਸੀ। ਆਪਾਂ ਇੱਕ ਦੂਜੇ ਤੋਂ ਵਿਦਾ ਹੋਣ ਲੱਗੇ। ਵਿਦਾ ਹੋਣ ਵੇਲੇ ਬੜੇ ਭਾਵੁਕ ਸ਼ਬਦਾਂ 'ਚ ਤੂੰ ਕਿਹਾ,

"ਮੈਨੂੰ ਨਹੀਂ ਪਤਾ ਤੂੰ ਕੌਣ ਹੈਂ, ਕੀ ਹੈਂ ਤੇ ਕਿੱਥੋਂ ਹੈਂ, ਦੱਸੋ ਕੀ ਮੇਰੇ ਨਾਲ ਸ਼ਾਦੀ ਕਰਨਾ ਚਾਹੇਂਗੀ? ਅਗਰ ਤੂੰ ਹਾਂ ਕਹੇਂ ਤਾਂ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ।"

ਤੂੰ ਤਾਂ ਮੈਨੂੰ ਹੈਰਾਨ ਹੀ ਕਰ ਦਿੱਤਾ। ਤੇਰੇ ਮੂੰਹੋਂ ਇਹ ਸ਼ਬਦ ਸੁਣ ਕੇ ਮੈਨੂੰ ਅਜੀਬ ਖ਼ੁਸ਼ੀ ਹੋਈ। ਅੰਦਰ ਪੂਰਾ ਹੀ ਠਰ ਗਿਆ। ਐਨਾ ਚੰਗਾ ਲੱਗਾ ਕਿ ਮੈਂ ਦੱਸ ਨਹੀਂ ਸਕਦੀ ਪਰ ਮੈਂ ਚੁੱਪ ਸੀ। ਇੱਕ ਵਾਰ ਫਿਰ ਤੂੰ ਮੈਨੂੰ ਬਾਹਾਂ 'ਚ ਲੈ ਲਿਆ। ਮੇਰੀਆਂ ਬਾਹਾਂ ਵੀ ਆਪੇ ਹੀ ਤੇਰੇ ਲੱਕ ਦੁਆਲੇ ਕਸੀਆਂ ਗਈਆਂ। ਤੇਰੀ ਉਹ ਗੱਲ ਤੇ ਪਿਆਰ ਭਰੀ ਗਲਵੱਕੜੀ ਨੇ, ਮੈਨੂੰ ਜ਼ਿੰਦਗੀ ਦਾ ਕੋਈ ਮਕਸਦ ਦੇ ਦਿੱਤਾ।

ਰਵੀ ਮੈਂ ਅੰਦਰੋਂ ਬਹੁਤ ਖ਼ੁਸ਼ ਸਾਂ, ਬਹੁਤ ਖ਼ੁਸ਼ ਪਰ ਫਿਰ ਵੀ ਸ਼ਾਦੀ ਲਈ ਨਾਂਹ ਕੀਤੀ ਸੀ, 'ਨਹੀਂ....ਅਜੇ ਨਹੀਂ।'

ਮੈਂ ਤਾਂ ਖ਼ੁਦ ਇੱਕ ਉਲਝੀ ਤਾਣੀ ਸੀ, ਤੈਨੂੰ ਕਿਉਂ ਉਲਝਾਉਂਦੀ। ਹਾਂ ਵਾਅਦਾ ਕੀਤਾ ਸੀ। ਅਗਰ ਫਿਰ ਮਿਲੇ ਤਾਂ ਇਸ ਦਾ ਜਵਾਬ ਦੇਵਾਂਗੀ। ਆਪਣੇ ਬਾਰੇ ਵੀ ਸਭ ਕੁੱਝ ਦੱਸਾਂਗੀ। ਤੂੰ ਫਿਰ ਕੋਈ ਗਿਲਾ ਨਹੀਂ ਕੀਤਾ।

ਆਪਾਂ ਦੁਬਾਰਾ ਮਿਲ ਨਹੀਂ ਸਕੇ। ਸ਼ਾਇਦ ਤੇਰਾ ਜਹਾਜ਼ ਦੁਬਾਰਾ ਕੈਰੇਬੀਅਨ ਟਾਪੂ ਜਾਂ ਅਮਰੀਕਾ ਵੱਲ ਨਾ ਆਇਆ ਹੋਵੇ। ਤੇਰੀ ਚਿੱਠੀ ਮਿਲੀ ਸੀ। ਉਸ ਵਕਤ ਤੱਕ ਵੀ ਮੇਰੀ ਤਾਣੀ ਸੁਲਝੀ ਨਹੀਂ ਸੀ। ਮੈਂ ਉਸਦਾ ਜਵਾਬ ਦੇਣਾ ਠੀਕ ਨਹੀਂ ਸਮਝਿਆ। ਹੁਣ ਸਭ ਕੁੱਝ ਸਾਫ਼ ਹੋ ਗਿਆ ਹੈ। ਸਮਾਂ ਆ ਗਿਆ ਹੈ। ਸਾਰੀ ਗੱਲ ਤੈਨੂੰ ਦੱਸਾਂ ਤੇ ਜ਼ਿੰਦਗੀ ਤੋਂ ਸੁਰਖ਼ੁਰੂ ਹੋ ਜਾਵਾਂ।

ਅਮਰੀਕਾ ਆਇਆਂ ਨੂੰ ਕਈ ਸਾਲ ਹੋ ਗਏ ਸਨ। ਸਭ ਬੜਾ ਠੀਕ-ਠਾਕ ਚੱਲ ਰਿਹਾ ਸੀ। ਸਾਰੇ ਖ਼ੁਸ਼ ਸਾਂ। ਪਰਿਵਾਰ ਬੜੀ ਚੰਗੀ ਤਰ੍ਹਾਂ ਸੈਟਲ ਸੀ। ਸ਼ਾਂਤ ਖੜ੍ਹੇ ਪਾਣੀਆਂ ਵਿੱਚ ਅਚਾਨਕ ਭੂਚਾਲ ਆ ਗਿਆ। ਮੈਨੂੰ ਬੁਖ਼ਾਰ ਦੀ ਸ਼ਿਕਾਇਤ ਹੋਣ ਲੱਗੀ। ਫਿਰ ਕੋਈ ਨਾ ਕੋਈ ਇਨਫੈਕਸ਼ਨ ਝੱਟ ਹੀ ਹੋ ਜਾਂਦੀ। ਕੰਪਲੀਟ ਟੈਸਟ ਹੋਏ। ਡਾਕਟਰ ਨੇ ਪਤਾ ਨਹੀਂ ਮੰਮੀ-ਪਾਪਾ ਨੂੰ ਕੀ ਦੱਸਿਆ, ਸੁਣ ਉਨ੍ਹਾਂ ਦੇ ਹੋਸ਼ ਉੱਡ ਗਏ ਪਰ ਮੈਨੂੰ ਮੇਰੀ ਬਿਮਾਰੀ ਬਾਰੇ ਕੁੱਝ ਨਾ ਦੱਸਿਆ ਗਿਆ।

ਮੰਮੀ-ਪਾਪਾ ਦੇ ਵਿਵਹਾਰ ਵਿੱਚ ਤਬਦੀਲੀ ਆ ਗਈ। ਘਰ ਦਾ ਬਹੁਤ ਹੀ ਖ਼ੁਸ਼ਗਵਾਰ ਤੇ ਪਿਆਰਾ ਮਾਹੌਲ, ਅਚਾਨਕ ਬਹੁਤ ਹੀ ਖ਼ੁਸ਼ਕ ਤੇ ਗ਼ਮਗੀਨ ਹੋ ਗਿਆ। ਕੁੱਝ ਪੁੱਛਦੀ ਤਾਂ ਦੱਸਣ ਦੀ ਬਜਾਏ, ਮੰਮੀ-ਪਾਪਾ ਰੁੱਖੀਆਂ ਗੱਲਾਂ ਕਰਨ ਲੱਗ ਜਾਂਦੇ। ਗੁੱਸੇ 'ਚ ਬੋਲਦੇ। ਮੈਂ ਹੈਰਾਨ ਸਾਂ ਤੇ ਪ੍ਰੇਸ਼ਾਨ ਵੀ। ਸਰੀਰਕ ਕਮਜ਼ੋਰੀ ਵੀ ਮਹਿਸੂਸ ਹੋਣ ਲੱਗੀ।

ਮੈਨੂੰ ਅਹਿਸਾਸ ਹੋਣ ਲੱਗਾ ਕਿ ਮੈਂ ਕਿਸੇ ਭਿਆਨਕ ਬਿਮਾਰੀ ਦੀ ਸ਼ਿਕਾਰ ਹੋ ਗਈ ਹਾਂ। ਮੈਂ ਬਹੁਤ ਰੋਈ। ਘਰ ਦਾ ਮਾਹੌਲ ਐਨਾ ਘੁਟਣ ਭਰਿਆ

ਕਿ ਇੱਕ ਦੂਜੇ ਦੇ ਮੱਥੇ ਲੱਗਣਾ ਵੀ ਮੁਸ਼ਕਿਲ। ਕਾਲਜ ਜਾਣ ਜਾਂ ਕਿਸੇ ਹੋਰ ਕੰਮ ਕਰਨ ਦਾ ਹੁਣ ਕੋਈ ਮਕਸਦ ਨਹੀਂ ਸੀ ਰਹਿ ਗਿਆ। ਮੰਮੀ ਦੀ ਹਾਲਤ ਵੇਖੀ ਨਹੀਂ ਸੀ ਜਾਂਦੀ। ਘਰ ਰਹਿਣਾ ਹੋਰ ਵੀ ਔਖਾ ਲੱਗੇ। ਮੈਂ ਵੱਧ ਤੋਂ ਵੱਧ ਘਰ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ।

ਜਦੋਂ ਮੈਂ ਤੈਨੂੰ ਮਿਲੀ, ਉਹ ਵੀ ਮਾਂ-ਬਾਪ ਤੋਂ ਦੂਰ ਰਹਿਣ ਦਾ ਇੱਕ ਬਹਾਨਾ ਸੀ। ਕੁੱਝ ਦਿਨਾਂ ਲਈ ਉਸ ਕੈਰੇਬੀਅਨ ਟਾਪੂ ’ਤੇ ਰਹਿਣ ਲਈ ਗਈ ਸਾਂ। ਮੈਨੂੰ ਇਹ ਅਹਿਸਾਸ ਹੋਣ ਲੱਗਾ ਸੀ ਕਿ ਹੁਣ ਕਦੀ ਵੀ ਮੇਰਾ ਆਪਣਾ ਕੋਈ ਘਰ ਪਰਿਵਾਰ ਨਹੀਂ ਹੋਵੇਗਾ। ਇਸੇ ਲਈ ਹਰ ਰੋਜ਼ ਬੀਚ ’ਤੇ ਜਾ, ਰੇਤ ਦੇ ਘਰ ਬਣਾ-ਬਣਾ ਮਨ ਪਰਚਾਉਂਦੀ ਰਹਿੰਦੀ। ਜ਼ਿੰਦਗੀ ਬਾਰੇ ਸੋਚਦੀ ਤਾਂ ਅੱਗੇ ਕੋਈ ਹਨੇਰੀ ਖਾਈ ਦਿਖਾਈ ਦਿੰਦੀ। ਪਿੱਛੇ ਨੂੰ ਸੋਚਦੀ ਤਾਂ ਆਪਣੀ ਬੇ-ਅਕਲੀ ਸਾਹਮਣੇ ਆ ਜਾਂਦੀ। ਭਾਵੇਂ ਮੰਮੀ-ਪਾਪਾ ਨੇ ਮੈਨੂੰ ਕੁੱਝ ਵੀ ਸਪੱਸ਼ਟ ਨਹੀਂ ਸੀ ਕੀਤਾ ਤੇ ਮੈਂ ਵੀ ਆਪਣੀ ਕੋਈ ਗੱਲ ਮੰਮੀ-ਪਾਪਾ ਨੂੰ ਨਹੀਂ ਸੀ ਦੱਸੀ, ਫਿਰ ਵੀ ਮੈਂ ਮੌਤ ਦਾ ਇੰਤਜ਼ਾਰ ਕਰਨ ਲੱਗ ਪਈ ਸਾਂ ਤੇ ਇਹ ਇੰਤਜ਼ਾਰ ਦਾ ਸਮਾਂ ਬੜਾ ਔਖਾ ਲੱਗਦਾ ਸੀ।

ਅਚਾਨਕ ਤੂੰ ਮਿਲ ਪਿਆ। ਤੇਰੀ ਕਹਾਣੀ ਸੁਣੀ ਤਾਂ ਸਭ ਕੁੱਝ ਹੀ ਬਦਲ ਗਿਆ। ਮੌਤ ਦਾ ਉਹ ਔਖਾ ਤੇ ਦੁਖਦਾਈ ਇੰਤਜ਼ਾਰ, ਸੌਖਾ ਲੱਗਣ ਲੱਗਾ। ਸੋਚਿਆ, ‘ਲੋਕ ਪਹਾੜ ਜਿੱਡੇ ਦੁੱਖ ਆਪਣੇ ਸੀਨੇ ਵਿੱਚ ਲਈ ਫਿਰਦੇ ਹਨ ਤੇ ਜੀਅ ਰਹੇ ਹਨ।’ ਇਸ ਗੱਲ ਨੇ ਮੈਨੂੰ ਬਹੁਤ ਹੌਸਲਾ ਦਿੱਤਾ। ਮੇਰੇ ਅੰਦਰ ਜਬਰਦਸਤ ਤਬਦੀਲੀ ਆਈ।

ਮੈਂ ਆਪਣੇ ਸੀਨੇ ਨੂੰ ਪੱਥਰ ਬਣਾ ਲਿਆ। ਹੁਣ ਮੰਮੀ-ਪਾਪਾ ਜਾਂ ਕਿਸੇ ਦੀ ਗੱਲ ਦਾ ਬੁਰਾ ਨਹੀਂ ਮਨਾਉਂਦੀ। ਕਈ ਵਾਰ ਮੰਮੀ ਘੁੱਟ ਕੇ ਸੀਨੇ ਨਾਲ ਲਾ ਕਿੰਨਾ-ਕਿੰਨਾ ਚਿਰ ਦੁਲਾਰਦੀ ਰਹਿੰਦੀ ਹੈ। ਉਸ ਦੀਆਂ ਅੱਖਾਂ ਵਿੱਚ ਪਾਣੀ ਭਰ ਜਾਂਦਾ ਹੈ। ਜੋ ਮੈਥੋਂ ਵੇਖਿਆ ਨਹੀਂ ਜਾਂਦਾ। ਪਾਪਾ ਦੇ ਵਤੀਰੇ ਵਿੱਚ ਵੀ ਤਬਦੀਲੀ ਹੈ। ਮੈਂ ਜਾਣਦੀ ਹਾਂ, ਉਨ੍ਹਾਂ ਦੇ ਮਨ ਵਿੱਚ ਬਹੁਤ ਵੱਡਾ ਦੁੱਖ ਹੈ, ਜਿਸ ਨੂੰ ਉਨ੍ਹਾਂ ਪ੍ਰਮਾਤਮਾ ਦੀ ਹੋਣੀ ਮੰਨ ਲਿਆ ਹੈ।

ਮੇਰੇ ਅੰਦਰ ਆਈ ਤਬਦੀਲੀ ਤੇਰੇ ਮਿਲਣ ਕਰਕੇ ਹੈ। ਤੇਰੀ ਦਰਦਾਂ ਭਰੀ ਕਹਾਣੀ ਸੁਣਨ ਕਰਕੇ ਹੈ। ਤੇਰੇ ਨਾਲ ਕੀਤੀਆਂ ਗੱਲਾਂ ਕਰਕੇ ਹੈ। ਤੇਰੀ ਉਹ ਘੁੱਟ ਕੇ ਪਾਈ ਜੱਫੀ, ਜਤਾਏ ਮੋਹ ਤੇ ਪਿਆਰ ਕਰਕੇ ਹੈ। ਵਰਨਾ ਮੇਰੀ ਰੂਹ ਭਟਕ ਹੀ ਰਹੀ ਸੀ। ਪਹਿਲਾਂ ਜਿਸ ਇਨਸਾਨ ਦੀਆਂ ਅੱਖਾਂ ਤੇ ਦਿਲ ’ਚ ਮੈਂ ਪਿਆਰ ਦੇਖਦੀ ਰਹੀ, ਉਹ ਸਭ ਛਲਾਵਾ ਜੁ ਸਾਬਤ ਹੋਇਆ ਸੀ।

ਪਿਆਰ ਤਾਂ ਤੇਰੀਆਂ ਅੱਖਾਂ ’ਚ ਸੀ। ਕੋਈ ਰੂਹਾਨੀ ਪਿਆਰ। ਵਿਡੰਬਨਾ...ਹੁਣ ਮੈਂ ਇਸ ਪਿਆਰ ਨੂੰ ਪਾਉਣ ਦੀ ਸਥਿਤੀ ’ਚ ਨਹੀਂ ਸੀ। ਫਿਰ

ਵੀ ਤੇਰੇ ਇਸ ਪਿਆਰ ਨੇ ਮੇਰੇ ਅੰਦਰ ਉਹ ਟੌਨਿਕ, ਉਹ ਸ਼ਕਤੀ, ਉਹ ਐਨਰਜੀ ਭਰ ਦਿੱਤੀ ਸੀ ਕਿ ਹੁਣ ਮੈਂ ਇੱਕ ਬਦਲੀ ਹੋਈ ਔਰਤ ਸਾਂ।

ਹੁਣ ਕਿਸੇ ਨਾਲ ਵੀ ਕੋਈ ਗਿਲਾ ਨਹੀਂ। ਫਿਰ ਵੀ ਇੱਕ ਗੱਲ ਵਾਰ-ਵਾਰ ਮਨ 'ਚ ਆਉਂਦੀ ਹੈ। ਜੋ ਕੁੱਝ ਵੀ ਮੈਂ ਭੁਗਤ ਰਹੀ ਹਾਂ, "ਉਸ ਵਿੱਚ ਮੇਰਾ ਕਸੂਰ ਕਿਵੇਂ ਹੈ? ਠੀਕ ਹੈ ਪਿਆਰ ਕੀਤਾ। ਕੀ ਪਿਆਰ ਕਰਨਾ ਪਾਪ ਹੈ? ਕਿਸੇ 'ਤੇ ਵਿਸ਼ਵਾਸ ਕਰਨਾ ਪਾਪ ਹੈ?"

ਯੂਨੀਵਰਸਿਟੀ 'ਚ ਪੜ੍ਹਦੀ ਸੀ। ਡੈਨੀਅਲ ਵੀ ਉੱਥੇ ਹੀ ਪੜ੍ਹਦਾ ਸੀ। ਚੰਗਾ ਲੱਗਣ ਲੱਗਾ। ਉਸ ਨਾਲ ਪਿਆਰ ਹੋ ਗਿਆ। ਪਿਆਰ ਕਰਨਾ ਕੋਈ ਜੁਰਮ ਨਹੀਂ। ਫੇਰ ਡੈਨੀਅਲ ਬੜੇ ਤਕੜੇ ਤੇ ਵਧੀਆ ਪਰਿਵਾਰ ਤੋਂ ਸੀ। ਉਹ ਵੀ ਮੈਨੂੰ ਬਹੁਤ ਪਿਆਰ ਕਰਦਾ ਸੀ। ਮੇਰੇ ਨਾਲ ਸ਼ਾਦੀ ਕਰਨਾ ਚਾਹੁੰਦਾ ਸੀ। ਅਸੀਂ ਕਾਲਜ ਪੂਰਾ ਹੋਣ ਤੋਂ ਬਾਅਦ ਸ਼ਾਦੀ ਕਰਨ ਦਾ ਫੈਸਲਾ ਕਰ ਲਿਆ। ਮਨ ਹੀ ਮਨ ਡੈਨੀਅਲ ਨੂੰ ਆਪਣਾ ਸਭ ਕੁੱਝ ਮੰਨਣ ਲੱਗ ਪਈ ਪਰ ਅਜੇ ਤੱਕ ਮੰਮੀ-ਡੈਡੀ ਨੂੰ ਕੁੱਝ ਵੀ ਨਹੀਂ ਸੀ ਦੱਸਿਆ, ਸੋਚਿਆ ਮੌਕਾ ਆਉਣ 'ਤੇ ਦੱਸ ਦੇਵਾਂਗੀ।

ਸ਼ਾਦੀ ਦੇ ਫੈਸਲੇ ਤੋਂ ਬਾਅਦ ਡੈਨੀਅਲ ਸਰੀਰਕ ਸਬੰਧ ਬਣਾਉਣ ਲਈ ਦਬਾਅ ਪਾਉਣ ਲੱਗਾ, "ਰਜਨੀ ਆਪਾਂ ਇੱਕ-ਦੂਜੇ ਨੂੰ ਪਤੀ-ਪਤਨੀ ਮੰਨ ਚੁੱਕੇ ਹਾਂ। ਸ਼ਾਦੀ!....ਉਹ ਤਾਂ ਇੱਕ ਸਮਾਜਿਕ ਰਸਮ ਹੈ। ਜਦ ਮਰਜ਼ੀ ਪੂਰੀ ਕਰ ਲਈਏ। ਆਈ ਲਵ ਯੂ ਡਾਰਲਿੰਗ।"

ਪੱਛਮ ਦਾ ਪ੍ਰਭਾਵ ਕਹਿ ਲਵੋ, ਕੁਆਰੇ ਮਨ ਦੀ ਸੁੱਚੀ ਭਾਵਨਾ ਕਹਿ ਲਵੋ, ਉਸ ਨਾਲ ਸਰੀਰਕ ਸਬੰਧ ਬਣਾ ਲਏ। ਮਨ ਨੂੰ ਇਹੀ ਤਸੱਲੀ ਦਿੰਦੀ ਰਹੀ, 'ਸ਼ਾਦੀ ਵੀ ਤਾਂ ਡੈਨੀਅਲ ਨਾਲ ਹੀ ਕਰਨੀ ਹੈ....ਕੀ ਗਲਤ ਹੈ।' ਬੱਸ ਏਥੇ ਹੀ ਮੈਂ ਧੋਖਾ ਖਾ ਬੈਠੀ।

ਹੁਣ ਸੋਚਦੀ ਹਾਂ ਮੈਂ ਗਲਤ ਸੀ। ਕਦੇ-ਕਦੇ ਇਹ ਵੀ ਸੋਚਦੀ ਹਾਂ, 'ਮੈਂ ਗਲਤ ਸੀ ਜਾਂ ਡੈਨੀਅਲ?'

ਪਰ ਹੁਣ ਸੋਚਣ ਦਾ ਕੀ ਫ਼ਾਇਦਾ। ਇੱਕ ਦਿਨ ਪਤਾ ਲੱਗਾ ਉਹ ਡਰੱਗਜ਼ ਦੀ ਵਰਤੋਂ ਕਰਦਾ ਹੈ। ਮੈਂ ਗੁੱਸਾ ਜ਼ਾਹਰ ਕੀਤਾ ਪਰ ਉਹ ਮੈਨੂੰ ਹੀ ਸਮਝਾਉਣ ਲੱਗ ਪਿਆ, 'ਕਮ ਆਨ ਡਾਰਲਿੰਗ, ਬੀ ਬਰੇਵ, ਇਹ ਕੋਈ ਖ਼ਾਸ ਗੱਲ ਨੀ।"

ਹੌਲੀ-ਹੌਲੀ ਹੋਰ ਪਤਾ ਲੱਗਣ ਲੱਗਾ। ਅਮੀਰ ਮਾਂ-ਬਾਪ ਦੇ ਮੁੰਡੇ-ਕੁੜੀਆਂ ਦਾ ਇੱਕ ਗਰੁੱਪ ਹੈ, ਜੋ ਰਲ ਕੇ ਡਰੱਗ ਲੈਂਦੇ ਹਨ। ਗਰੁੱਪ-ਸੈਕਸ ਵੀ ਕਰਦੇ ਹਨ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਜਦ ਮੈਂ ਹੋਰ ਗੁੱਸਾ ਦਿਖਾਉਣ ਲੱਗੀ ਤਾਂ ਡੈਨੀਅਲ ਉਲਟਾ ਮੇਰੇ 'ਤੇ ਭੜਕ ਪਿਆ ਤੇ ਨਾਲ ਇੱਕ

ਲੇਬਲ ਵੀ ਥੋਪ ਦਿੱਤਾ, 'ਸ਼ਟ ਅੱਪ....ਮੀਨ ਮਾਈਂਡਿਡ ਇੰਡੀਅਨ। ਛੋਟੀ-ਛੋਟੀ ਗੱਲ 'ਤੇ ਵਾਧੂ ਰੌਲਾ।"

"ਹੈਂਅ! ਮੈਂ ਮੀਨ ਮਾਈਂਡਿਡ। ਮੈਂ ਘਟੀਆ ਸੋਚ ਦੀ ਭਾਰਤੀ?" ਸੋਚ-ਸੋਚ ਹੋਰ ਪ੍ਰੇਸ਼ਾਨ ਤੇ ਅੱਖਾਂ 'ਚ ਹੰਝੂ ਭਰ ਆਏ।

ਮੈਂ ਹੈਰਾਨ ਸੀ ਪਰ ਡੈਨੀਅਲ ਲਈ ਇਹ ਸਭ ਆਮ ਗੱਲ ਸੀ। ਉਸਨੇ ਆਪਣੇ ਗਰੁੱਪ 'ਚ ਤੇ ਇਸ ਖੇਡ 'ਚ ਸ਼ਾਮਿਲ ਹੋਣ ਲਈ ਵੀ ਮੇਰੇ 'ਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਮੈਂ ਹੋਰ ਪ੍ਰੇਸ਼ਾਨ ਹੋ ਗਈ। ਅਖ਼ੀਰ ਮੈਂ ਸ਼ਾਮਿਲ ਹੋਣ ਤੋਂ ਕੋਰਾ ਜਵਾਬ ਦੇ ਦਿੱਤਾ। ਫਿਰ ਆਪਣੀ ਜ਼ਿੰਦਗੀ 'ਚੋਂ ਉਸ ਮੈਨੂੰ ਇੰਝ ਬਾਹਰ ਕਰ ਦਿੱਤਾ, ਜਿਵੇਂ ਦੁੱਧ 'ਚੋਂ ਮੱਖੀ। ਉਹ ਖੁੱਲ੍ਹੇਆਮ ਕਿਸੇ ਹੋਰ ਗੋਰੀ ਲੜਕੀ ਨਾਲ ਘੁੰਮਣ ਲੱਗਾ। ਮੈਂ ਅੰਦਰ ਹੀ ਅੰਦਰ ਤੜਫ਼ ਕੇ ਰਹਿ ਗਈ।

ਖ਼ੈਰ! ਇਹ ਸਭ ਗੱਲਾਂ ਸੋਚਣ ਤੇ ਕਰਨ ਦਾ ਹੁਣ ਕੋਈ ਲਾਭ ਤੇ ਫ਼ਾਇਦਾ ਨਹੀਂ। ਇਹ ਤਾਂ ਇਸ ਲਿਖ ਰਹੀ ਹਾਂ ਕਿ ਇਕੱਲਾ ਲੇਬਲ ਤਾਂ ਕਿਸੇ ਤਰ੍ਹਾਂ ਲਾਹ ਵੀ ਦਿੰਦੀ। ਜ਼ਿੰਦਗੀ ਨੂੰ ਫਿਰ ਰਾਹ 'ਤੇ ਪਾ ਲੈਂਦੀ। ਮੈਨੂੰ ਤਾਂ ਬਾਅਦ 'ਚ ਪਤਾ ਲੱਗਾ ਉਹ ਤਾਂ ਇੱਕ ਨਾ-ਮੁਰਾਦ ਬਿਮਾਰੀ ਵੀ ਮੇਰੀ ਝੋਲੀ ਪਾ ਗਿਆ। ਜਿਸ ਬਾਰੇ ਮੰਮੀ-ਪਾਪਾ ਗੁੱਸੇ ਸਨ ਪਰ ਮੈਨੂੰ ਦੱਸਿਆ ਨਹੀਂ ਸੀ। ਓਹਲਾ ਰੱਖ ਰਹੇ ਸਨ। ਸੋਚਦੇ ਹੋਣਗੇ, 'ਸੁਣ ਕੇ ਬੇਟੀ ਕਿਤੇ ਹੋਰ ਟੈਂਸ਼ਨ ਨਾ ਪਾ ਲਵੇ। ਕਿਤੇ ਸੂਸਾਈਡ ਹੀ ਨਾ ਕਰ ਲਵੇ। ਮਾਪੇ ਤਾਂ ਬਥੇਰਾ ਕੁੱਝ ਸੋਚਦੇ ਨੇ।'

ਮਨ ਤੋਂ ਭਾਵੇਂ ਦੁਖੀ ਸਨ ਪਰ ਉਨ੍ਹਾਂ ਇਲਾਜ ਦੀ ਪੂਰੀ ਵਾਹ ਲਾਈ ਰੱਖੀ। ਡਾਕਟਰਾਂ ਵੀ ਬਥੇਰਾ ਜ਼ੋਰ ਲਾਇਆ। ਰੋਟੀ ਨਾਲੋਂ ਵੱਧ ਮੈਂ ਦਵਾਈਆਂ ਖਾਧੀਆਂ। ਕੁੱਝ ਚਿਰ ਅਸਰ ਵੀ ਹੋਇਆ ਪਰ ਬਾਅਦ 'ਚ ਦਵਾਈਆਂ ਵੀ ਅਸਰ ਕਰਨ ਤੋਂ ਅਸਮਰੱਥ ਹੋ ਗਈਆਂ। ਹੁਣ ਤਾਂ ਸਰੀਰ ਵੀ ਸੁੱਕ ਕੇ ਤਾਂਬੜ ਬਣ ਗਿਆ ਹੈ। ਤੇਰੇ ਸਾਹਮਣੇ ਵੀ ਆ ਜਾਵਾਂ ਤੂੰ ਪਹਿਚਾਣ ਨਹੀਂ ਸਕੇਂਗਾ। ਹੁਣ ਤਾਂ ਮੈਂ ਚੰਦ ਦਿਨਾਂ ਦੀ ਹੀ ਪ੍ਰਾਹੁਣੀ ਹਾਂ।

ਰਵੀ....ਭਾਵੇਂ ਮੈਂ ਅੱਜ ਵੀ ਸਮਝਦੀ ਹਾਂ ਪਿਆਰ ਕਰਨਾ ਕੋਈ ਪਾਪ ਨਹੀਂ ਪਰ ਮਾਂ-ਬਾਪ ਤੋਂ ਓਹਲਾ, ਇਹ ਪਾਪ ਹੀ ਸੀ। ਉਹ ਮਾਂ-ਬਾਪ, ਜਿਨ੍ਹਾਂ ਆਪਣਾ ਸਭ ਕੁੱਝ ਮੇਰੇ 'ਤੇ ਨਿਛਾਵਰ ਕੀਤਾ, ਮੈਂ ਉਨ੍ਹਾਂ ਨੂੰ ਹੀ ਧੋਖਾ ਦਿੱਤਾ। ਉਨ੍ਹਾਂ ਦੇ ਲਾਡ-ਪਿਆਰ ਦਾ ਨਾਜਾਇਜ਼ ਫ਼ਾਇਦਾ ਉਠਾਇਆ। ਰੱਬ ਵਰਗੇ ਮਾਪਿਆਂ 'ਤੇ ਵਿਸ਼ਵਾਸ ਕਰਨ ਦੀ ਬਜਾਏ, ਉਸ ਡੈਨੀਅਲ 'ਤੇ ਵਿਸ਼ਵਾਸ ਕੀਤਾ, ਜਿਸ ਨੇ ਮੇਰੇ ਅਰਮਾਨਾਂ ਨੂੰ ਬੁਰੀ ਤਰ੍ਹਾਂ ਪੈਰਾਂ ਹੇਠ ਕੁਚਲਿਆ। ਮੇਰੀਆਂ ਖ਼ੁਸ਼ੀਆਂ ਦਾ ਕਤਲ ਕੀਤਾ। ਸੱਚੀਆਂ-ਸੁੱਚੀਆਂ ਭਾਵਨਾਵਾਂ ਦਾ ਕਤਲ ਕੀਤਾ। ਕੁਆਰੇ ਮਨ ਦੀ ਸੋਚ, ਇਮਾਨਦਾਰੀ, ਵਫ਼ਾਦਾਰੀ ਦਾ ਮਜ਼ਾਕ ਉਡਾਇਆ। ਮੈਨੂੰ ਗੰਦੀ ਨਾਲੀ ਦਾ ਕੀੜਾ ਸਮਝ ਉਸ ਚਿੱਕੜ ਵਿੱਚ ਸੁੱਟ ਦਿੱਤਾ, ਜਿਸ ਵਿੱਚ

ਮੈਂ ਧਸਦੀ-ਧਸਦੀ, ਹੋਰ ਧਸਦੀ ਹੀ ਗਈ ਤੇ ਹੁਣ ਸਾਹ ਵੀ ਬੰਦ ਹੋਣ ਲੱਗਾ ਹੈ।

ਰਵੀ, ਮੈਂ ਤੇਰੇ ਲਈ ਕੁੱਝ ਨਹੀਂ ਕਰ ਸਕੀ। ਇਸ ਗੱਲ ਦਾ ਅਫ਼ਸੋਸ ਹੈ ਤੇ ਦੁੱਖ ਵੀ। ਹੁਣ ਆਪਾਂ ਕਦੇ ਵੀ ਮਿਲ ਨਹੀਂ ਸਕਣਾ। ਮੌਤ ਦਰਵਾਜ਼ੇ ਤੱਕ ਪਹੁੰਚ ਚੁੱਕੀ ਹੈ। ਤੇਰੇ ਮਿਲਣ ਤੋਂ ਬਾਅਦ ਮੇਰਾ ਮਨ ਹੋਰ ਪਾਸਿਆਂ ਤੋਂ ਤਾਂ ਸ਼ਾਂਤ ਹੋ ਗਿਆ ਸੀ ਪਰ ਤੈਨੂੰ ਮਿਲਣ ਦੀ ਤਾਂਘ ਇਸ ਮਨ ਦੀ ਨਵੀਂ ਭਟਕਣ ਬਣ ਗਈ। ਉਹ ਅੱਜ ਵੀ ਹੈ ਤੇ ਸ਼ਾਇਦ ਮੇਰੀ ਮੌਤ ਤੋਂ ਬਾਅਦ ਇਹ ਮਨ ਦੀ ਭਟਕਣ, ਮੇਰੀ ਰੂਹ ਦੀ ਭਟਕਣ ਬਣ ਜਾਵੇ। ਮੇਰੀ ਇਸ ਰੂਹ ਦੀ ਸ਼ਾਂਤੀ ਲਈ, ਤੂੰ ਮੇਰੇ ਲਈ ਇੱਕ ਕੰਮ ਕਰੀਂ। ਤੂੰ ਇਸ ਅਭਾਗੀ ਰਜਨੀ ਦੀ ਕਹਾਣੀ ਲਿਖੀਂ। ਤੂੰ ਲਿਖ ਸਕਦਾ ਹੈਂ। ਇਸੇ ਲਈ ਤੈਨੂੰ ਚਿੱਠੀ ਲਿਖ ਰਹੀ ਹਾਂ। ਸ਼ਾਇਦ ਇਸ ਕਹਾਣੀ ਨੂੰ ਪੜ੍ਹ ਕੇ, ਕੋਈ ਹੋਰ ਜਿੰਦ ਮੌਤ ਦੇ ਮੂੰਹ ਪੈਣ ਤੋਂ ਬਚ ਸਕੇ। ਕੋਈ ਹੋਰ ਅਣਭੋਲ ਲੜਕੀ ਰੇਤ ਦੇ ਘਰਾਂ ਨਾਲ ਨਾ ਖੇਡੇ। ਆਪਣੇ ਮਾਂ-ਬਾਪ ਨੂੰ ਅਜਿਹਾ ਕੋਈ ਦੁੱਖ ਨਾ ਦੇਵੇ, ਜੋ ਮੈਂ ਦੇ ਕੇ ਜਾ ਰਹੀ ਹਾਂ। ਤੇਰੀ ਉਸ ਕਹਾਣੀ ਨਾਲ ਮੇਰੀ ਰੂਹ ਨੂੰ ਸ਼ਾਂਤੀ ਮਿਲੇਗੀ....ਅਲਵਿਦਾ।"

# ਗੱਡੀ ਦੌੜੀ ਜਾ ਰਹੀ

ਵੈਸੇ ਤਾਂ ਹੁਣ ਯਾਦਾਂ ਧੁੰਦਲੀਆਂ ਪੈਣ ਲੱਗ ਗਈਆਂ ਪਰ ਇੱਕ ਮੁੰਡਾ ਜੋ ਉਸ ਵੇਲੇ ਮੁੰਡਾ ਸੀ, ਕਦੇ ਨੀ ਭੁੱਲਦਾ। ਪਤਾ ਨਹੀਂ ਹੁਣ ਕਿੱਥੇ ਹੈ। ਕਿਤੇ ਹੈ ਵੀ ਜਾਂ ਨਹੀਂ। ਹੈ ਤਾਂ ਕਿਸ ਹਾਲ 'ਚ, ਪ੍ਰਮਾਤਮਾ ਹੀ ਜਾਣਦਾ ਹੈ ਪਰ ਜਿੱਥੇ ਵੀ ਹੈ, ਪ੍ਰਮਾਤਮਾ ਉਸ ਦਾ ਭਲਾ ਕਰੇ।

ਮੈਂ ਬੰਬਈ (ਮੁੰਬਈ) ਦੇ ਸੈਂਟਰਲ ਸਟੇਸ਼ਨ ਤੋਂ ਗੱਡੀ ਫੜੀ। ਰੀਜ਼ਰਵੇਸ਼ਨ ਨਾ ਹੋਣ ਕਰਕੇ ਇੱਕ ਆਮ ਡੱਬੇ ਵਿੱਚ ਚੜ੍ਹਿਆ। ਡੱਬੇ ਅੰਦਰ ਬੜੀ ਭੀੜ ਸੀ। ਪਲੇਟਫਾਰਮ 'ਤੇ ਵੀ ਭੀੜ ਸੀ। ਅਖ਼ੀਰ ਇੱਕ ਲੰਬੀ ਸੀਟੀ ਵੱਜੀ, ਫਿਰ ਦੂਸਰੀ ਸੀਟੀ ਤੇ ਗੱਡੀ ਚੱਲ ਪਈ। ਜਲਦੀ ਹੀ ਗੱਡੀ ਨੇ ਸਪੀਡ ਫੜ ਲਈ। ਮੁੰਬਈ ਸ਼ਹਿਰ ਦੀਆਂ ਬਿਲਡਿੰਗਾਂ ਪਿੱਛੇ ਵੱਲ ਨੂੰ ਦੌੜਨ ਲੱਗੀਆਂ....ਗੱਡੀ ਦੌੜੀ ਜਾ ਰਹੀ ਸੀ।

ਮੈਂ ਡੱਬੇ ਦੇ ਦਰਵਾਜ਼ੇ 'ਚ ਰੇਲਿੰਗ ਫੜੀ ਖੜ੍ਹਾ ਬਾਹਰ ਵੱਲ ਦੇਖ ਰਿਹਾ ਸੀ। ਸਾਮਾਨ ਅਜੇ ਰਸਤੇ 'ਚ ਹੀ ਪਿਆ ਸੀ। ਸੋਚਿਆ, ਪਹਿਲਾਂ ਸਾਮਾਨ ਸੈੱਟ ਕੀਤਾ ਜਾਵੇ, ਫੇਰ ਬੈਠਣ ਦਾ ਕੋਈ ਪ੍ਰਬੰਧ ਦੇਖਦੇ ਹਾਂ।

ਮੈਂ ਆਪਣਾ ਸੂਟਕੇਸ ਇੱਕ ਸੀਟ ਦੇ ਹੇਠਾਂ ਸੈੱਟ ਕਰ ਦਿੱਤਾ। ਹੈਂਡ-ਬੈਗ ਨੂੰ ਉੱਪਰ ਰੱਖਣਾ ਠੀਕ ਸਮਝਿਆ, ਕਈ ਵਾਰ ਕੋਈ ਚੀਜ਼ ਕੱਢਣੀ ਪੈ ਜਾਂਦੀ ਹੈ। ਹੈਂਡ-ਬੈਗ ਨੂੰ ਉੱਪਰ ਰੱਖਣ ਲਈ ਪਹਿਲਾਂ ਤੋਂ ਪਏ ਇੱਕ ਬੈਗ ਨੂੰ ਥੋੜ੍ਹਾ ਸਰਕਾਉਣਾ ਪੈਣਾ ਸੀ। ਸਰਕਾਉਣ ਲਈ ਅਜੇ ਹੱਥ ਹੀ ਲਾਇਆ ਸੀ ਕਿ ਅਚਾਨਕ, "ਏ ਸਰਦਾਰ, ਕਿਆ ਕਰ ਰਹੇ ਹੋ? ਸਾਮਾਨ ਕੋ ਹਾਥ ਨਹੀਂ ਲਗਾਨਾ।" ਇੱਕ ਤਿੱਖੀ ਕੜਕਦੀ ਆਵਾਜ਼ ਮੇਰੇ ਕੰਨਾਂ 'ਚ ਗੂੰਜੀ।

ਸਾਮਾਨ ਤੋਂ ਧਿਆਨ ਹਟਾ ਮੈਂ ਪਿੱਛੇ ਮੁੜ ਕੇ ਦੇਖਿਆ। ਸਾਹਮਣੇ ਵਾਲੀਆਂ ਲੰਬੀਆਂ ਸੀਟਾਂ 'ਤੇ ਛੇ-ਸੱਤ ਸਵਾਰੀਆਂ ਬੈਠੀਆਂ ਸਨ। ਯੂ.ਪੀ. ਦੀਆਂ ਲਗਦੀਆਂ ਇਹ ਸਵਾਰੀਆਂ ਮੇਰੀ ਤਰਫ਼ ਘੂਰ-ਘੂਰ ਕੇ ਦੇਖ ਰਹੀਆਂ ਸਨ, ਜਿਵੇਂ ਮੈਂ ਕੋਈ ਗੁਨਾਹ ਜਾਂ ਅਪਰਾਧ ਕੀਤਾ ਹੋਵੇ। ਮੈਂ ਸ਼ਾਂਤ ਰਿਹਾ। ਸਾਰਿਆਂ ਨੂੰ ਸੰਬੋਧਨ ਹੋ ਆਰਾਮ ਨਾਲ ਪੁੱਛਿਆ, "ਕਿਆ ਹੋ ਗਿਆ ਭਈ?"

ਇੱਕ ਮਾੜਚੂ ਜਿਹੇ ਮੁੰਡੇ ਨੇ ਬੀੜੀ ਦਾ ਲੰਬਾ ਕਸ਼ ਖਿੱਚ, ਧੂੰਆਂ ਮੇਰੇ ਵੱਲ ਨੂੰ ਛੱਡਿਆ। ਫਿਰ ਬੜੀ ਤੇਜ਼, ਤਿੱਖੀ ਤੇ ਕਟਾਖ਼ਸ਼ ਭਰੀ ਆਵਾਜ਼ 'ਚ

ਬੋਲਿਆ, "ਹੋਨਾ ਕਿਆ ਹੈ ਰੇ ਸਰਦਾਰ, ਸਾਮਾਨ ਕੋ ਹਾਥ ਨਹੀਂ ਲਗਾਨਾ।" ਉਸ ਦੀਆਂ ਅੱਖਾਂ 'ਚ ਲਾਲੀ ਤੇ ਚਿਹਰੇ 'ਤੇ ਕ੍ਰੋਧ ਦੀਆਂ ਲਕੀਰਾਂ ਸਾਫ਼ ਦਿਖਾਈ ਦੇ ਰਹੀਆਂ ਸਨ।

ਮੈਂ ਹੈਰਾਨ! ਸਾਮਾਨ ਨੂੰ ਥੋੜ੍ਹਾ-ਬਹੁਤਾ ਸਰਕਾ ਕੇ ਸੈੱਟ ਕਰਨਾ, ਰੇਲ ਡੱਬੇ 'ਚ ਇੱਕ ਆਮ ਗੱਲ ਹੈ ਪਰ ਏਥੇ ਤਾਂ 'ਆ ਬੈਲ ਮੁਝੇ ਮਾਰ' ਦੀ ਕਹਾਵਤ ਮੁਤਾਬਿਕ ਇਹ ਬਿਨਾਂ ਵਜ੍ਹਾ ਲੜਾਈ ਦਾ ਰਾਹ ਪੱਧਰਾ ਕਰ ਰਿਹਾ। ਮੈਨੂੰ ਬੜਾ ਗੁੱਸਾ ਆਇਆ। ਗੁੱਸੇ 'ਚ ਭਰਿਆ ਮੈਂ ਕੁੱਝ ਬੋਲਣ ਹੀ ਲੱਗਾ ਸੀ, ਇੱਕ ਹੋਰ ਆਵਾਜ਼ ਮੇਰੇ ਕੰਨਾਂ 'ਚ ਪਈ। "ਓ ਵੀਰ ਜੀ ਕੀ ਹੋ ਗਿਆ, ਆ ਜੋ....ਅੱਗੇ ਆ ਜੋ....ਏਧਰ ਜਗ੍ਹਾ ਹੈਗੀ ਜੇ।"

ਇਹ ਇੱਕ ਪੰਜਾਬੀ ਮੁੰਡੇ ਦੀ ਆਵਾਜ਼ ਸੀ। ਥੋੜ੍ਹਾ ਅੱਗੇ ਖੜ੍ਹਾ ਉਹ ਮੇਰੇ ਵੱਲ ਹੀ ਦੇਖ ਰਿਹਾ ਸੀ ਪਰ ਮੇਰੇ ਅੰਦਰ ਤਾਂ ਕੁੱਝ ਉਬਲਣਾ ਸ਼ੁਰੂ ਹੋ ਚੁੱਕਾ ਸੀ। ਮੈਨੂੰ ਆਪਣੇ ਆਪ 'ਚੋਂ ਸੇਕ ਨਿਕਲਦਾ ਮਹਿਸੂਸ ਹੋਇਆ। ਮੈਂ ਕੁੱਝ ਬੋਲਣ ਹੀ ਵਾਲਾ ਸੀ ਕਿ ਠੀਕ ਉਸੇ ਟਾਈਮ, ਉਸ ਮੁੰਡੇ ਨੇ ਮੇਰੇ ਹੱਥਾਂ 'ਚੋਂ ਬੈਗ ਫੜ ਲਿਆ। ਫਿਰ ਮੇਰੀ ਬਾਂਹ ਫੜ ਕੇ ਬੋਲਿਆ, "ਆ ਜੋ ਵੀਰ ਜੀ, ਅੱਗੇ ਬੈਠਦੇ ਹਾਂ....ਛੱਡੋ ਗੁੱਸਾ-ਗ਼ਿਲਾ।"

ਪਤਾ ਨਹੀਂ ਕਿਵੇਂ ਤੇ ਕਿਉਂ, ਬਿਨਾਂ ਕੁੱਝ ਬੋਲੇ ਮੈਂ ਉਸਦੇ ਮਗਰ ਹੀ ਤੁਰ ਪਿਆ। ਤੁਰਨ ਤੋਂ ਪਹਿਲਾਂ ਮੈਂ ਉਸ ਮਾੜਚੂ ਵੱਲ ਘੂਰ ਕੇ ਵੇਖਿਆ। ਉਹ ਵੀ ਮੇਰੇ ਵੱਲ ਹੀ ਵੇਖ ਰਿਹਾ ਸੀ।

ਆਪਣੀ ਸੀਟ ਕੋਲ ਜਾ ਕੇ ਉਸ ਮੁੰਡੇ ਨੇ ਬੈਗ ਉੱਪਰ ਰੱਖ ਦਿੱਤਾ। ਕੋਲ ਬੈਠੀਆਂ ਹੋਰ ਸਵਾਰੀਆਂ ਨੇ ਥੋੜ੍ਹਾ-ਥੋੜ੍ਹਾ ਖਿਸਕ ਕੇ ਮੇਰੇ ਬੈਠਣ ਲਈ ਜਗ੍ਹਾ ਬਣਾ ਲਈ। ਬਿਨਾਂ ਕਿਸੇ ਵੱਲ ਵੇਖਿਆਂ ਮੈਂ ਚੁੱਪ-ਚਾਪ ਬੈਠ ਗਿਆ। ਮਨ ਅਸ਼ਾਂਤ ਸੀ। ਬਹੁਤੇ ਲੋਕ ਅਜੇ ਆਪੋ-ਆਪਣਾ ਸਾਮਾਨ ਸੈੱਟ ਕਰਨ ਵਿੱਚ ਲੱਗੇ ਹੋਏ ਸਨ। ਗੱਡੀ ਦੌੜੀ ਜਾ ਰਹੀ ਸੀ।

'ਇਹ ਕੀ ਗੱਲ ਹੋਈ? ਬੈਗ ਨੂੰ ਹੱਥ ਲਾਉਣਾ ਹੀ ਜੁਰਮ ਹੋ ਗਿਆ? ਕੋਈ ਨਾਜ਼ੁਕ ਚੀਜ਼ ਸੀ ਤਾਂ ਕਹਿ ਦਿੰਦਾ ਕਿ ਸਰਦਾਰ ਜੀ ਥੋੜ੍ਹਾ ਸੰਭਾਲ ਕੇ ਖਿਸਕਾਨਾ। ਇਹ ਵੀ ਕਹਿ ਸਕਦੇ ਸੀ ਸਰਦਾਰ ਜੀ ਰੁਕੋ, ਮੈਂ ਸੈੱਟ ਕਰਦਾ ਹਾਂ। ਕਮਾਲ ਹੋ ਗਈ। ਇਹ ਕੋਈ ਤਰੀਕਾ ਹੈ। "ਰੇ ਸਰਦਾਰ"। ਉਹ ਵੀ ਗੁੱਸੇ ਭਰੇ ਅੰਦਾਜ਼ 'ਚ। ਉੱਪਰੋਂ ਬੀੜੀ ਦਾ ਧੂੰਆਂ ਉਛਾਲ ਰਿਹਾ ਸੀ। ਗਲਤੀ ਕੀਤੀ, ਜੜ ਦੇਣਾ ਸੀ ਇੱਕ ਥੱਪੜ ਸਾਲੇ ਭਈਏ ਦੇ। ਜੋ ਹੁੰਦਾ ਵੇਖੀ ਜਾਂਦੀ ਪਰ ਆਹ ਮੁੰਡਾ ਆ ਗਿਆ।' ਮਨ ਅੰਦਰ ਖੌਰੂ ਜਿਹਾ ਪਿਆ ਹੋਇਆ ਸੀ।

ਮੈਨੂੰ ਚੁੱਪ ਦੇਖ ਉਹ ਮੁੰਡਾ ਮੇਰੇ ਮੋਢੇ 'ਤੇ ਹੱਥ ਰੱਖ ਪੁੱਛਣ ਲੱਗਾ, "ਵੀਰ ਕੀ ਸੋਚੀ ਜਾ ਰਿਹੈ, ਹਰੇਕ ਗੱਲ ਮਨ 'ਤੇ ਨਹੀਂ ਲਾਈਦੀ। ਤਰ੍ਹਾਂ-ਤਰ੍ਹਾਂ

ਦੇ ਲੋਕ ਨੇ, ਛੱਡ ਪਰ੍ਹੇ। ਤੈਨੂੰ ਪਤਾ ਹੀ ਹੈ ਬੜਾ ਕੁੱਝ ਬਦਲ ਗਿਆ। ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ। ਸਮਾਂ ਵਿਚਾਰਨਾ ਚਾਹੀਦੈ। ਲੜਨ ਦਾ ਕੋਈ ਫ਼ਾਇਦਾ ਨਹੀਂ। ਬੜਾ ਕੁੱਝ ਬਦਲ ਰਿਹਾ ਹੈ, ਕਿਸ-ਕਿਸ ਦਾ ਮੂੰਹ ਫੜੇਂਗਾ। ਕਿਸ-ਕਿਸ ਨਾਲ ਲੜਦਾ ਰਹੇਂਗਾ।"

"ਉਹ ਤਾਂ ਠੀਕ ਹੈ ਲੜਾਈ ਦਾ ਕੋਈ ਫ਼ਾਇਦਾ ਨਹੀਂ ਪਰ ਲੜਾਈ ਤਾਂ ਉਹ ਕਰਨ ਨੂੰ ਫਿਰਦੇ ਸੀ। ਸਿਗਰਟ ਦਾ ਧੂੰਆਂ, ਨਾਲ ਰੁੱਖੀ ਤੇ ਖਰ੍ਹਵੀਂ ਭਾਸ਼ਾ। ਆਰਾਮ ਨਾਲ ਵੀ ਕਹਿ ਸਕਦੇ ਸੀ।" ਮੈਂ ਦਲੀਲ ਦਿੱਤੀ।

"ਮੈਂ ਸਮਝ ਸਕਦਾਂ ਉਹਨਾਂ ਦੀਆਂ ਕਹੀਆਂ ਗੱਲਾਂ ਤੈਨੂੰ ਕੌੜੀਆਂ ਲੱਗੀਆਂ। ਕੰਡਿਆਂ ਵਾਂਗ ਚੁਭ ਰਹੀਆਂ ਹੋਣਗੀਆਂ ਪਰ ਇਹ ਕੰਡੇ ਕਿਤੇ ਇੱਕ ਥਾਂ ਨੇ, ਇਹ ਤਾਂ ਥਾਂ-ਥਾਂ ਖਿਲਰੇ ਪਏ ਨੇ। ਬਥੇਰਿਆਂ ਨੂੰ ਚੁਭ ਕੇ ਰੜਕੀ ਜਾ ਰਹੇ ਨੇ। ਮੇਰੇ ਵੱਲ ਵੇਖ, ਮੈਂ ਅਕਸਰ ਗੱਡੀ ਦਾ ਸਫ਼ਰ ਕਰਦਾ ਰਹਿੰਦਾ ਹਾਂ। ਇਨ੍ਹਾਂ ਲੋਕਾਂ ਦੇ ਬਦਲੇ ਸੁਭਾਅ ਨੂੰ ਖ਼ੂਬ ਜਾਣਦਾ ਹਾਂ। ਨਾ ਮੇਰੇ ਸਿਰ 'ਤੇ ਪੱਗ ਹੈ ਤੇ ਨਾ ਮੈਂ ਸਿੱਖ-ਸਰਦਾਰ ਹਾਂ ਪੰਜਾਬੀ ਬੋਲਣ ਕਰਕੇ ਇਹ ਲੋਕ ਮੈਨੂੰ ਵੀ ਸਰਦਾਰ ਸਮਝਣ ਲੱਗ ਪੈਂਦੇ ਨੇ। ਕਈ ਵਾਰ ਇਨ੍ਹਾਂ ਲੋਕਾਂ ਦੀ ਨਫ਼ਰਤ ਦਾ ਸ਼ਿਕਾਰ ਹੋ ਚੁੱਕਾ ਹਾਂ। ਤਾਹਨੇ-ਮਿਹਣੇ ਵੀ ਸੁਣਨੇ ਪਏ ਨੇ। ਇਹ ਕਹਿੰਦੇ ਨੇ, 'ਤੁਸੀਂ ਸਾਡੀ ਮਾਂ ਮਾਰ ਦਿੱਤੀ।' ਬਹੁਤ ਲੋਕ ਨੇ ਜਿਨ੍ਹਾਂ ਦੇ ਮਨ 'ਚ ਅਜੇ ਵੀ ਗੁੱਸਾ ਭਰਿਆ ਪਿਆ। ਇਸੇ ਲਈ ਤੈਨੂੰ ਏਧਰ ਲੈ ਆਇਆ। ਗੱਲ ਹੋਰ ਵਿਗੜ ਜਾਂਦੀ, ਤੁਸੀਂ ਆਪਸ ਵਿੱਚ ਉਲਝ ਜਾਣਾ ਸੀ। ਕੋਈ ਫ਼ਾਇਦਾ ਨੀ ਸੀ ਹੋਣਾ, ਉਲਟਾ ਨੁਕਸਾਨ ਹੋ ਸਕਦਾ ਸੀ।"

ਗੌਰ ਨਾਲ ਗੱਲ ਸੁਣਦਿਆਂ ਮੈਂ ਉਸ ਵੱਲ ਵੇਖਣ ਲੱਗਾ। ਉਹ ਫਿਰ ਬੋਲਣ ਲੱਗਾ, "ਹੋਰ ਸੁਣ, ਇੱਕ ਜ਼ਖ਼ਮ ਮੇਰੇ ਅੰਦਰ ਵੀ ਹੈ, ਜੋ ਹੁਣ ਨਾਸੂਰ ਬਣ ਗਿਆ ਹੈ। ਮੈਂ ਕਿਸੇ ਨੂੰ ਵਿਖਾ ਵੀ ਨਹੀਂ ਸਕਦਾ। ਕੀ ਕਰਾਂ, ਕਿਸੇ ਨੂੰ ਕੀ ਕਹਾਂ। ਤੇਰੇ ਅੰਦਰ ਮੱਚੀ ਅੱਗ ਬਿਲਕੁਲ ਠੀਕ ਹੈ। ਇਹ ਕਿਤੇ ਇੱਕ ਥਾਂ ਥੋੜ੍ਹਾ ਹੈ। ਬਥੇਰੇ ਭਾਂਬੜ ਹੋਰਨਾਂ ਅੰਦਰ ਵੀ ਮੱਚੇ ਨੇ। ਇਨ੍ਹਾਂ ਭਾਂਬੜਾਂ ਦਾ ਸੇਕ ਵੀ ਬੜੀ ਦੂਰ-ਦੂਰ ਤੱਕ ਗਿਆ। ਇਸ ਸੇਕ ਨੇ ਬੜਿਆਂ ਦੀ ਜ਼ਿੰਦਗੀ 'ਤੇ ਅਸਰ ਪਾਇਆ। ਕਈਆਂ ਦੀ ਜ਼ਿੰਦਗੀ ਤਾਂ ਸਵਾਹ ਹੀ ਹੋ ਗਈ, ਕੀ ਕਰੀਏ?"

ਉਸ ਦੀਆਂ ਗੱਲਾਂ ਸੁਣ ਮੈਨੂੰ ਕੁਝ ਅਜੀਬ ਜਿਹਾ ਮਹਿਸੂਸ ਹੋਣ ਲੱਗਾ, 'ਇਹ ਵੀ ਕੋਈ ਦੁਖੀ ਆਤਮਾ ਲੱਗਦਾ ਹੈ।'

ਹੌਲੀ ਜਿਹੀ ਮੈਂ ਪੁੱਛਿਆ, "ਬਾਈ ਕੀ ਗੱਲ, ਤੂੰ ਵੀ ਦਿਲ 'ਚ ਕੋਈ ਗ਼ਮ ਲਈ ਫਿਰਦਾ ਲੱਗਦੈ।"

ਉਸਨੇ ਸਿਰ ਨੂੰ ਥੋੜ੍ਹਾ ਝਟਕਿਆ ਤੇ ਸਹਿਜ ਹੋ ਕੇ ਪੁੱਛਣ ਲੱਗਾ, "ਛੱਡ ਸਭ ਕੁੱਝ, ਐਵੇਂ ਆਪਣੀ ਰਾਮ ਕਹਾਣੀ ਛੇੜ ਬੈਠਾ। ਇਹ ਦੱਸ ਵੀਰ

ਨੇ ਜਾਣਾ ਕਿੱਥੇ ਹੈ?"

"ਲੁਧਿਆਣੇ।" ਮੈਂ ਦੱਸਿਆ।

"ਲੁਧਿਆਣਾ!" ਉਸਨੇ ਇਕਦਮ ਮੇਰੇ ਵੱਲ ਵੇਖਿਆ। ਚਿਹਰਾ ਫਿੱਕਾ ਜਿਹਾ ਪੈਣ ਲੱਗਾ। "ਵੀਰ....ਜੀ....ਤੁਸੀਂ....ਲੁਧਿਆਣੇ ਰਹਿੰਦੇ ਹੋ?" ਇਹ ਸ਼ਬਦ ਉਸਨੇ ਇਸ ਤਰ੍ਹਾਂ ਕਹੇ ਜਿਵੇਂ ਅੰਦਰੋਂ ਬੜੀ ਹੀ ਔਖਿਆਈ ਨਾਲ ਬਾਹਰ ਆਏ ਹੋਣ ਤੇ ਉਹ ਇਕਦਮ ਚੁੱਪ ਹੋ ਗਿਆ। ਉਸਦੇ ਚਿਹਰੇ ਦੇ ਹਾਵ-ਭਾਵ ਬਦਲਣ ਲੱਗੇ। ਅੱਖਾਂ ਨੀਵੀਆਂ ਕਰ ਲਈਆਂ। ਦੇਖਦੇ ਹੀ ਦੇਖਦੇ, ਉਸਦੀਆਂ ਅੱਖਾਂ 'ਚ ਪਾਣੀ ਭਰ ਆਇਆ।

ਮੈਂ ਲਗਾਤਾਰ ਉਸ ਵੱਲ ਵੇਖੀ ਜਾ ਰਿਹਾ ਸੀ ਪਰ ਉਸਦੀ ਮਨੋ-ਸਥਿਤੀ ਨੂੰ ਸਮਝ ਨਹੀਂ ਸੀ ਪਾ ਰਿਹਾ। ਚਿਹਰਾ ਬੜਾ ਅਜੀਬ ਜਿਹਾ ਲੱਗਾ। ਮੈਂ ਹੈਰਾਨ, 'ਲੁਧਿਆਣਾ' ਕਹਿਣ 'ਤੇ ਅਚਾਨਕ ਇਹਨੂੰ ਕੀ ਹੋ ਗਿਆ।

ਮੈਨੂੰ ਆਪਣੇ ਬੈਗ ਵਾਲੀ ਘਟਨਾ ਭੁੱਲ ਗਈ। ਉਸ ਮੁੰਡੇ ਬਾਰੇ ਹੈਰਾਨੀ ਹੋਣ ਲੱਗੀ। ਮੈਂ ਪੁੱਛਿਆ, "ਬਾਈ ਜੀ, ਕੀ ਗੱਲ ਹੋ ਗਈ, ਲੁਧਿਆਣੇ ਦਾ ਨਾਮ ਸੁਣ ਕੇ ਤੇਰੀਆਂ ਅੱਖਾਂ ਕਿਉਂ ਭਰ ਆਈਆਂ? ਯਾਰ ਮੇਰਾ ਪਿੰਡ ਤਾਂ ਜਗਰਾਵਾਂ ਕੋਲ ਹੈ। ਲੁਧਿਆਣੇ ਤਾਂ ਮੈਂ ਸਿਰਫ਼ ਉਤਰਨਾ ਹੈ।"

ਉਹ ਚੁੱਪ ਰਿਹਾ। ਮੈਂ ਉਸੇ ਵੱਲ ਦੇਖਦਾ ਰਿਹਾ। ਕੁੱਝ ਚਿਰ ਬਾਅਦ ਬੋਲਿਆ, "ਵੀਰ ਕੀ ਦੱਸਾਂ, ਲੁਧਿਆਣੇ ਨੂੰ ਮੈਂ ਚਾਹ ਕੇ ਵੀ ਨਹੀਂ ਭੁੱਲ ਸਕਦਾ। ਲੁਧਿਆਣੇ ਨਾਲ ਮੇਰੀ ਜ਼ਿੰਦਗੀ ਦੀਆਂ ਬੜੀਆਂ ਅਹਿਮ ਯਾਦਾਂ ਜੁੜੀਆਂ ਹੋਈਆਂ ਨੇ। ਇਸੇ ਲਈ ਭਾਵੁਕ ਹੋ ਗਿਆ। ਹੋਰ ਕੋਈ ਗੱਲ ਨਹੀਂ। ਚਲੋ ਛੱਡੋ।"

ਮੈਂ ਗੱਲ ਅੱਗੇ ਵਧਾਉਂਦਿਆਂ ਪੁੱਛਿਆ, "ਬਾਈ ਆਪਣਾ ਨਾਮ ਤਾਂ ਦੱਸ, ਮੈਂ ਤਾਂ ਤੇਰਾ ਨਾਮ ਵੀ ਨਹੀਂ ਪੁੱਛਿਆ।"

"ਨਾਮ ਤਾਂ ਵੀਰੇ ਮਾਪਿਆਂ ਨੇ ਬਥੇਰਾ ਸੋਹਣਾ ਰੱਖਿਆ ਸੀ, ਦੀਪਕ। ਜੰਮਣ 'ਤੇ ਬੜੇ ਚਾਅ ਵੀ ਮਨਾਏ ਹੋਣਗੇ। ਦੀਪਕ ਨਾਮ ਰੱਖ ਕੇ ਸੋਚਿਆ ਹੋਊ, 'ਮੁੰਡਾ ਵੱਡਾ ਹੋ ਕੇ ਸਾਰੇ ਹਨ੍ਹੇਰੇ ਮਿਟਾ ਦੂ।' ਜਿਵੇਂ ਕਹਿੰਦੇ ਹੁੰਦੇ ਨੇ, 'ਦੀਪਕ ਬਣ ਕੇ ਤੁਰੀ ਤੂੰ ਮੇਟਣ ਲਈ ਨੇਰ੍ਹੇ, ਚਾਨਣ ਬਣ ਕੇ ਫੈਲ ਜੀ ਤੂੰ ਚਾਰ ਚੁਫ਼ੇਰੇ।' ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਇੱਕੋ ਝੱਖੜ ਨੇ, ਨਾ ਦੀਵਾ ਛੱਡਣਾ ਹੈ ਤੇ ਨਾ ਬੱਤੀ....ਤੇ ਬੱਤੀ ਬਿਨਾਂ ਕਾਹਦਾ ਦੀਪਕ। ਦੀਵਾਲੀ ਦੀ ਰਾਤ ਤੋਂ ਬਾਅਦ ਅਗਲੇ ਦਿਨ ਸਵੇਰੇ ਦੀਵੇ ਦੇਖੇ ਨੇ। ਇਕਦਮ ਖ਼ੁਸ਼ਕ ਤੇ ਵਿੱਚ ਮੱਚੀ ਹੋਈ ਬੱਤੀ ਦੀ ਕਾਲਖ਼। ਹੁਣ ਤਾਂ ਵੀਰੇ ਬੱਸ ਉਹ ਦੀਪਕ ਹਾਂ।"

ਦੀਪਕ ਦੀਆਂ ਗੱਲਾਂ ਹੈਰਾਨ ਕਰਨ ਵਾਲੀਆਂ ਸਨ। ਅਜੇ ਤੱਕ ਕੋਈ ਵੀ ਇੱਕ-ਦੂਜੇ ਨੂੰ ਨਹੀਂ ਸੀ ਜਾਣਦਾ ਪਰ ਸਾਰੇ ਹੀ ਉਸਨੂੰ ਬੜੇ ਧਿਆਨ ਨਾਲ

ਸੁਣ ਰਹੇ ਸੀ। ਗੱਡੀ ਦੌੜੀ ਜਾ ਰਹੀ ਸੀ।

ਫੇਰ ਹਲਕੀਆਂ-ਫੁਲਕੀਆਂ ਗੱਲਾਂ ਸ਼ੁਰੂ ਹੋ ਗਈਆਂ। ਦੀਪਕ ਤੇ ਇੱਕ ਹੋਰ ਸਾਥੀ ਨੇ ਦੱਸਿਆ ਉਨ੍ਹਾਂ ਦਿੱਲੀ ਉਤਰਨਾ ਹੈ। ਚਾਂਦ ਤੇ ਭਾਰਦਵਾਜ਼ ਦੋ ਹਿਮਾਚਲੀ ਸਨ, ਜਿਨ੍ਹਾਂ ਪਠਾਨਕੋਟ ਉਤਰਨਾ ਸੀ। ਇੱਕ ਪੰਕਜ ਸੀ, ਜਿਸ ਨੇ ਅੰਬਾਲੇ ਉਤਰਨਾ ਸੀ। ਮੈਂ ਦੱਸਿਆ ਮੇਰਾ ਨਾਮ ਤਾਂ ਪ੍ਰੀਤਮ ਹੈ ਪਰ ਸਾਰੇ ਮੈਨੂੰ ਪ੍ਰੀਤ ਹੀ ਬੁਲਾਉਂਦੇ ਹਨ। ਕੱਲ੍ਹ ਹੀ ਜਹਾਜ਼ ਮੁੰਬਈ ਬੰਦਰਗਾਹ 'ਤੇ ਲੱਗਾ ਸੀ ਤੇ ਅਚਾਨਕ ਛੁੱਟੀ ਜਾਣਾ ਪੈ ਰਿਹਾ ਹੈ। ਇਸ ਤਰ੍ਹਾਂ ਇੱਕ-ਦੂਜੇ ਨਾਲ ਜਾਣ-ਪਛਾਣ ਹੋ ਗਈ।

"ਯਾਰ ਦੀਪਕ ਤੂੰ ਬੜੇ ਉਦਾਸ ਲਹਿਜ਼ੇ ਵਿੱਚ ਇੱਕ ਗੱਲ ਕਹੀ ਸੀ, ਕਿ ਲੁਧਿਆਣੇ ਨਾਲ ਮੇਰੀ ਜ਼ਿੰਦਗੀ ਦੀਆਂ ਅਹਿਮ ਯਾਦਾਂ ਜੁੜੀਆਂ ਹੋਈਆਂ ਹਨ। ਤੂੰ ਭਾਵੁਕ ਵੀ ਹੋ ਗਿਆ ਸੀ। ਤੇਰੇ ਅੰਦਰ ਕੀ ਤੜਫ਼ ਹੈ, ਪਤਾ ਨਹੀਂ ਪਰ ਤੇਰੀ ਗੱਲ ਸੁਣ ਮੇਰਾ ਮਨ ਵੀ ਉਦਾਸ ਹੋ ਗਿਆ। ਬੁਰਾ ਨਾ ਮੰਨੇ ਉਹ ਲੁਧਿਆਣੇ ਵਾਲੀ ਗੱਲ ਪੂਰੀ ਸੁਣਾ। ਕਈ ਵਾਰ ਗੱਲ ਕਰ ਲੈਣ ਨਾਲ ਮਨ ਨੂੰ ਧਰਵਾਸ ਮਿਲਦੈ। ਨਾਲੇ ਤੇਰਾ ਢਿੱਡ ਹੌਲਾ ਹੋ ਜਾਊ, ਨਾਲੇ ਮੇਰੇ ਮਨ ਦੀ ਅੱਚਵੀ।" ਅੰਬਾਲੇ ਵਾਲੇ ਪੰਕਜ ਨੇ ਦੀਪਕ ਵੱਲ ਵੇਖਦਿਆਂ ਕਿਹਾ।

"ਕੀ ਸੁਣਾਵਾਂ ਯਾਰ, ਹੁਣ ਤਾਂ ਜ਼ਖ਼ਮ ਨੇ, ਬੱਸ ਜ਼ਖ਼ਮ। ਜਿੰਨੇ ਉਚੇੜਾਂਗੇ ਉਤਨੇ ਹੀ ਦੁਖਣਗੇ। ਹੁਣ ਤਾਂ ਵੀਰਾਨ ਜ਼ਿੰਦਗੀ ਹੈ ਤੇ ਮੇਰੇ ਲਈ ਸਭ ਕੁੱਝ ਖ਼ਤਮ ਹੋ ਚੁੱਕਾ ਹੈ। ਜ਼ਿੰਦਗੀ ਦੇ ਅਰਥ ਹੀ ਬਦਲ ਗਏ। ਫਿਰ ਵੀ ਸੁਣਨਾ ਹੈ ਤਾਂ ਸੁਣੋ, ਇਸ ਬਾਗ 'ਤੇ ਵੀ ਕਦੀ ਬਹਾਰ ਸੀ। ਮੇਰੀ ਇੱਕ ਦੋਸਤ ਸੀ ਸਰਬੀ, ਸਰਬਜੀਤ। ਦੋਸਤ ਕਾਹਦੀ, ਉਹ ਮੇਰੀ ਜ਼ਿੰਦਗੀ ਸੀ ਤੇ ਮੇਰੀ ਜਾਨ ਵੀ। ਅਸੀਂ ਇੱਕ ਦੂਜੇ ਨੂੰ ਬਹੁਤ ਪਿਆਰ ਕਰਦੇ ਸੀ, ਬੇ-ਪਨਾਹ ਮੁਹੱਬਤ। ਬੜੇ ਸੁਪਨੇ ਸੀ ਜ਼ਿੰਦਗੀ ਦੇ। ਸਰਬੀ ਮੇਰੇ ਨਾਲ ਦਿੱਲੀ ਯੂਨੀਵਰਸਿਟੀ 'ਚ ਪੜ੍ਹਦੀ ਸੀ। ਉਥੇ ਹੀ ਸਾਡਾ ਪਿਆਰ ਪਰਵਾਨ ਚੜ੍ਹਿਆ। ਅਸੀਂ ਜ਼ਿੰਦਗੀ ਭਰ ਇਕੱਠੇ ਰਹਿਣ ਤੇ ਇਕੱਠੇ ਜਿਉਣ ਦੇ ਸੁਪਨੇ ਬੁਣੇ। ਜ਼ਿੰਦਗੀ ਲਈ ਬੜਾ ਕੁੱਝ ਪਲਾਨ ਕੀਤਾ, ਆਹ ਕਰਾਂਗੇ, ਵਾਹ ਕਰਾਂਗੇ। ਅਸੀਂ ਆਪਣੀ ਇੱਕ ਐਸੀ ਦੁਨੀਆਂ ਉਸਾਰ ਲਈ, ਜਿੱਥੇ ਪਿਆਰ ਹੀ ਪਿਆਰ ਸੀ। ਪਿਆਰ ਦੇ ਰੰਗਾਂ 'ਚ ਰੰਗੇ ਉਹ ਦਿਨ ਬਹੁਤ ਹੀ ਖ਼ੂਬਸੂਰਤ ਲੱਗਦੇ। ਨਫ਼ਰਤ, ਕੁੜੱਤਣ ਵਰਗੇ ਸ਼ਬਦ ਤਾਂ ਅਸੀਂ ਭੁੱਲ ਹੀ ਗਏ ਸਾਂ। ਫਿਰ ਇੱਕ ਬਹੁਤ ਵੱਡਾ ਝੱਖੜ ਆਇਆ। ਛੋਟੇ ਵੱਡੇ ਕਿੰਨੇ ਹੀ ਦਰੱਖ਼ਤ ਜੜ੍ਹਾਂ ਤੋਂ ਹੀ ਪੁੱਟ ਹੋ ਗਏ। ਘਰਾਂ ਦੇ ਘਰ ਬਰਬਾਦ ਹੋ ਗਏ। ਅਸੀਂ ਵੀ ਬਰਬਾਦ ਹੋ ਗਏ। ਸਾਰੇ ਸੁਪਨੇ ਚੂਰ-ਚੂਰ ਹੋ ਗਏ ਤੇ ਸਭ ਕੁੱਝ ਹੀ ਬਿਖ਼ਰ ਗਿਆ।" ਗੱਲ ਕਰਦਾ-ਕਰਦਾ ਦੀਪਕ ਚੁੱਪ ਹੋ ਗਿਆ। ਉਸਦਾ ਗਲਾ ਭਰ ਆਇਆ। ਅੱਗੇ ਗੱਲ ਕਰਨੀ ਔਖੀ ਲੱਗੀ। ਉਹ ਕੁੱਝ ਚਿਰ ਚੁੱਪ ਰਿਹਾ।

ਸਭ ਬੜੀ ਉਤਸੁਕਤਾ ਨਾਲ ਉਸ ਵੱਲ ਵੇਖ ਰਹੇ ਸਨ। ਥੋੜ੍ਹਾ ਰੁਕ ਕੇ ਉਸ ਫਿਰ ਬੋਲਣਾ ਸ਼ੁਰੂ ਕੀਤਾ, "ਬਜ਼ੁਰਗਾਂ ਕੋਲੋਂ ਸੁਣੀਆਂ ਸੰਨ ਸੰਤਾਲੀ ਦੀਆਂ ਕਹਾਣੀਆਂ ਹੂ-ਬ-ਹੂ ਅੱਖਾਂ ਸਾਹਮਣੇ ਵਾਪਰਨ ਲੱਗੀਆਂ। ਲੱਗਦਾ ਸੀ ਉੱਨੀ ਸੌ ਚੁਰਾਸੀ ਵਾਲੀ ਸੂਈ, ਅੱਗੇ ਜਾਣ ਦੀ ਥਾਂ, ਪਿੱਛੇ ਘੁੰਮ ਕੇ ਉੱਨੀ ਸੌ ਸੰਤਾਲੀ 'ਤੇ ਜਾ ਅਟਕੀ। ਸ਼ਾਂਤ ਹੋਏ ਪਾਣੀਆਂ 'ਚ ਫਿਰ ਚੱਕਰਵਰਤੀ ਤੂਫ਼ਾਨ ਆ ਗਿਆ। ਮਾਰ-ਧਾੜ, ਲੁੱਟ-ਖੋਹ, ਅੱਗਾਂ ਤੇ ਸਾੜ-ਫੂਕ। ਹਰ ਕੋਈ ਡਰਿਆ ਹੋਇਆ ਸੀ। ਮੈਂ ਵੀ ਡਰਿਆ ਹੋਇਆ ਸੀ। ਸਰਬੀ ਵੀ ਡਰੀ ਹੋਈ ਸੀ। ਜੇ ਕੋਈ ਨਹੀਂ ਡਰਿਆ ਹੋਇਆ ਸੀ ਤਾਂ ਉਹ ਸੀ ਹੁੱਲੜਬਾਜ਼, ਉਹ ਸੀ ਲੁਟੇਰੇ, ਉਹ ਸੀ ਮਾਰ-ਧਾੜ ਕਰਦਾ ਹਜ਼ੂਮ, ਉਹ ਸੀ ਜਨੂੰਨੀ ਲੋਕ। ਸਾਰਾ ਕੁੱਝ ਸੁਣ ਕੇ ਤੇ ਵੇਖ ਕੇ ਸਰਬੀ ਦਾ ਮਨ ਐਨਾ ਡੋਲ ਗਿਆ ਕਿ ਉਹ ਜਲਦੀ ਤੋਂ ਜਲਦੀ ਕਿਵੇਂ ਵੀ ਆਪਣੇ ਘਰ ਲੁਧਿਆਣੇ ਪਹੁੰਚਣਾ ਚਾਹੁੰਦੀ ਸੀ। ਮੈਂ ਰੋਕਿਆ, ਸਰਬੀ ਮਾਹੌਲ ਖ਼ਰਾਬ ਹੈ, ਬਹੁਤ ਖ਼ਰਾਬ। ਤੂੰ ਬਾਹਰ ਕਿਤੇ ਨੀ ਜਾਣਾ। ਜੇ ਜਾਣਾ ਹੀ ਹੈ ਤਾਂ ਚੱਲ ਮੇਰੇ ਘਰ ਚੱਲ। ਮੇਰੇ ਮੰਮੀ-ਡੈਡੀ ਕੋਲ ਚੱਲ, ਉਥੇ ਤੇਰਾ ਦਿਲ ਵੀ ਲੱਗ ਜਾਵੇਗਾ। ਮੈਨੂੰ ਤਸੱਲੀ ਹੋਵੇਗੀ ਤੇ ਮੰਮੀ-ਡੈਡੀ ਨੂੰ ਵੀ ਖ਼ੁਸ਼ੀ ਹੋਵੇਗੀ। ਤੈਨੂੰ ਕਿਸੇ ਕਿਸਮ ਦਾ ਡਰ ਜਾਂ ਫ਼ਿਕਰ ਕਰਨ ਦੀ ਲੋੜ ਨੀ।"

ਕਹਿਣ ਲੱਗੀ, "ਦੀਪਕ, ਕੀ ਪਤੈ ਇਹ ਅੱਗ ਕਦੋਂ ਬੁਝਣੀ ਹੈ। ਕਿੱਥੇ-ਕਿੱਥੇ ਤੱਕ ਇਸਦਾ ਕਿੰਨਾ-ਕਿੰਨਾ ਸੇਕ ਜਾਣਾ ਹੈ, ਕੌਣ ਜਾਣਦੈ। ਸ਼ਾਦੀ ਤੋਂ ਬਿਨਾਂ ਤੇਰੇ ਘਰ, ਤੇਰੇ ਮੰਮੀ-ਡੈਡੀ ਕੋਲ, ਕਿਸ ਤਰ੍ਹਾਂ ਜਾ ਸਕਦੀ ਹਾਂ। ਇਸ ਮਾਹੌਲ ਵਿੱਚ ਤਾਂ ਇਹ ਹੋਰ ਵੀ ਔਖਾ ਹੈ। ਸਾਡੇ ਇਸ ਕਦਮ ਨੂੰ ਜਨੂੰਨੀ ਲੋਕ ਪਤਾ ਨੀ ਕੀ ਰੰਗਤ ਦੇ ਦੇਣ।"

"ਬਿਨਾਂ ਦੱਸੇ ਅਚਾਨਕ ਉਹ ਯੂਨਵਿਰਸਿਟੀ 'ਚੋਂ ਗਾਇਬ ਹੋ ਗਈ। ਕਿੱਥੇ, ਕੋਈ ਪਤਾ ਨੀ। ਸ਼ਾਇਦ ਸੋਚਿਆ ਹੋਵੇ ਕਿ ਦੱਸਣ 'ਤੇ ਦੀਪਕ ਨੇ ਜਾਣ ਨਹੀਂ ਦੇਣਾ, ਰੋਕੇਗਾ। ਇਸ ਲਈ ਚੁੱਪਚਾਪ ਹੀ ਨਿਕਲ ਜਾਵਾਂ। ਬੱਸ ਉਹ ਦਿਨ ਤੇ ਆਹ ਦਿਨ। ਬੜਾ ਰੋਇਆ, ਬੜਾ ਤੜਫ਼ਿਆ, ਬੜਾ ਪਛਤਾਇਆ, ਕਿਤੇ ਚੈਨ ਨਾ ਆਵੇ। ਗੁੱਸਾ ਆਇਆ ਕਰੇ ਕਿ ਸਭ ਨੂੰ ਗੋਲੀ ਮਾਰ ਦਿਆਂ। ਸਭ ਕੁੱਝ ਫੂਕ ਦੇਵਾਂ। ਕਦੇ ਆਪਣੇ ਆਪ 'ਤੇ ਗੁੱਸਾ ਆਵੇ, 'ਉਸਨੂੰ ਜਬਰੀ ਘਰ ਕਿਉਂ ਨਾ ਲੈ ਕੇ ਆਇਆ।' ਉਹ ਕਿੱਧਰ ਚਲੀ ਗਈ। ਫਿਰ ਸੋਚਦਾ ਹਾਂ, 'ਕੀ ਉਸਨੂੰ ਜਬਰੀ ਘਰ ਲੈ ਆਉਣਾ ਠੀਕ ਹੁੰਦਾ।' ਐਸੇ ਮਾਹੌਲ ਵਿੱਚ ਉਸਦੇ ਮਨ 'ਤੇ ਕੀ ਬੀਤਦੀ। ਸਾਡਾ ਪਿਆਰ ਤਾਂ ਪਾਕ ਤੇ ਪਵਿੱਤਰ ਸੀ। ਲੋਕਾਂ ਨੇ ਇਸ ਰਿਸ਼ਤੇ ਉੱਪਰ ਤਰ੍ਹਾਂ-ਤਰ੍ਹਾਂ ਦਾ ਚਿੱਕੜ ਮਲ ਦੇਣਾ ਸੀ। ਸਰਬੀ ਦਾ ਮਨ ਹੋਰ ਦੁਖੀ ਹੋਣਾ ਸੀ। ਬੱਸ ਅੰਦਰ ਹੀ ਅੰਦਰ ਕੋਈ ਅੱਗ ਧੁਖੀ ਜਾ ਰਹੀ ਹੈ ਤੇ ਕੁੱਝ ਵੀ ਸਮਝ ਨਹੀਂ ਆ ਰਿਹਾ। ਝੱਖੜ ਆਇਆ ਤੇ ਲੰਘ ਗਿਆ ਪਰ ਉਸਦੇ ਝੰਬੇ

ਅਸੀਂ ਅੱਜ ਵੀ ਵੀਰਾਨ ਹਾਂ। ਪਤਾ ਨਹੀਂ ਸਾਡੇ ਵਰਗੇ ਹੋਰ ਕਿੰਨੇ ਬਾਗ ਬਗੀਚੇ ਉੱਜੜੇ ਤੇ ਉਡੀਕ ਰਹੇ ਨੇ ਕਦੀ ਫਿਰ ਬਹਾਰ ਆਵੇ, ਨਵੇਂ ਪੱਤੇ ਆਉਣ, ਨਵੇਂ ਫੁੱਲ ਆਉਣ ਤੇ ਪੰਛੀ ਚਹਿਕਣ। ਏਸੇ ਲਈ ਕਿਹਾ ਸੀ ਕਿ ਬੱਤੀ ਬਿਨਾਂ ਕਾਹਦਾ ਦੀਪਕ।" ਤੇ ਦੀਪਕ ਚੁੱਪ ਕਰ ਗਿਆ।

ਇਕਦਮ ਚੁੱਪ ਛਾ ਗਈ। ਸਾਰੇ ਕਿਧਰੇ ਡੂੰਘੀਆਂ ਸੋਚਾਂ 'ਚ ਜਾ ਡੁੱਬੇ। ਦੀਪਕ ਦੀਆਂ ਅੱਖਾਂ ਵਿੱਚ ਪਾਣੀ ਤੈਰ ਰਿਹਾ ਸੀ। ਗੱਡੀ ਦੌੜੀ ਜਾ ਰਹੀ ਸੀ।

"ਤੂੰ ਬਾਅਦ 'ਚ ਸਰਬੀ ਕੋਲ ਜਾਣ ਦੀ ਕੋਸ਼ਿਸ਼ ਨਹੀਂ ਕੀਤੀ?" ਕੁੱਝ ਦੇਰ ਬਾਅਦ ਮੈਂ ਹੌਲੀ ਜਿਹੀ ਦੀਪਕ ਨੂੰ ਪੁੱਛਿਆ।

"ਉਸ ਵੇਲੇ ਸਾਡੇ ਕੋਲ ਕੋਈ ਫੋਨ ਨਹੀਂ ਸਨ, ਨਾ ਕੋਈ ਹੋਰ ਕੰਟੈਕਟ। ਬਾਅਦ 'ਚ ਯੂਨੀਵਰਸਿਟੀ 'ਚੋਂ ਹੀ ਪਤਾ ਲੱਗਾ ਕਿ ਉਹ ਘਰ ਪਹੁੰਚੀ ਹੀ ਨਹੀਂ। ਜਦ ਤੱਕ ਮੈਂ ਉਸਦੇ ਘਰ ਬਾਰੇ ਪਤਾ ਕੀਤਾ, ਉਸਦੇ ਘਰ ਵਾਲਿਆਂ ਦਾ ਹਾਲ ਮੇਰੇ ਨਾਲੋਂ ਵੀ ਮਾੜਾ ਸੀ। ਬੜਾ ਲੱਭਿਆ, ਬੜਾ ਲੱਭਿਆ ਪਰ ਕੁੱਝ ਪੱਲੇ ਨਾ ਪਿਆ। ਟੱਕਰਾਂ, ਟੱਕਰਾਂ ਤੇ ਬੱਸ ਸਿਰਫ਼ ਟੱਕਰਾਂ ਪੱਲੇ ਪਈਆਂ।"

ਦੀਪਕ ਦੀਆਂ ਗੱਲਾਂ ਸੁਣ ਮੈਂ ਤਾਂ ਜਿਵੇਂ ਸੁੰਨ ਹੀ ਹੋ ਗਿਆ। ਪੰਕਜ, ਜੋ ਦੀਪਕ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ, ਉਸਦਾ ਚਿਹਰਾ ਵੀ ਉਦਾਸ ਸੀ।

ਫਿਰ ਪੰਕਜ ਹੀ ਬੋਲਿਆ, "ਯਾਰ ਕਦੇ-ਕਦੇ ਮੈਂ ਸੋਚਦਾਂ, ਕੀ ਹੈ ਇਹ ਜ਼ਿੰਦਗੀ। ਕੀ ਹੈ ਇਹ ਮਨੁੱਖ, ਸਭ ਮੋਹਰੇ ਨੇ। ਉੱਪਰ ਤੋਂ ਥੱਲੇ ਤੱਕ, ਵੱਡੇ ਤੋਂ ਛੋਟੇ ਤੱਕ, ਸਭ ਮੋਹਰੇ। ਜਿਸ ਝੱਖੜ ਦੀ ਦੀਪਕ ਨੇ ਗੱਲ ਕੀਤੀ ਹੈ, ਆਪਾਂ ਸਾਰੇ ਜਾਣਦੇ ਹਾਂ। ਮੇਰੀ ਸਮਝ ਮੁਤਾਬਿਕ ਝੱਖੜ ਦਾ ਆਉਣਾ, ਛੋਟੇ ਵੱਡੇ ਦਰੱਖ਼ਤਾਂ ਦਾ ਜੜ੍ਹ ਤੋਂ ਪੁੱਟ ਹੋ ਜਾਣਾ, ਘਰਾਂ ਦੇ ਘਰ ਬਰਬਾਦ ਹੋਣਾ, ਹੋਰ ਬਹੁਤ ਕੁੱਝ ਹੋਣਾ, ਇਹ ਸਭ ਦੇ ਪਿੱਛੇ ਵੱਡੇ-ਵੱਡੇ ਮੁਹਰਿਆਂ ਦਾ ਹੱਥ ਸੀ। ਜੋ ਵੱਡਾ ਦਰੱਖ਼ਤ ਡਿੱਗਿਆ, ਉਹ ਵੀ ਇੱਕ ਮੋਹਰਾ ਸੀ ਤੇ ਉਸਨੂੰ ਡੇਗਣ ਵਾਲੇ ਵੀ ਮੋਹਰੇ ਸੀ। ਉਸਦੇ ਡਿੱਗਣ 'ਤੇ ਕਿੰਨੇ ਛੋਟੇ-ਮੋਟੇ ਬੂਟੇ ਤੇ ਝਾੜੀਆਂ ਨੇ ਸੰਤਾਪ ਭੋਗਿਆ ਤੇ ਇਸ ਸੰਤਾਪ ਦਾ ਸੇਕ ਹੋਰ ਕਿੰਨੀ ਦੇਰ ਤੱਕ ਕਾਇਮ ਰਹੇਗਾ, ਕਹਿਣਾ ਬੜਾ ਮੁਸ਼ਕਿਲ ਹੈ। ਵੱਡਾ ਦੁੱਖ ਤਾਂ ਇਹ ਹੈ, ਕਰਨ ਵਾਲੇ ਹੋਰ, ਕਰਵਾਉਣ ਵਾਲੇ ਹੋਰ ਤੇ ਸੰਤਾਪ ਭੋਗਣ ਵਾਲੇ ਕੋਈ ਹੋਰ। ਦੱਸੋ ਆਮ ਲੋਕ ਕੀ ਕਰਨ। ਵੱਡੀਆਂ ਚਾਲਾਂ ਨੂੰ ਸਮਝਣ ਦੀ ਬਜਾਏ, ਉਹ ਖ਼ੁਦ ਮੋਹਰੇ ਬਣ ਜਾਂਦੇ ਨੇ।"

ਕੁੱਝ ਚਿਰ ਚੁੱਪ ਰਹਿਣ ਤੋਂ ਬਾਅਦ ਪੰਕਜ ਫਿਰ ਬੋਲਿਆ, "ਕਈ ਵਾਰ ਖ਼ੁਦ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਮੋਹਰਾ ਬਣ ਚੁੱਕਾ ਹੈ। ਆਪਾਂ ਵੀ ਮੋਹਰੇ ਬਣ ਸਕਦੇ ਹਾਂ। ਸਾਨੂੰ ਵੀ ਵਰਤਿਆ ਜਾ ਸਕਦਾ ਹੈ। ਵੇਖੋ, ਹੁਣ ਇਸ

ਡੱਬੇ ਵਿੱਚ ਬੈਠੇ, ਕਿੰਨੇ ਆਰਾਮ ਨਾਲ ਇੱਕ-ਦੂਜੇ ਨਾਲ ਗੱਲਾਂ ਕਰ ਰਹੇ ਹਾਂ। ਹਮਦਰਦੀ ਜ਼ਾਹਰ ਕਰ ਰਹੇ ਹਾਂ। ਕਿਸੇ ਪ੍ਰਤੀ ਕੋਈ ਮਾੜੀ ਭਾਵਨਾ ਨਹੀਂ ਪਰ ਕਿਸੇ ਇੱਕ ਜਨੂੰਨੀ ਸ਼ੈਤਾਨ ਦੁਆਰਾ, ਧਰਮ ਜਾਂ ਜਾਤ ਦੇ ਨਾਮ ਤੇ ਛੱਡੀ ਇੱਕ ਛੋਟੀ ਜਿਹੀ ਛੁਰਲੀ, ਛੋਟੀ ਜਿਹੀ ਚੰਗਿਆੜੀ, ਪਲਾਂ ਵਿੱਚ ਭਾਂਬੜ ਬਣ ਕੇ ਸਭ ਕੁੱਝ ਫੂਕ ਸਕਦੀ ਹੈ। ਪੰਕਜ ਨੇ ਆਪਣੇ ਹੱਥ ਫੈਲਾਏ ਤੇ ਕਿਹਾ, ਸ਼ਾਇਦ ਆਪਣੇ ਵਿੱਚੋਂ ਕਿਸੇ ਦੇ ਆਹੀ ਹੱਥ, ਦੂਸਰੇ ਦੀ ਜਾਨ ਲੈਣ ਤੱਕ ਚਲੇ ਜਾਣ। ਇਹ ਹੈ ਜਨੂੰਨ ਦਾ ਅਸਰ। ਇਹ ਹੈ ਜਨੂੰਨ ਦੀ ਸ਼ੈਤਾਨੀ ਤਾਕਤ।"

ਪੰਕਜ ਦੀਆਂ ਗੱਲਾਂ ਸੁਣ ਹਿਮਾਚਲੀ ਚਾਂਦ ਇਕਦਮ ਬੋਲ ਪਿਆ, "ਬਿਲਕੁਲ ਸਹੀ ਕਹਾ ਪੰਕਜ ਜੀ, ਬਿਲਕੁਲ ਸਹੀ ਕਹਾ। ਮੈਂ ਵੀ ਸੰਤਾਪ ਭੋਗਿਆ। ਉਨ ਦਿਨੋ, ਮੈਂ ਜਲੰਧਰ ਇੱਕ ਫਰਮ 'ਚ ਨੌਕਰੀ ਕਰਦਾ ਸੀ। ਕੰਮ ਦੇ ਸਬੰਧ 'ਚ ਲੁਧਿਆਣਾ ਤਥਾ ਹੋਰ ਕਈ ਜਗ੍ਹਾ ਆਨਾ-ਜਾਨਾ ਰਹਿੰਦਾ ਸੀ। ਅਸੀਂ ਖੁੱਲ੍ਹੇ ਆਂਦੇ ਜਾਂਦੇ ਸੀ। ਪੰਜਾਬ ਹਮਾਰੀ ਰੋਜ਼ੀ-ਰੋਟੀ ਸੀ। ਹਮਾਰੀ ਜੀਵਿਕਾ ਸੀ। ਹਮੇ ਕੋਈ ਡਰ ਭੈਅ ਨਹੀਂ ਥਾ। ਫਿਰ ਅਚਾਨਕ ਇੱਕ ਐਸਾ ਬੱਸ ਕਾਂਡ ਹੁਆ ਕਿ ਮੈਂ ਬਹੁਤ ਡਰ ਗਿਆ। ਉਸ ਤੋਂ ਬਾਅਦ ਸਭ ਕੁੱਝ ਬਹੁਤ ਡਰਾਵਨਾ ਲਗਨੇ ਲਗਾ। ਇਤਨਾ ਡਰ ਲਗਨੇ ਲਗਾ ਕਿ ਥੋੜ੍ਹੇ ਦਿਨ ਬਾਅਦ ਮੈਨੇ ਜਲੰਧਰ ਵਾਲਾ ਨੌਕਰੀ ਹੀ ਛੋੜ ਦੀਆ। ਕੈਸੇ ਦਿਨ ਆ ਗਏ ਥੇ। ਰਾਮ....ਰਾਮ....ਰਾਮ।"

ਭਾਰਦਵਾਜ਼ ਜੋ ਅਜੇ ਤੱਕ ਚੁੱਪ ਬੈਠਾ ਸੁਣ ਰਿਹਾ ਸੀ, ਉਹ ਵੀ ਬੋਲ ਪਿਆ, "ਯਾਰ ਅਸਲ ਮਸਲਾ ਸੱਤਾ ਦਾ ਹੈ। ਆਪਣੀ ਸੱਤਾ ਨੂੰ ਕਾਇਮ ਰੱਖਣ ਦਾ ਹੈ। ਸੱਤਾ ਨੂੰ ਖ਼ਤਰਾ ਹੋਇਆ ਤਾਂ ਸੱਤਾ ਦੇ ਗਲਿਆਰਿਆਂ 'ਚ ਬੈਠੇ ਕੁੱਝ ਚਲਾਕ ਤੇ ਸ਼ੈਤਾਨ ਲੋਕ, ਕੋਈ ਨਾ ਕੋਈ ਸ਼ਾਤਰ ਚਾਲ ਚਲਦੇ ਹਨ। ਕੋਈ ਮਸਲਾ ਫੜ ਲੈਂਦੇ ਹਨ ਜਾਂ ਮਸਲਾ ਖੜ੍ਹਾ ਕਰ ਦਿੰਦੇ ਹਨ। ਜੋ ਵੀ ਹੋਵੇ, ਉਸਨੂੰ ਕਿਸੇ ਨਾ ਕਿਸੇ ਢੰਗ ਨਾਲ ਧਰਮ ਜਾਂ ਜਾਤ ਦੀ ਚਾਸ਼ਨੀ ਲਗਾ ਕੇ, ਹਿੰਦੂ, ਸਿੱਖ, ਮੁਸਲਮਾਨ, ਕਿਸੇ ਦੇ ਗਲ ਜਾਂ ਝੋਲੀ 'ਚ ਪਾ ਦਿੰਦੇ ਨੇ। ਬੱਸ, ਲੋਕ ਲੜਨ ਮਰਨ ਲਈ ਤਿਆਰ। ਇਹ ਸ਼ੈਤਾਨ ਆਪ ਸਾਫ਼ ਨਿਕਲ ਜਾਂਦੇ ਨੇ। ਲੋਕ ਇਨਕੀ ਚਾਲ ਤਾਂ ਸਮਝਦੇ ਨਹੀਂ, ਬੱਸ ਇਕਦਮ ਭਾਵੁਕ ਹੋ ਜਾਂਦੇ ਨੇ। ਕੱਲ੍ਹ ਤੱਕ ਇਕੱਠੇ ਰਹਿਣ ਵਾਲੇ ਇੱਕ ਦੂਜੇ ਦੇ ਵੈਰੀ ਬਣ ਜਾਂਦੇ ਨੇ। ਮਸਲਾ ਹਿੰਦੂ, ਸਿੱਖ, ਮੁਸਲਮਾਨ, ਕੋਈ ਨਾ ਕੋਈ ਜਾਤੀ ਰੂਪ ਧਾਰਨ ਕਰ ਜਾਂਦਾ ਹੈ।

ਸਭ ਲੋਕ ਮਿਲ ਕੇ ਰਹਿਣਾ ਚਾਹੁੰਦੇ ਨੇ। ਸਭ ਨੂੰ ਕੰਮ ਤੇ ਰੋਟੀ ਨਾਲ ਮਤਲਬ ਹੈ। ਲੋਕ ਆਪਸ 'ਚ ਲੜਨਾ ਨਹੀਂ ਚਾਹੁੰਦੇ ਪਰ ਸ਼ੈਤਾਨ ਤੇ ਸ਼ਾਤਰ ਲੋਕ ਕਿਸੇ ਨਾ ਕਿਸੇ ਬਹਾਨੇ ਜ਼ਹਿਰ ਘੋਲ ਆਪਣਾ ਉੱਲੂ ਸਿੱਧਾ ਕਰ ਲੈਂਦੇ ਨੇ। ਮਰਦਾ ਕੌਣ ਹੈ, ਦੇਖਣ ਨੂੰ ਕੋਈ ਸਿੱਖ ਮਰਦਾ ਹੈ, ਹਿੰਦੂ ਮਰਦਾ ਹੈ, ਮੁਸਲਮਾਨ ਮਰਦਾ ਹੈ ਪਰ ਸੱਚ ਵਿੱਚ ਕੌਣ ਮਰਦਾ ਹੈ, ਸੱਚ ਵਿੱਚ ਮਰਦੀ ਹੈ ਇਨਸਾਨੀਅਤ, ਸੱਚ ਵਿੱਚ ਮਰਦਾ ਹੈ ਮਨੁੱਖ।" ਭਾਰਦਵਾਜ਼ ਪੂਰਾ ਭਾਵੁਕ ਹੋ

ਗਿਆ ਸੀ।....ਗੱਡੀ ਦੌੜੀ ਜਾ ਰਹੀ ਸੀ।

ਮੈਂ ਚੁੱਪ ਬੈਠਾ ਸਭ ਦੀਆਂ ਗੱਲਾਂ ਸੁਣੀ ਜਾ ਰਿਹਾ ਸੀ। ਸੋਚਿਆ, 'ਯਾਰ ਗੱਲ ਤਾਂ ਠੀਕ ਲੱਗਦੀ ਹੈ।' ਅਚਾਨਕ ਅਸੀਂ ਆਪਣੇ ਹੀ ਲੋਕਾਂ ਨੂੰ ਆਪਣਾ ਦੁਸ਼ਮਣ ਸਮਝਣ ਲੱਗ ਜਾਂਦੇ ਹਾਂ। ਨਫ਼ਰਤ ਦੀ ਨਜ਼ਰ ਨਾਲ ਦੇਖਣ ਲੱਗਦੇ ਹਾਂ। ਸਾਡੀ ਕੋਈ ਨਿੱਜੀ ਦੁਸ਼ਮਣੀ ਵੀ ਨਹੀਂ ਹੁੰਦੀ ਪਰ ਅਸੀਂ ਇਹ ਇਸ ਲਈ ਕਰਦੇ ਹਾਂ, 'ਸਾਨੂੰ ਸਾਡੇ ਕਿਸੇ ਧਰਮ ਜਾਂ ਜਾਤੀ ਵਾਲੇ ਵਿਆਕਤੀ ਵਿਸ਼ੇਸ਼ ਨੇ ਕਿਹਾ ਹੁੰਦਾ ਹੈ।'

ਮੈਨੂੰ ਪਿਛਲੀ ਇੱਕ ਹੋਰ ਗੱਲ ਯਾਦ ਆ ਗਈ, ਜੋ ਗੱਡੀ ਦੇ ਸਭ ਤੋਂ ਪਹਿਲੇ ਸਫ਼ਰ ਦੀ ਸੀ। ਇਹ 1970 ਤੋਂ ਪਹਿਲਾਂ ਦੀ ਗੱਲ ਸੀ। ਪਹਿਲੀ ਵਾਰ ਪੰਜਾਬ ਤੋਂ ਬਾਹਰ ਨਿਕਲਿਆ ਸੀ। ਭਰਤੀ ਹੋ ਕੇ ਟਰੇਨਿੰਗ ਲਈ ਕੋਚੀਨ ਜਾ ਰਿਹਾ ਸੀ। ਲੈਰੀ ਜੀ ਉਮਰ। ਦਾੜ੍ਹੀ-ਮੁੱਛ ਵੀ ਚੰਗੀ ਤਰ੍ਹਾਂ ਨਹੀਂ ਸੀ ਆਏ। ਗੱਡੀ ਦਾ ਲੰਬਾ ਸਫ਼ਰ। ਘਰ ਪਰਿਵਾਰ ਦੀ ਯਾਦ। ਉਦਾਸ ਤੇ ਉਤਰਿਆ ਜਿਹਾ ਚਿਹਰਾ ਪਰ ਉਹ ਸਫ਼ਰ ਅੱਜ ਤੱਕ ਯਾਦ ਹੈ। ਅਸੀਂ ਚਾਰ ਪੰਜਾਬੀ ਮੁੰਡੇ ਇਕੱਠੇ ਸਫ਼ਰ ਕਰ ਰਹੇ ਸੀ। ਦੋ ਮੋਨੇ ਤੇ ਦੋ ਜੂੜੇ ਵਾਲੇ। ਜਾਣੀ ਦੋ ਹਿੰਦੂ ਤੇ ਦੋ ਸਿੱਖ। ਦਿੱਲੀ ਤੋਂ ਬਾਅਦ ਸਾਰੇ ਸਫ਼ਰ ਦੌਰਾਨ ਕੀ ਮਰਦ ਕੀ ਔਰਤਾਂ, ਸਭ ਲੋਕ ਸਾਨੂੰ ਚਾਰਾਂ ਨੂੰ ਹੀ ਸਰਦਾਰ (ਸਿੱਖ) ਸਮਝਦੇ ਸਨ। ਸਭ ਨੂੰ ਸਰਦਾਰ ਜੀ ਕਹਿ ਕੇ ਬੁਲਾਉਂਦੇ ਸਨ। ਸਰਦਾਰ ਜੀ ਕੈਸੇ ਹੋ, ਸਰਦਾਰ ਜੀ ਕਹਾਂ ਜਾ ਰਹੇ ਹੋ?

ਵੱਡੀਆਂ ਔਰਤਾਂ ਨੇ ਮਾਵਾਂ ਵਾਂਗ ਪਿਆਰ ਦਿੱਤਾ। ਜਦੋਂ ਵੀ ਕੋਈ ਫੇਰੀ ਵਾਲੇ ਨੇ ਡੱਬੇ 'ਚ ਆਉਣਾ, ਸਾਡੇ ਨਾ-ਨਾ ਕਰਨ ਦੇ ਬਾਵਜੂਦ ਉਹ ਜੋ ਚੀਜ਼ ਆਪਣੇ ਲਈ ਖਰੀਦਦੇ, ਨਾਲ ਸਾਡੇ ਲਈ ਵੀ ਜ਼ਰੂਰ ਖਰੀਦਦੇ। ਸਰਦਾਰ ਜੀ ਇਹ ਖਾਓ, ਸਰਦਾਰ ਜੀ ਇਹ ਪੀਓ। ਕਈ ਫਲ ਤਾਂ ਅਸੀਂ ਪਿੰਡਾਂ 'ਚ ਕਦੀ ਖਾਧੇ ਹੀ ਨਹੀਂ ਸੀ। ਨਾਮ ਵੀ ਨਹੀਂ ਸੀ ਪਤਾ। ਅਸੀਂ ਇੱਕ-ਦੂਜੇ ਦੇ ਮੂੰਹ ਵੱਲ ਦੇਖਦੇ। ਕੌਫ਼ੀ ਦੀ ਘੁੱਟ ਭਰੀ, ਪੂਰੀ ਕੌੜੀ ਲੱਗੀ। ਇਟਲੀ, ਸਾਂਬਰ, ਡੋਸਾ ਸਾਰੀਆਂ ਚੀਜ਼ਾਂ ਸਾਡੇ ਲਈ ਨਵੀਆਂ ਸਨ। ਉਸ ਵਕਤ ਪਹਿਲਾਂ ਕਦੇ ਅਜਿਹੇ ਨਾਮ ਨਹੀਂ ਸੀ ਸੁਣੇ, ਹੁਣ ਤਾਂ ਪੰਜਾਬ 'ਚ ਇਹ ਚੀਜ਼ਾਂ ਵੀ ਆਮ ਹਨ। ਉਹ ਸਾਡਾ ਕਿੰਨਾ ਖ਼ਿਆਲ ਰੱਖ ਰਹੇ ਸਨ। ਕੀ ਰਿਸ਼ਤਾ ਸੀ ਸਾਡਾ ਉਨ੍ਹਾਂ ਨਾਲ? ਉਸ ਉਮਰ ਵਿੱਚ ਮੈਨੂੰ ਬਹੁਤੀ ਸਮਝ ਨਹੀਂ ਸੀ। ਜਦ ਉਹ ਆਪਸ ਵਿੱਚ ਗੱਲਾਂ ਕਰਦੇ, ਸਾਡੇ ਕਿਸੇ ਦੇ ਵੀ ਕੁੱਝ ਪੱਲੇ ਨਾ ਪੈਂਦਾ। ਪਗੜੀ ਤੇ ਸਰਦਾਰ ਦੋ ਸ਼ਬਦ ਹੀ ਸਮਝ ਪੈਂਦੇ। ਮੈਨੂੰ ਬਾਅਦ ਵਿੱਚ ਪਤਾ ਲੱਗਾ ਕਿ ਉਨ੍ਹਾਂ ਦਿਨਾਂ ਵਿੱਚ ਪੰਜਾਬ ਤੋਂ ਬਾਹਰ ਲੋਕਾਂ ਦੇ ਮਨਾਂ ਵਿੱਚ ਸਰਦਾਰ ਦੀ ਬਹੁਤ ਇੱਜ਼ਤ ਹੁੰਦੀ ਸੀ ਤੇ ਹਰ ਪੰਜਾਬੀ ਬੋਲਣ ਵਾਲੇ ਨੂੰ ਉਹ ਸਰਦਾਰ ਸਮਝਦੇ ਸੀ।

ਯਾਦਾਂ ਦੇ ਘੇਰੇ 'ਚੋਂ ਬਾਹਰ ਆਇਆ ਤਾਂ ਦੀਪਕ ਫਿਰ ਉੱਚੀ ਆਵਾਜ਼

’ਚ ਇਸ਼ਾਰਾ ਕਰ-ਕਰ ਬੋਲ ਰਿਹਾ ਸੀ, “ਐਨਾ ਕੁੱਝ ਵਾਪਰ ਗਿਆ, ਦੱਸੋ ਇਸ ‘ਚ ਮੇਰਾ ਕੀ ਕਸੂਰ? ਸਰਬੀ ਦਾ ਕੀ ਕਸੂਰ? ਆਹ ਪ੍ਰੀਤ ਦਾ ਕੀ ਕਸੂਰ? ਸਭ ਕਾਸੇ ਦਾ ਦੋਸ਼ੀ ਕੌਣ?”

“ਕੀ ਮੈਂ, ਕੀ ਸਰਬੀ, ਕੀ ਪ੍ਰੀਤ, ਕੀ ਤੂੰ, ਕੀ ਤੂੰ, ਕੀ ਤੂੰ? ਨਹੀਂ, ਆਪਣੇ ’ਚੋਂ ਕੋਈ ਨਹੀਂ। ਇਹ ਉਂਗਲ ਕਿਤੋਂ ਹੋਰ ਹੀ ਹਿਲਦੀ ਹੈ। ਆਮ ਲੋਕਾਂ ਦੇ ਜਜ਼ਬਾਤਾਂ ਨੂੰ ਕਿਵੇਂ, ਕਿੱਥੇ ਤੇ ਕਦੋਂ ਲਾਂਬੂ ਲਾਉਣਾ ਹੈ, ਇਹ ਸ਼ੈਤਾਨ ਲੋਕਾਂ ਦੀਆਂ ਚਾਲਾਂ ਨੇ। ਭੋਲੇ ਲੋਕ ਅਸਾਨੀ ਨਾਲ ਮੋਹਰੇ ਬਣ ਜਾਂਦੇ ਹਨ। ਆਹ ਕੁੱਝ ਸੀਟਾਂ ਦੂਰ ਬੈਠੇ ਭਈਏ, ਜਿਨ੍ਹਾਂ ਦਾ ਪ੍ਰੀਤ ਨਾਲ ਕੋਈ ਲੈਣਾ-ਦੇਣਾ ਨਹੀਂ, ਇਹ ਵੀ ਮੋਹਰੇ ਹੀ ਨੇ।”

ਮੈਂ ਵੇਖਿਆ ਕਈ ਸਾਲ ਪਹਿਲਾਂ ਲੱਗੇ ਜ਼ਖ਼ਮ, ਅਜੇ ਵੀ ਅੱਲੇ ਸਨ। ਦੀਪਕ ਦੀ ਜ਼ਖ਼ਮੀ ਰੂਹ ਕੁੱਝ ਕਹਿਣਾ ਚਾਹੁੰਦੀ ਸੀ, ਫੁੱਟ-ਫੁੱਟ ਕੇ ਰੋਣਾ ਚਾਹੁੰਦੀ ਸੀ। ਉਸਦੇ ਜ਼ਖ਼ਮਾਂ ਸਾਹਮਣੇ, ਮੈਨੂੰ ਆਪਣੇ ਜ਼ਖ਼ਮ ਤਾਂ ਝਰੀਟਾਂ ਹੀ ਲੱਗਣ ਲੱਗ ਪਏ ਤੇ ਮੈਂ ਦੀਪਕ ਨੂੰ ਬਾਹਾਂ ’ਚ ਘੁੱਟ ਲਿਆ। ਗੱਡੀ ਦੌੜੀ ਜਾ ਰਹੀ ਸੀ।

✪✪✪